ਕੈਨੇਡੀਅਨ
# ਪੰਜਾਬੀ ਪੋਸਟ

Award winning news paper | Canadian Punjabi Post

To view our online newspaper visit punjabipost.ca/epaper | Vol 21* Issue 226 | Friday, November 25, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ



JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6


## ਅੰਦਰ ਇਹ ਵੀ ਪੜ੍ਹੋ



ਕੈਨੇਡਾ ਇੰਡੀਆ ਏਅਰ ਟਰਾਂਸਪੋਰਟ ਅਗਰੀਮੈਂਟ ਤੋਂ ਪੰਜਾਬ ਨੂੰ ਬਾਹਰ ਰੱਖੇ ਜਾਣ ਉੱਤੇ ਡਬਲਿਊਐਸਓ ਨੇ ਪ੍ਰਗਟਾਇਆ ਇਤਰਾਜ਼



ਪੰਨਾ 02

ਜਿੰਦਾ ਹੋਣ ਵਾਸਤੇ ਸੰਘਰਸ਼ ਕਰਦੇ 'ਮੁਰਦੇ' ਵੀ ਮਰ ਜਾਂਦੇ ਨੇ ਭਾਰਤ ਮਾਂ ਦੇ ਦੇਸ਼ ਵਿੱਚ

ਜਤਿੰਦਰ ਪਨੂੰ ਦੀ ਕਲਮ ਤੋਂ



ਪੰਨਾ 06


## ਬਰੈਂਪਟਨ ਵਿੱਚ ਪਟਾਕਿਆਂ ਉੱਤੇ ਪਾਬੰਦੀ ਲਾਉਣ ਲਈ ਮਤਾ ਸਰਬਸੰਮਤੀ ਨਾਲ ਪਾਸ

ਬਰੈਂਪਟਨ, 24 ਨਵੰਬਰ (ਪੋਸਟ ਬਿਊਰੋ) : ਸਿਟੀ ਆਫ ਬਰੈਂਪਟਨ ਵੱਲੋਂ ਪਟਾਕੇ ਚਲਾਉਣ ਉੱਤੇ ਪਾਬੰਦੀ ਲਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ। ਕਮੇਟੀ ਦੀ ਮੀਟਿੰਗ ਵਿੱਚ ਇਸ ਸਬੰਧ ਵਿੱਚ ਸਰਬਸੰਮਤੀ ਨਾਲ ਮਤਾ ਪਾਸ ਹੋਣ ਤੋਂ ਬਾਅਦ ਇਹ ਪਾਬੰਦੀ ਲਾ ਦਿੱਤੀ ਜਾਵੇਗੀ।

ਕਾਊਂਸਲਰ ਡੈਨਿਸ ਕੀਨਨ ਵੱਲੋਂ ਇਹ ਮਤਾ ਲਿਆਂਦਾ ਗਿਆ ਤੇ ਇਸ ਦੀ ਤਾਈਦ ਗੁਰਪ੍ਰਤਾਪ ਸਿੰਘ ਤੂਰ ਵੱਲੋਂ ਕੀਤੀ ਗਈ। ਇਸ ਮਤੇ ਵਿੱਚ ਬਰੈਂਪਟਨ ਵਿੱਚ ਪਟਾਕਿਆਂ ਦੀ ਵਰਤੋਂ ਤੇ ਇਨ੍ਹਾਂ ਦੀ ਵਿੱਕਰੀ ਉੱਤੇ ਪਾਬੰਦੀ ਲਾਏ ਜਾਣ ਦੀ ਗੱਲ ਕੀਤੀ ਗਈ ਹੈ। ਸਿਟੀ ਕਾਊਂਸਲ ਵੱਲੋਂ 28 ਨਵੰਬਰ ਨੂੰ ਇਸ ਫੈਸਲੇ ਉੱਤੇ ਮੋਹਰ ਲਾਈ ਜਾਵੇਗੀ। ਇਸ ਸੋਧੇ ਹੋਏ ਕਾਨੂੰਨ



ਤਹਿਤ ਬਰੈਂਪਟਨ ਵਿੱਚ ਪਟਾਕੇ ਚਲਾਉਣ ਵਾਲਿਆਂ ਨੂੰ 500 ਡਾਲਰ ਤੱਕ ਦਾ ਜੁਰਮਾਨਾ ਲਾਇਆ ਜਾਵੇਗਾ ਤੇ ਪਟਾਕੇ ਵੇਚਣ ਤੇ ਵੇਚਣ ਦੀ ਪੇਸ਼ਕਸ਼ ਕਰਨ ਲਈ ਜੁਰਮਾਨਾ ਵਧਾ ਕੇ 1000 ਡਾਲਰ ਕਰ ਦਿੱਤਾ ਜਾਵੇਗਾ। ...ਬਾਕੀ ਪੰਨਾ 2 'ਤੇ

## ਅਰਥਚਾਰੇ ਨੂੰ ਖ਼ਤਰਾ ਦੇਸ਼ ਦੀ ਸਕਿਊਰਿਟੀ ਲਈ ਹੈ ਖਤਰਾ : ਕ੍ਰਿਸਟੀਆ ਫਰੀਲੈਂਡ

ਓਟਵਾ, 24 ਨਵੰਬਰ (ਪੋਸਟ ਬਿਊਰੋ) : ਫਰੀਡਮ ਕੌਨਵੌਏ ਦੇ ਮੁਜ਼ਾਹਰਿਆਂ ਨੂੰ ਖ਼ਤਮ ਕਰਨ ਲਈ ਫੈਡਰਲ ਸਰਕਾਰ ਵੱਲੋਂ ਲਾਗੂ ਕੀਤੇ ਗਏ ਐਮਰਜੰਸੀ ਐਕਟ ਦੇ ਮਾਮਲੇ ਦੀ ਚੱਲ ਰਹੀ ਜਾਂਚ ਦੌਰਾਨ ਵੀਰਵਾਰ ਨੂੰ ਗਵਾਹੀ ਦੇਣ ਪਹੁੰਚੀ ਡਿਪਟੀ ਪ੍ਰਧਾਨ ਮੰਤਰੀ ਤੇ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਨੇ ਆਖਿਆ ਕਿ ਕੈਨੇਡਾ ਦੀ ਆਰਥਿਕ ਤੇ ਨੈਸ਼ਨਲ ਸਕਿਊਰਿਟੀ ਦਰਮਿਆਨ ਸਿੱਧਾ ਸਬੰਧ ਹੈ। ਉਨ੍ਹਾਂ ਵੱਸੋਂ ਬਾਹਰ ਹੋ ਚੁੱਕੇ ਹਾਲਾਤ ਨੂੰ ਕਾਬੂ ਕਰਨ ਲਈ ਐਮਰਜੰਸੀ ਐਕਟ ਲਾਉਣ ਦੇ ਫੈਸਲੇ ਨੂੰ ਵੀ ਸਹੀ ਠਹਿਰਾਇਆ।

ਜ਼ਿਕਰਯੋਗ ਹੈ ਕਿ ਓਟਵਾ ਤੇ ਅਮਰੀਕਾ ਨਾਲ ਕਈ ਥਾਂਵਾਂ ਉੱਤੇ ਲੱਗਦੀ ਕੈਨੇਡਾ ਦੀ ਸਰਹੱਦ ਤੋਂ ਮੁਜ਼ਾਹਰਾਕਾਰੀਆਂ ਨੂੰ ਮੋੜਨ ਲਈ ਫਰਵਰੀ ਵਿੱਚ ਫੈਡਰਲ ਸਰਕਾਰ ਵੱਲੋਂ ਐਮਰਜੰਸੀ ਐਕਟ ਲਾਗੂ ਕੀਤਾ ਗਿਆ ਸੀ। ਹੁਣ ਪਬਲਿਕ ਆਰਡਰ



ਐਮਰਜੰਸੀ ਕਮਿਸ਼ਨ ਵੱਲੋਂ ਇਸ ਮਾਮਲੇ ਦੀ ਜਾਂਚ ਚੱਲ ਰਹੀ ਹੈ ਕਿ ਕੀ ਇਹ ਐਕਟ ਲਾਗੂ ਕੀਤਾ ਜਾਣਾ ਸਹੀ ਸੀ ਜਾਂ ਨਹੀਂ। ਇਸ ਮਾਮਲੇ ਵਿੱਚ ਕਈ ਕੈਬਨਿਟ ਮੰਤਰੀ ਕਮਿਸ਼ਨ ਸਾਹਮਣੇ ਪੇਸ਼ ਹੋ ਕੇ ਗਵਾਹੀ ਦੇ ਚੁੱਕੇ ਹਨ।

ਹਾਲਾਂਕਿ ਫਰੀਲੈਂਡ ਇਸ ਗੱਲ ਉੱਤੇ ਕਾਇਮ ਰਹੀ ਕਿ ਲਿਬਰਲ ਸਰਕਾਰ ਵੱਲੋਂ ਐਮਰਜੰਸੀ ਐਕਟ ਲਾਗੂ ਕਰਨ ਲਈ ਲਿਆ ਗਿਆ ਫੈਸਲਾ ਵਾਜਿਬ ਸੀ ਪਰ ਉਨ੍ਹਾਂ ਇਸ ਗੱਲ ਦਾ ਤਫਸੀਲ ਵਿੱਚ ਵੇਰਵਾ ਦੇਣ ਤੋਂ ਇਨਕਾਰ ਕੀਤਾ ਕਿ ਸਰਕਾਰ ਵੱਲੋਂ ਲਿਆ ਗਿਆ ਇਹ ਫੈਸਲਾ ਮੁਜ਼ਾਹਰਾਕਾਰੀਆਂ ਵੱਲੋਂ ਪਹੁੰਚਾਏ ਜਾ ਰਹੇ ਆਰਥਿਕ ਨੁਕਸਾਨ ਕਾਰਨ ਲਿਆ ਗਿਆ ਤੇ ਜੇ ਹਾਂ ਤਾਂ ਕੀ ਇਹ ਕਾਨੂੰਨ ਦੇ ਦਾਇਰੇ ਵਿੱਚ ਸੀ?

ਫਰੀਲੈਂਡ ਨੇ ਇਸ ਉੱਤੇ ਆਖਿਆ ਕਿ ਉਹ ਕੋਈ ਵਕੀਲ ਨਹੀਂ ਹੈ। ਉਨ੍ਹਾਂ ਆਖਿਆ ਕਿ ਉਨ੍ਹਾਂ ਵੱਲੋਂ ਉਨ੍ਹਾਂ ਅਧਿਕਾਰੀਆਂ ਦੇ ਫੈਸਲੇ ਉੱਤੇ ਯਕੀਨ ਕੀਤਾ ਗਿਆ ਜਿਨ੍ਹਾਂ ਵੱਲੋਂ ਅਜਿਹਾ ਕਰਨ ਦੀ ਰਾਇ ਦਿੱਤੀ ਗਈ ਤੇ ਕਾਨੂੰਨੀ ਮਾਹਿਰਾਂ ਦੀ ਸਲਾਹ ਉੱਤੇ ਹੀ ਫੈਡਰਲ ਸਰਕਾਰ ਵੱਲੋਂ ਇਹ ਫੈਸਲਾ ਲਿਆ ਗਿਆ। ਇੱਥੇ ਦੱਸਣਾ ਬਣਦਾ ਹੈ ਕਿ ਕਮਿਸ਼ਨ ਜਨਤਕ ਸੁਣਵਾਈ ਦੇ ਆਖਰੀ ਦਿਨਾਂ ਵਿੱਚ ਪਹੁੰਚ ਗਿਆ ਹੈ ਤੇ ਇਸ ਮਾਮਲੇ ਦਾ ਵਿਸ਼ਲੇਸ਼ਣ ਇਸ ਦੀ ਗੁਆਚੀ ਹੋਈ ਕੜੀ ਹੈ। 1988 ਵਿੱਚ ਕਾਨੂੰਨ ਬਣਨ ਤੋਂ ਬਾਅਦ ਐਮਰਜੰਸੀ ਐਕਟ ਨੂੰ ਇਸ ਵਾਰੀ ਪਹਿਲੀ ਵਾਰੀ ਲਾਗੂ ਕੀਤਾ ਗਿਆ।

## ਐਮਰਜੰਸੀ ਐਕਟ ਬਾਰੇ ਚੱਲ ਰਹੀ ਜਾਂਚ ਵਿੱਚ ਅਗਲੀ ਗਵਾਹੀ ਦੇਵੇਗੀ ਫਰੀਲੈਂਡ

ਓਟਵਾ, 24 ਨਵੰਬਰ (ਪੋਸਟ ਬਿਊਰੋ) : ਪਿਛਲੇ ਸਿਆਲਾਂ ਵਿੱਚ ਕਈ ਹਫਤਿਆਂ ਤੱਕ ਕੀਤੇ ਮੁਜ਼ਾਹਰਿਆਂ ਨੂੰ ਖ਼ਤਮ ਕਰਨ ਲਈ ਫੈਡਰਲ ਸਰਕਾਰ ਵੱਲੋਂ ਲਾਗੂ ਕੀਤੇ ਗਏ ਐਮਰਜੰਸੀ ਐਕਟ ਬਾਰੇ ਚੱਲ ਰਹੀ ਜਾਂਚ ਵਿੱਚ ਅਗਲੀ ਗਵਾਹੀ ਡਿਪਟੀ ਪ੍ਰਧਾਨ ਮੰਤਰੀ ਕ੍ਰਿਸਟੀਆ ਫਰੀਲੈਂਡ ਦੇਣਗੇ।

ਫਰੀਲੈਂਡ, ਜੋ ਕਿ ਵਿੱਤ ਮੰਤਰੀ ਵੀ ਹਨ, ਨੇ ਹੀ ਫਰੀਡਮ ਕੌਨਵੌਏ ਵਿੱਚ ਹਿੱਸਾ ਲੈਣ ਵਾਲਿਆਂ ਦੇ ਖਾਤੇ ਫਰੀਜ਼ ਕਰਨ ਲਈ ਬੈਂਕਾਂ ਤੇ ਹੋਰਨਾਂ ਵਿੱਤੀ ਅਦਾਰਿਆਂ ਨੂੰ ਐਮਰਜੰਸੀ ਇਕਨੌਮਿਕ ਸ਼ਕਤੀਆਂ ਦਿੱਤੀਆਂ ਸਨ। ਪਬਲਿਕ ਆਰਡਰ ਐਮਰਜੰਸੀ ਕਮਿਸ਼ਨ ਵੱਲੋਂ ਉਨ੍ਹਾਂ ਈਵੈਂਟਸ ਦਾ ਮੁਲਾਂਕਣ ਕੀਤਾ ਜਾ ਰਿਹਾ ਹੈ ਜਿਨ੍ਹਾਂ ਕਾਰਨ ਫੈਡਰਲ ਸਰਕਾਰ ਨੂੰ 14 ਫਰਵਰੀ ਨੂੰ ਐਮਰਜੰਸੀ ਐਕਟ ਲਾਗੂ ਕਰਨਾ ਪਿਆ। ਜ਼ਿਕਰਯੋਗ ਹੈ ਕਿ ਇਸ ਫਰੀਡਮ ਕੌਨਵੌਏ ਵੱਲੋਂ ਲਾਏ ਗਏ ਜਾਮ ਕਾਰਨ ਓਟਵਾ ਵਿੱਚ ਕੰਮਕਾਜ ਉੱਤੇ ਕਾਫੀ ਅਸਰ ਪਿਆ ਸੀ ਤੇ ਕੈਨੇਡਾ-ਅਮਰੀਕਾ ਕਾਰੋਬਾਰ ਕਈ ਬਾਰਡਰ ਲਾਂਘਿਆਂ ਉੱਤੇ ਠੱਪ ਹੋ ਗਿਆ ਸੀ।

ਇਸ ਹਫਤੇ ਗਵਾਹੀ ਦੇਣ ਵਾਲੇ ਕੈਬਨਿਟ ਮੰਤਰੀਆਂ ਵਿੱਚੋਂ ਫਰੀਲੈਂਡ ਸੱਤਵੀਂ ਕੈਬਨਿਟ ਮੰਤਰੀ ਹੈ। ਸ਼ੁੱਕਰਵਾਰ ਨੂੰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਇਸ ਮਾਮਲੇ ਵਿੱਚ ਗਵਾਹੀ ਦੇਣਗੇ।

## ਟੋਰਾਂਟੋ ਦੇ ਐਨਡੀਪੀ ਐਮਪੀਪੀਜ਼ ਵੱਲੋਂ ਟੋਰੀ ਨੂੰ ਵਧੀਕ ਸ਼ਕਤੀਆਂ ਵਾਲਾ ਬਿੱਲ ਵਾਪਿਸ ਲੈਣ ਲਈ ਕੀਤੀ ਗਈ ਬੇਨਤੀ

ਟੋਰਾਂਟੋ, 24 ਨਵੰਬਰ (ਪੋਸਟ ਬਿਊਰੋ) : ਓਨਟਾਰੀਓ ਐਨਡੀਪੀ ਦੇ ਟੋਰਾਂਟੋ ਦੇ ਮੈਂਬਰਾਂ ਵੱਲੋਂ ਮੇਅਰ ਜੌਹਨ ਟੋਰੀ ਨੂੰ ਇਹ ਬੇਨਤੀ ਕੀਤੀ ਗਈ ਹੈ ਕਿ ਜਿਸ ਬਿੱਲ ਰਾਹੀਂ ਉਨ੍ਹਾਂ ਨੂੰ ਵਧੇਰੇ ਸ਼ਕਤੀਆਂ ਦਿੱਤੀਆਂ ਜਾਣੀਆਂ ਹਨ ਉਸ ਨੂੰ ਵਾਪਿਸ ਲੈ ਲਿਆ ਜਾਵੇ।

ਬੁੱਧਵਾਰ ਰਾਤ ਨੂੰ ਮੇਅਰ ਨੂੰ ਭੇਜੇ ਪੱਤਰ ਵਿੱਚ ਟੋਰਾਂਟੋ ਏਰੀਆ ਦੇ ਐਮਪੀਪੀਜ਼ ਨੇ ਆਖਿਆ ਕਿ ਉਨ੍ਹਾਂ ਨੂੰ ਇਸ ਗੱਲ ਤੋਂ ਬਹੁਤ ਨਮੋਸ਼ੀ ਹੈ ਕਿ ਟੋਰੀ ਨੇ ਪ੍ਰੀਮੀਅਰ ਡੱਗ ਫੋਰਡ ਨਾਲ ਇਹ ਬਿੱਲ ਪਾਸ ਕਰਵਾਉਣ ਲਈ ਡੀਲ ਕੀਤੀ ਹੈ। ਜੇ ਇਹ ਬਿੱਲ ਪਾਸ ਹੋ ਜਾਂਦਾ ਹੈ ਤਾਂ ਮੇਅਰ ਟੋਰੀ ਕਾਊਂਸਲ ਮੈਂਬਰਾਂ ਦੇ ਇੱਕ ਤਿਹਾਈ ਸਮਰਥਨ ਨਾਲ ਅਹਿਮ ਫੈਸਲੇ ਲੈ ਸਕਣਗੇ। ਇਸ ਪੱਤਰ ਵਿੱਚ ਇਹ



ਵੀ ਆਖਿਆ ਗਿਆ ਕਿ ਬਿੱਲ 39 ਦੇ ਪਾਸ ਹੋਣ ਨਾਲ ਜਮਹੂਰੀ ਕਦਰਾਂ ਕੀਮਤਾਂ ਦਾ ਕੋਈ ਮੁੱਲ ਨਹੀਂ ਰਹਿ ਜਾਵੇਗਾ। ਇਸ ਨਾਲ ਗੁਪਤ ਸਮਝੌਤੇ ਸਿਰੇ ਚੜ੍ਹਨਗੇ ਤੇ ਵੰਨ ਸਵੰਨੇ ਸਕੈਂਡਲ ਜਨਮ ਲੈਣਗੇ।

ਇਹ ਵੀ ਆਖਿਆ ਗਿਆ ਕਿ ਇਸ ਨਾਲ ਮਿਊਂਸਪਲ ਚੋਣਾਂ ਦੀ ਅਖੰਡਤਾ ਵੀ ਖੱਡ ਵਿੱਚ ਪੈ ਜਾਵੇਗੀ ਤੇ ਟੋਰਾਂਟੋ ਦੇ ਲੋਕਾਂ ਦੇ ਜਮਹੂਰੀ ਅਧਿਕਾਰਾਂ ਉੱਤੇ ਵੀ ਸਰਾਸਰ ਹਮਲਾ ਹੋਵੇਗਾ। ਇਸ ਨਾਲ ਲੋਕਾਂ ਦਾ ਵਿਸ਼ਵਾਸ ਵੀ ਟੁੱਟੇਗਾ। ਇਸ ਪੱਤਰ ਉੱਤੇ ਕ੍ਰਿਸ ਗਲੋਵਰ (ਸਪੈਡੀਨਾ-ਫੋਰਟ ਯੌਰਕ), ਜੈਸਿਕਾ ਬੈੱਲ (ਯੂਨੀਵਰਸਿਟੀ-ਰੋਜ਼ਡੇਲ), ਮੈਰਿਟ ਸਟਾਈਲਜ਼ (ਡੇਵਨਪੋਰਟ), ਕ੍ਰਿਸਟਿਨ ਵੌਂਗ-ਟੈਮ (ਟੋਰਾਂਟੋ-ਸੈਂਟਰ), ਟੌਮ ਰੈਕੋਸੈਵਿਕ (ਹੰਬਰ ਰਿਵਰ-ਬਲੈਕ ਕ੍ਰੀਕ), ਡੌਲੀ ਬੇਗਮ (ਸਕਾਰਬਰੋ ਸਾਊਥਵੈਸਟ), ਪੀਟਰ ਤਾਬੁਨਜ਼ (ਟੋਰਾਂਟੋ-ਡੈਨਫੋਰਥ), ਭੁਟਿਲਾ ਕਾਰਪੋਚ (ਪਾਰਕਡੇਲ-ਹਾਈ ਪਾਰਕ), ਤੇ ਜਿੱਲ ਐਂਡਰਿਊ (ਟੋਰਾਂਟੋ-ਸੇਂਟ ਪਾਲਜ਼) ਨੇ ਦਸਤਖ਼ਤ ਕੀਤੇ।


AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL Insurance Advisor 416-724-5000

GURBIR CHAHAL
416.566.7605
gurbir.chahal@yahoo.com
ROYAL LePAGE Flower City Realty

Pure Vegetarian
MUFFIN'S INDIAN SWEETS & RESTAURANT
CALL (905)794-3007
NOW OPEN AT EMBASSY GRAND PLAZA
#6-8770 THE GORE RD, BRAMPTON, ON L6P 0B1
SPECIAL OFFER
FREE CHOLE BHATURE WHEN YOU SPEND OVER $20
TIFFEN SERVICES ARE ALSO AVAILABLE

INSURANCE
- Home
- Auto
- Business
- Trucking
- Life Insurance
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

OURR HOME & APPLIANCES
BLACK FRIDAY SALE
ਹੋਰ ਜਾਣਕਾਰੀ ਪੰਨਾ 2 'ਤੇ ਦੇਖੋ
HURRY UP
LIMITED TIME OFFER
FINANCING AVAILABLE AT 0%
100% CUSTOMER SATISFACTION

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L4T 4Y2
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

KELLEY LAW OFFICE
- Immigration
- Real Estate
- Family Law
- Business Closing
- Corporate
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Brokerage Lic. 12538
Harpreet Singh Goraya Principal Broker
831 Bovaird Dr. West, Unit 25, Brampton, ON L6X 0T9 Fax : 905-216-0392

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
416 938 4598

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

## ਕੈਨੇਡਾ ਇੰਡੀਆ ਏਅਰ ਟਰਾਂਸਪੋਰਟ ਅਗਰੀਮੈਂਟ ਤੋਂ ਪੰਜਾਬ ਨੂੰ ਬਾਹਰ ਰੱਖੇ ਜਾਣ ਉੱਤੇ ਡਬਲਿਊਐਸਓ ਨੇ ਪ੍ਰਗਟਾਇਆ ਇਤਰਾਜ਼

ਓਟਵਾ, 24 ਨਵੰਬਰ (ਪੋਸਟ ਬਿਊਰੋ) : ਪਿਛਲੇ ਹਫਤੇ ਕੈਨੇਡਾ ਇੰਡੀਆ ਏਅਰ ਟਰਾਂਸਪੋਰਟ ਅਗਰੀਮੈਂਟ ਦੇ ਪਸਾਰ ਤੋਂ ਪੰਜਾਬ ਨੂੰ ਬਾਹਰ ਰੱਖੇ ਜਾਣ ਉੱਤੇ ਵਰਲਡ ਸਿੱਖ ਆਰਗੇਨਾਈਜ਼ੇਸ਼ਨ (ਡਬਲਿਊਐਸਓ) ਵੱਲੋਂ ਸਖ਼ਤ ਇਤਰਾਜ਼ ਪ੍ਰਗਟਾਇਆ ਗਿਆ ਹੈ।



ਡਬਲਿਊਐਸਓ ਨੇ ਪਿੱਛੇ ਜਿਹੇ ਕੈਨੇਡਾ-ਇੰਡੀਆ ਏਅਰ ਟਰਾਂਸਪੋਰਟ ਸਮਝੌਤੇ ਦੇ ਪਸਾਰ ਤੋਂ ਪੰਜਾਬ ਨੂੰ ਵਾਂਝਾ ਰੱਖਣ ਦੇ ਸਬੰਧ ਵਿੱਚ ਟਰਾਂਸਪੋਰਟ ਮੰਤਰੀ ਓਮਰ ਅਲਘਬਰਾ ਨੂੰ ਪੱਤਰ ਲਿਖ ਕੇ ਨਾਰਾਜ਼ਗੀ ਪ੍ਰਗਟਾਈ ਹੈ। ਇਸ ਸਮਝੌਤੇ ਤਹਿਤ ਕੈਨੇਡਾ ਤੇ ਭਾਰਤ ਦਰਮਿਆਨ ਕੁੱਝ ਚੋਣਵੇਂ ਏਅਰਪੋਰਟਸ ਲਈ ਅਣਗਿਣਤ ਉਡਾਨਾਂ ਦਾ ਪਸਾਰ ਕੀਤਾ ਗਿਆ ਹੈ ਪਰ ਪੰਜਾਬ ਵਿੱਚ ਅੰਮ੍ਰਿਤਸਰ ਤੇ ਚੰਡੀਗੜ੍ਹ ਨੂੰ ਇਨ੍ਹਾਂ ਤੋਂ ਵਾਂਝਾ ਰੱਖਿਆ ਗਿਆ ਹੈ।

ਡਬਲਿਊਐਸਓ ਨੇ ਆਖਿਆ ਕਿ ਟਰਾਂਸਪੋਰਟ ਸਬੰਧੀ ਰਿਸ਼ਤਿਆਂ ਵਿੱਚ ਸੁਧਾਰ ਤੇ ਬਿਹਤਰੀਨ ਫਲਾਈਟ ਬਦਲ ਯਕੀਨਨ ਸਕਾਰਾਤਮਕ ਕਦਮ ਹੈ। ਪਰ ਕੈਨੇਡਾ ਦੇ ਸਿੱਖ ਇਸ ਲਈ ਨਿਰਾਸ਼ ਹਨ ਕਿ ਇਸ ਸਮਝੌਤੇ ਵਿੱਚ ਪੰਜਾਬ ਦੇ ਏਅਰਪੋਰਟਸ ਨੂੰ ਸ਼ਾਮਲ ਨਹੀਂ ਕੀਤਾ ਗਿਆ।

ਕੈਨੇਡਾ ਵਿੱਚ ਸਿੱਖ ਕਮਿਊਨਿਟੀ ਵੱਡੀ ਗਿਣਤੀ ਵਿੱਚ ਵੱਸਦੀ ਹੈ ਤੇ ਪੰਜਾਬ ਨਾਲ ਅਜੇ ਵੀ ਸੱਭ ਦੀਆਂ ਤੰਦਾਂ ਡੂੰਘੀਆਂ ਜੁੜੀਆਂ ਹੋਈਆਂ ਹਨ। ਇੱਥੇ ਰਹਿਣ ਵਾਲੇ ਕਈ ਸਿੱਖ ਕੈਨੇਡਾ ਤੇ ਅੰਮ੍ਰਿਤਸਰ ਦਰਮਿਆਨ ਸਿੱਧੀ ਫਲਾਈਟ ਦੀ ਪੈਰਵੀ ਕਰਦੇ ਰਹੇ ਹਨ। ਪਰ ਅਜੇ ਤੱਕ ਕਿਸੇ ਤਰ੍ਹਾਂ ਦੀ ਸਫਲਤਾ ਹਾਸਲ ਨਹੀਂ ਹੋਈ। ਕੈਨੇਡਾ ਤੇ ਭਾਰਤ ਦਰਮਿਆਨ ਬਹੁਗਿਣਤੀ ਟਰੈਵਲਰਜ਼, ਪੰਜਾਬ ਨਾਲ ਹੀ ਸਬੰਧਤ ਹਨ। ਕੈਨੇਡਾ ਤੇ ਪੰਜਾਬ ਦਰਮਿਆਨ ਸਿੱਧੀ ਫਲਾਈਟ ਨਾ ਹੋਣ ਕਾਰਨ ਇਨ੍ਹਾਂ ਟਰੈਵਲਰਜ਼ ਦਾ ਕਾਫੀ ਸਮਾਂ ਬਰਬਾਦ ਹੋਣ ਦੇ ਨਾਲ ਨਾਲ ਆਪਣੀ ਮੰਜ਼ਿਲ ਤੱਕ ਪਹੁੰਚਣ ਵਿੱਚ ਪੈਸਾ ਵੀ ਬਰਬਾਦ ਹੁੰਦਾ ਹੈ।

ਮਹਾਂਮਾਰੀ ਸ਼ੁਰੂ ਹੋਣ ਤੋਂ ਲੈ ਕੇ ਭਾਰਤ ਜਾਣ ਵਾਲੇ ਕੈਨੇਡੀਅਨ ਟਰੈਵਲਰਜ਼ ਨੂੰ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਜਿਵੇਂ ਕਿ ਇੰਡੀਅਨ ਈ-ਵੀਜ਼ਾ ਸਕੀਮ ਸਸਪੈਂਡ ਹੋਣਾ। ਇਹ ਸਕੀਮ ਅਮਰੀਕਾ, ਆਸਟਰੇਲੀਆ, ਫਰਾਂਸ, ਮੈਕਸਿਕੋ ਤੇ ਹੋਰਨਾਂ ਕਈ ਦੇਸ਼ਾਂ ਲਈ ਮੁੜ ਸ਼ੁਰੂ ਹੋ ਚੁੱਕੀ ਹੈ। ਨਤੀਜਤਨ ਭਾਰਤ ਦਾ ਵੀਜ਼ਾ ਹਾਸਲ ਕਰਨ ਦੀ ਉਡੀਕ ਕਰਨ ਵਾਲੇ ਕੈਨੇਡੀਅਨਜ਼ ਨੂੰ ਇਸ ਲਈ ਚਾਰ ਤੋਂ ਛੇ ਹਫਤਿਆਂ ਦੀ ਉਡੀਕ ਕਰਨੀ ਪੈਂਦੀ ਹੈ ਜਾਂ ਫਿਰ ਕਈ ਘੰਟਿਆਂ ਤੱਕ ਇੰਡੀਅਨ ਵੀਜ਼ਾ ਐਪਲੀਕੇਸ਼ਨ ਸੈਂਟਰਾਂ ਦੇ ਬਾਹਰ ਖੜ੍ਹੇ ਰਹਿਣਾ ਪੈਂਦਾ ਹੈ। ਭਾਰਤ ਦਾ ਦਸ ਸਾਲਾਂ ਲਈ ਵੀਜ਼ਾ ਜਿਹੜਾ ਹੋਰਨਾਂ ਦੇਸ਼ਾਂ ਦੇ ਨਾਗਰਿਕਾਂ ਲਈ ਸ਼ੁਰੂ ਕਰ ਦਿੱਤਾ ਗਿਆ ਹੈ ਕੈਨੇਡਾ ਵਿੱਚ ਅਜੇ ਵੀ ਸਸਪੈਂਡ ਹੀ ਹੈ।

ਇਸ ਲਈ ਭਾਵੇਂ ਕੈਨੇਡਾ ਇੰਡੀਆ ਏਅਰ ਟਰਾਂਸਪੋਰਟ ਅਗਰੀਮੈਂਟ ਨਾਲ ਕੋਲਕਾਤਾ ਤੇ ਚੇਨਈ ਦੇ ਟਰੈਵਲਰਜ਼ ਨੂੰ ਫਾਇਦਾ ਹੋਵੇਗਾ ਪਰ ਕੈਨੇਡਾ ਵਿੱਚ ਕਈ ਸਿੱਖ ਇਸ ਗੱਲ ਤੋਂ ਨਿਰਾਸ਼ ਹਨ ਕਿ ਪੰਜਾਬ ਨੂੰ ਇਸ ਤੋਂ ਬਾਹਰ ਕਿਉਂ ਰੱਖਿਆ ਗਿਆ ਹੈ। ਡਬਲਿਊਐਸਓ ਨੇ ਕੈਨੇਡਾ ਤੇ ਪੰਜਾਬ ਦਰਮਿਆਨ ਸਿੱਧੀਆਂ ਉਡਾਨਾਂ ਸ਼ੁਰੂ ਕਰਨ ਦੀ ਪੁਰਜ਼ੋਰ ਮੰਗ ਵੀ ਕੀਤੀ ਹੈ।

## ਕੰਜ਼ਰਵੇਟਿਵ ਐਮਪੀਜ਼ ਨੇ ਕੈਨੇਡਾ ਤੇ ਪੰਜਾਬ ਦਰਮਿਆਨ ਸਿੱਧੀਆਂ ਉਡਾਨਾਂ ਸ਼ੁਰੂ ਕਰਨ ਦੀ ਕੀਤੀ ਪੁਰਜ਼ੋਰ ਮੰਗ

ਓਟਵਾ, 24 ਨਵੰਬਰ (ਪੋਸਟ ਬਿਊਰੋ) : ਮਿਸ਼ਨ-ਮਤਸਿਕੀ-ਫਰੇਜ਼ਰ ਕੈਨਿਅਨ ਤੋਂ ਐਮਪੀ ਅਤੇ ਸਮਾਲ ਬਿਜ਼ਨਸ ਰਿਕਵਰੀ ਐਂਡ ਗ੍ਰੋਥ ਸਬੰਧੀ ਕੰਜ਼ਰਵੇਟਿਵ ਸ਼ੈਡੋ ਮੰਤਰੀ ਬ੍ਰੈਡ ਵਿਸ ਵੱਲੋਂ ਆਪਣੇ ਹੋਰਨਾਂ ਕੰਜ਼ਰਵੇਟਿਵ ਕੁਲੀਗਜ਼ ਨਾਲ ਰਲ ਕੇ ਏਅਰਲਾਈਨਜ਼ ਤੋਂ ਕੈਨੇਡਾ ਤੇ ਅੰਮ੍ਰਿਤਸਰ ਦਰਮਿਆਨ ਸਿੱਧੀਆਂ ਉਡਾਨਾਂ ਸ਼ੁਰੂ ਕਰਨ ਦੀ ਮੰਗ ਕੀਤੀ ਜਾ ਰਹੀ ਹੈ।

ਜ਼ਿਕਰਯੋਗ ਹੈ ਕਿ ਪਿਛਲੇ ਹਫਤੇ ਕੈਨੇਡਾ ਤੇ ਭਾਰਤ ਦੀਆਂ ਸਰਕਾਰਾਂ ਵੱਲੋਂ ਕੈਨੇਡਾ ਇੰਡੀਆ ਏਅਰ ਟਰਾਂਸਪੋਰਟ ਅਗਰੀਮੈਂਟ ਦੇ ਪਸਾਰ ਸਬੰਧੀ ਸਮਝੌਤਾ ਕੀਤਾ ਗਿਆ। ਇਸ ਸਮਝੌਤੇ ਤਹਿਤ ਏਅਰਲਾਈਨਜ਼ ਨੂੰ ਨਵੇਂ ਅਧਿਕਾਰ ਦਿੱਤੇ ਗਏ ਹਨ। ਇਨ੍ਹਾਂ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੋਇਆਂ ਏਅਰਲਾਈਨਜ਼ ਹਫਤੇ ਦੀਆਂ 35



ਉਡਾਨਾਂ ਦੀ ਪਹਿਲਾਂ ਨਿਰਧਾਰਤ ਹੱਦ ਨੂੰ ਖ਼ਤਮ ਕਰਕੇ ਦੋਵਾਂ ਦੇਸ਼ਾਂ ਦਰਮਿਆਨ ਅਣਗਿਣਤ ਉਡਾਨਾਂ ਸ਼ੁਰੂ ਕਰ ਸਕਦੀਆਂ ਹਨ।

ਐਮਪੀ ਵਿਸ ਨੇ ਆਖਿਆ ਕਿ ਕੰਜ਼ਰਵੇਟਿਵ ਐਮਪੀ ਹੋਣ ਨਾਤੇ ਇਹ ਉਨ੍ਹਾਂ ਦਾ ਮਿਸ਼ਨ ਹੈ ਕਿ ਲੋਕਾਂ ਨੂੰ ਸਸ਼ਕਤ ਕੀਤਾ ਜਾਵੇ ਤੇ ਲਾਲ ਫੀਤਾਸ਼ਾਹੀ ਖ਼ਤਮ ਕੀਤੀ ਜਾਵੇ। ਉਨ੍ਹਾਂ ਆਖਿਆ ਕਿ ਕੈਨੇਡਾ ਤੇ ਅੰਮ੍ਰਿਤਸਰ ਦਰਮਿਆਨ ਸਿੱਧੀਆਂ ਉਡਾਨਾਂ ਸ਼ੁਰੂ ਕਰਨ ਲਈ ਉਨ੍ਹਾਂ ਵੱਲੋਂ ਪੇਸ਼ ਪਟੀਸ਼ਨ ਉੱਤੇ 14,000 ਕੈਨੇਡੀਅਨਜ਼ ਵੱਲੋਂ ਦਸਤਖ਼ਤ ਕੀਤੇ ਜਾਣ ਲਈ ਉਹ ਸਭਨਾਂ ਦੇ ਸ਼ੁਕਰਗੁਜ਼ਾਰ ਹਨ।

ਉਨ੍ਹਾਂ ਇਹ ਵੀ ਆਖਿਆ ਕਿ ਹੁਣ ਇਹ ਏਅਰਲਾਈਨਜ਼ ਉੱਤੇ ਨਿਰਭਰ ਕਰਦਾ ਹੈ ਕਿ ਉਹ ਕੀ ਫੈਸਲਾ ਕਰਦੀਆਂ ਹਨ। ਇਸ ਦੌਰਾਨ ਐਮਪੀ ਵਿਸ ਤੋਂ ਇਲਾਵਾ ਕੰਜ਼ਰਵੇਟਿਵ ਡਿਪਟੀ ਲੀਡਰ ਟਿੰਮ ਉੱਪਲ, ਸ਼ੈਡੋ ਮਨਿਸਟਰ ਫੌਰ ਫਾਇਨਾਂਸ ਜਸਰਾਜ ਸਿੰਘ ਹੱਲਾਂ, ਸ਼ੈਡੋ ਮਨਿਸਟਰ ਫੌਰ ਟਰਾਂਸਪੋਰਟ ਮਾਰਕ ਸਟ੍ਰਾਹਲ ਨੇ ਏਅਰ ਕੈਨੇਡਾ ਤੇ ਏਅਰ ਇੰਡੀਆਂ ਨੂੰ ਮਾਰਕਿਟ ਦੀ ਮੰਗ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਕੈਨੇਡਾ ਤੇ ਭਾਰਤ ਦੇ ਨਾਲ ਨਾਲ ਕੈਨੇਡਾ ਤੇ ਪੰਜਾਬ ਦਰਮਿਆਨ ਸਿੱਧੀਆਂ ਉਡਾਨਾਂ ਸ਼ੁਰੂ ਕਰਨ ਦੀ ਵੀ ਮੰਗ ਕੀਤੀ ਹੈ।

## ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਸਾਈਕਲਿਸਟ ਦੀ ਹੋਈ ਮੌਤ




ਟੋਰਾਂਟੋ, 24 ਨਵੰਬਰ (ਪੋਸਟ ਬਿਊਰੋ) : ਮਿੱਡਟਾਊਨ ਟੋਰਾਂਟੋ ਵਿੱਚ ਇੱਕ ਗੱਡੀ ਦੇ ਸਾਈਕਲਿਸਟ ਨਾਲ ਟਕਰਾ ਜਾਣ ਕਾਰਨ ਉਸ ਦੀ ਮੌਤ ਹੋ ਗਈ।

ਪੁਲਿਸ ਨੇ ਦੱਸਿਆ ਕਿ ਬੁੱਧਵਾਰ ਨੂੰ 4:30 ਤੋਂ ਪਹਿਲਾਂ ਉਨ੍ਹਾਂ ਨੂੰ ਇਹ ਖਬਰ ਮਿਲੀ ਕਿ ਕਿਸੇ ਸਾਈਕਲਸਵਾਰ ਨੂੰ ਗੱਡੀ ਵੱਲੋਂ ਟੱਕਰ ਮਾਰ ਦਿੱਤੀ ਗਈ ਹੈ ਤੇ ਗੱਡੀ ਉਸ ਵਿਅਕਤੀ ਉੱਤੇ ਚੜ੍ਹ ਵੀ ਗਈ ਹੈ। ਇਹ ਰਿਪੋਰਟ ਮਿਲਦਿਆਂ ਸਾਰ ਪੁਲਿਸ ਯੰਗ ਸਟਰੀਟ ਤੇ ਸੇਂਟ ਕਲੇਅਰ ਐਵਨਿਊ ਦੇ ਇੰਟਰਸੈਕਸ਼ਨ ਉੱਤੇ ਪਹੁੰਚੀ। ਪੁਲਿਸ ਨੇ ਦੱਸਿਆ ਕਿ ਉਨ੍ਹਾਂ ਦੇ ਘਟਨਾ ਵਾਲੀ ਥਾਂ ਉੱਤੇ ਪਹੁੰਚਣ ਤੋਂ ਪਹਿਲਾਂ ਹੀ ਫਾਇਰ ਕ੍ਰਿਊ ਤੇ ਪੈਰਾਮੈਡਿਕਸ ਮੌਕੇ ਉੱਤੇ ਪਹੁੰਚ ਚੁੱਕੇ ਸਨ ਤੇ ਸਾਈਕਲਿਸਟ ਨੂੰ ਗੱਡੀ ਹੇਠੋਂ ਕੱਢਣ ਦੀ ਕੋਸ਼ਿਸ਼ ਕਰ ਰਹੇ ਸਨ। ਪਰ ਉਸ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਗੱਡੀ ਦਾ ਡਰਾਈਵਰ ਵੀ ਹਾਦਸੇ ਵਾਲੀ ਥਾਂ ਉੱਤੇ ਬਣਿਆ ਰਿਹਾ।

## ਮਾਹਿਰਾਂ ਨੇ ਦਿੱਤੀ ਚੇਤਾਵਨੀ, ਆਰਐਸਵੀ ਕਾਰਨ ਬਜ਼ੁਰਗਾਂ ਨੂੰ ਖਤਰਾ

ਓਨਟਾਰੀਓ, 24 ਨਵੰਬਰ (ਪੋਸਟ ਬਿਊਰੋ) : ਨਿੱਕੇ ਬੱਚਿਆਂ ਵਿੱਚ ਰੈਸਪੀਰੇਟਰੀ ਸਿੰਸੀਸ਼ੀਅਲ ਵਾਇਰਸ (ਆਰਐਸਵੀ) ਪਾਏ ਜਾਣ ਕਾਰਨ ਬੱਚਿਆਂ ਵਾਲੇ ਹਸਪਤਾਲ ਭਰੇ ਪਏ ਹਨ ਤੇ ਅਜਿਹੇ ਵਿੱਚ ਡਾਕਟਰਾਂ ਨੂੰ ਤੌਖਲਾ ਹੈ ਕਿ ਇਸ ਵਾਇਰਸ ਨਾਲ ਅਗਾਂਹ ਸੱਭ ਤੋਂ ਵੱਧ ਪ੍ਰਭਾਵਿਤ ਹੋਣ ਵਾਲਿਆਂ ਵਿੱਚ ਬਜ਼ੁਰਗਾਂ ਦੀ ਗਿਣਤੀ ਹੋਵੇਗੀ।

ਟੋਰਾਂਟੋ ਵਿੱਚ ਸਿਨਾਇ ਹੈਲਥ ਐਂਡ ਯੂਨੀਵਰਸਿਟੀ ਹੈਲਥ ਨੈੱਟਵਰਕ ਵਿਖੇ ਡਾਇਰੈਕਟਰ ਆਫ ਜੈਰੀਐਟ੍ਰਿਕਸ ਡਾ•ਸਮੀਰ ਸਿਨਹਾ ਨੇ ਆਖਿਆ ਕਿ ਇਸ ਸਮੇਂ ਸੱਭ ਦਾ ਧਿਆਨ ਬੱਚਿਆਂ ਦੇ ਹਸਪਤਾਲਾਂ ਉੱਤੇ ਲੱਗਿਆ ਹੋਇਆ ਹੈ। ਆਉਣ ਵਾਲੇ ਸਮੇਂ ਵਿੱਚ ਸਾਡੇ ਬਜ਼ੁਰਗਾਂ ਨਾਲ ਵੀ ਇਹ ਸੱਭ ਕੁੱਝ ਹੋ ਸਕਦਾ ਹੈ। ਇਨਫੈਕਸ਼ੀਅਸ ਡਜ਼ੀਜ਼ ਮਾਹਿਰਾਂ ਵੱਲੋਂ ਆਮ ਨਾਲੋਂ ਵੱਧ ਖਤਰਨਾਕ ਆਰਐਸਵੀ ਤੇ ਫਲੂ ਸੀਜ਼ਨ ਦੀ ਪੇਸ਼ੀਨਿਗੋਈ ਕੀਤੀ ਗਈ ਹੈ।

ਸਿਰਫ ਬੱਚੇ ਹੀ ਨਹੀਂ ਸਗੋਂ ਬਜ਼ੁਰਗ ਵੀ ਆਰਐਸਵੀ ਦੇ ਵਧੇਰੇ ਸਰਕੂਲੇਟ ਹੋਣ ਕਾਰਨ ਗੰਭੀਰ ਬਿਮਾਰੀ ਦੀ ਚਪੇਟ ਵਿੱਚ ਆ ਸਕਦੇ ਹਨ। ਡਾ•ਸਿਨਹਾ ਨੇ ਆਖਿਆ ਕਿ ਬੱਚਿਆਂ ਤੋਂ ਇਹ ਸਾਹ ਦੀ ਬਿਮਾਰੀ ਕਿਸ ਸਮੇਂ ਬਜ਼ੁਰਗਾਂ ਵਿੱਚ ਫੈਲੇਗੀ ਇਸ ਦਾ ਕਿਆਸ ਵੀ ਨਹੀਂ ਲਾਇਆ ਜਾ ਸਕੇਗਾ। ਉਨ੍ਹਾਂ ਆਖਿਆ



ਕਿ ਉਮਰ ਦੇ ਹਿਸਾਬ ਨਾਲ ਆਰਐਸਵੀ ਕਾਰਨ ਹਸਪਤਾਲਾਂ ਵਿੱਚ ਦਾਖਲ ਮਰੀਜ਼ਾਂ ਬਾਰੇ ਡਾਟਾ ਵੀ ਸੀਮਤ ਮਾਤਰਾ ਵਿੱਚ ਉਪਲਬਧ ਹੈ। ਆਰਐਸਵੀ ਕਾਰਨ ਹਸਪਤਾਲਾਂ ਵਿੱਚ ਦਾਖਲ ਹੋਣ ਵਾਲੇ ਬਾਲਗਾਂ ਦੀ ਵੱਧ ਰਹੀ ਗਿਣਤੀ ਬਾਰੇ ਡਾਕਟਰ ਪਹਿਲਾਂ ਹੀ ਚਿੰਤਤ ਹਨ।


ਇੱਕ ਬਿਆਨ ਵਿੱਚ ਆਖਿਆ ਗਿਆ ਕਿ ਪਬਲਿਕ ਹੈਲਥ ਏਜੰਸੀ ਆਫ ਕੈਨੇਡਾ ਵੱਲੋਂ ਆਰਐਸਵੀ ਕਾਰਨ ਹਸਪਤਾਲਾਂ ਵਿੱਚ ਦਾਖਲ ਹੋਣ ਵਾਲੇ ਲੋਕਾਂ ਦਾ ਡਾਟਾ ਉਮਰ ਦੇ ਹਿਸਾਬ ਨਾਲ ਇੱਕਠਾ ਨਹੀਂ ਕੀਤਾ ਗਿਆ।

ਇਸ ਦੌਰਾਨ ਹੈਲਥ ਕੈਨੇਡਾ ਵੱਲੋਂ ਵੀਰਵਾਰ ਨੂੰ ਇੱਕ ਬਿਆਨ ਜਾਰੀ ਕਰਕੇ ਦੱਸਿਆ ਗਿਆ ਕਿ 25 ਅਕਤੂਬਰ ਨੂੰ ਗਲੈਕਸੋਸਮਿੱਥਲਾਈਨ(ਜੀਐਸਕੇ) ਵੱਲੋਂ 60 ਸਾਲ ਤੋਂ ਵੱਧ ਉਮਰ ਦੇ ਲੋਕਾਂ ਲਈ ਆਰਐਸਵੀ ਦੀ ਵੈਕਸੀਨ ਪੇਸ਼ ਕੀਤੀ ਗਈ ਹੈ। ਇਸ ਤੋਂ ਇਲਾਵਾ ਫਾਈਜ਼ਰ ਨੇ ਵੀ ਹੈਲਥ ਕੈਨੇਡਾ ਕੋਲ ਜਾਂਚ ਲਈ ਆਰਐਸਵੀ ਦੀਆਂ ਦੋ ਵੈਕਸੀਨ ਜਲਦ ਜਮ੍ਹਾਂ ਕਰਵਾਉਣ ਦੀ ਗੱਲ ਆਖੀ ਹੈ। ਇਨ੍ਹਾਂ ਵਿੱਚੋਂ ਇੱਕ ਵੈਕਸੀਨ ਬਜ਼ੁਰਗਾਂ ਲਈ ਤੇ ਦੂਜੀ ਗਰਭਵਤੀ ਔਰਤਾਂ ਲਈ ਹੋਵੇਗੀ।

## ਬਰੈਂਪਟਨ ਵਿੱਚ ਪਟਾਕਿਆਂ ਉੱਤੇ ਪਾਬੰਦੀ ਲਾਉਣ ਲਈ ਮਤਾ ਸਰਬਸੰਮਤੀ ਨਾਲ ਪਾਸ

...ਪੰਨਾ 1 ਦਾ ਬਾਕੀ

ਪਟਾਕੇ ਸਿਰਫ ਫਿਲਮ ਇੰਡਸਟਰੀ ਲਈ ਤੇ ਸਿਟੀ ਵੱਲੋਂ ਕਰਵਾਏ ਜਾਣ ਵਾਲੇ ਈਵੈਂਟਸ ਵਿੱਚ ਹੀ ਚਲਾਏ ਜਾ ਸਕਣਗੇ। ਮੇਅਰ ਪੈਟ੍ਰਿਕ ਬ੍ਰਾਊਨ ਨੇ ਇਹ ਸਵੀਕਾਰ ਕੀਤਾ ਕਿ ਬਰੈਂਪਟਨ ਦੇ ਲੋਕਾਂ ਵੱਲੋਂ ਇਸ ਬਾਰੇ ਗੱਲ ਕੀਤੀ ਗਈ ਹੈ। ਲੋਕ ਪਟਾਕੇ ਚਲਾਏ ਜਾਣ ਤੋਂ ਪਰੇਸ਼ਾਨ ਹਨ ਤੇ ਇਸ ਕਾਰਨ ਹੋਣ ਵਾਲੇ ਸ਼ੋਰ ਪ੍ਰਦੂਸ਼ਣ ਤੇ ਮਲਬੇ ਕਾਰਨ ਵੀ ਤੰਗ ਹਨ। ਜ਼ਿਕਰਯੋਗ ਹੈ ਕਿ ਮੌਜੂਦਾ ਬਾਇ-ਲਾਅ ਤਹਿਤ ਬਰੈਂਪਟਨ ਵਿੱਚ ਵਿਕਟੋਰੀਆ ਡੇਅ, ਕੈਨੇਡਾ ਡੇਅ, ਦੀਵਾਲੀ ਤੇ ਨਵੇਂ ਸਾਲ ਮੌਕੇ ਬਿਨਾਂ ਪਰਮਿਟ ਲਿਆਂ ਪਟਾਕੇ ਚਲਾਉਣ ਦੀ ਇਜਾਜ਼ਤ ਹੈ ਪਰ ਕੀਨਨ ਨੇ ਆਖਿਆ ਕਿ ਇਸ ਵਾਰੀ ਪਟਾਕੇ ਚਲਾਏ ਜਾਣ ਦੀਆਂ ਘਟਨਾਵਾਂ ਵਿੱਚ ਹੋਏ ਹੱਦੋਂ ਵੱਧ ਵਾਧੇ ਦੀਆਂ ਸ਼ਿਕਾਇਤਾਂ ਮਿਲੀਆਂ ਇਸ ਲਈ ਇਸ ਨੂੰ ਰੋਕਣ ਲਈ ਸਖ਼ਤ ਜੁਰਮਾਨੇ ਲਾਉਣ ਦੀ ਲੋੜ ਹੈ।



# ਹੀਟ ਪੰਪਜ਼ ਰਾਹੀਂ ਘਰਾਂ ਨੂੰ ਨਿੱਘਾ ਰੱਖਣ ਲਈ ਸਰਕਾਰ ਨੇ ਐਲਾਨੀ 250 ਮਿਲੀਅਨ ਡਾਲਰ ਦੀ ਗ੍ਰਾਂਟ

ਹੈਲੀਫੈਕਸ, 24 ਨਵੰਬਰ (ਪੋਸਟ ਬਿਊਰੋ): ਜਲਦ ਹੀ ਕੈਨੇਡੀਅਨਜ਼ ਨੂੰ ਆਪਣੇ ਘਰਾਂ ਨੂੰ ਤੇਲ ਦੀ ਮਦਦ ਨਾਲ ਨਿੱਘਾ ਰੱਖਣ ਦੀ ਲੋੜ ਨਹੀਂ ਹੋਵੇਗੀ। ਇਸ ਲਈ ਜਲਦ ਹੀ ਕੈਨੇਡੀਅਨਜ਼ ਹੀਟ ਪੰਪਸ ਲਈ ਅਪਲਾਈ ਕਰ ਸਕਣਗੇ, ਜਿਸ ਲਈ ਫੈਡਰਲ ਸਰਕਾਰ ਵੱਲੋਂ 250 ਮਿਲੀਅਨ ਡਾਲਰ ਦੀ ਗ੍ਰਾਂਟ ਐਲਾਨੀ ਗਈ ਹੈ।



ਸਟੈਲਾਰਟਨ, ਨੋਵਾ ਸਕੋਸ਼ੀਆ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਇਮੀਗ੍ਰੇਸ਼ਨ ਮੰਤਰੀ ਸ਼ਾਨ ਫਰੇਜ਼ਰ ਨੇ ਆਖਿਆ ਕਿ ਘੱਟ ਤੋਂ ਦਰਮਿਆਨੀ ਆਮਦਨ ਵਾਲੇ ਘਰਾਂ ਲਈ ਹੀਟ ਪੰਪ ਅਫੋਰਡੇਬਿਲਿਟੀ ਗ੍ਰਾਂਟ 5000 ਡਾਲਰ ਤੱਕ ਮੁਹੱਈਆ ਕਰਵਾਈ ਜਾਵੇਗੀ। ਉਨ੍ਹਾਂ ਆਖਿਆ ਕਿ ਇਹ ਰਕਮ ਘਰਾਂ ਵਿੱਚ ਹੀਟ ਪੰਪ ਇਨਸਟਾਲ ਕਰਨ, ਨਵੇਂ ਇਕਿਉਪਮੈਂਟ ਲਈ ਇਲੈਕਟ੍ਰਿਕਲ ਅਪਗ੍ਰੇਡੇਸ਼ਨ ਤੇ ਤੇਲ ਦੇ ਟੈਂਕਸ ਨੂੰ ਹਟਾਉਣ ਲਈ ਖਰਚ ਕੀਤੀ ਜਾਵੇਗੀ।

ਫਰੇਜ਼ਰ ਨੇ ਆਖਿਆ ਕਿ ਅਸਲੀ ਬਚਤ ਉਸ ਸਮੇਂ ਹੋਵੇਗੀ ਜਦੋਂ ਲੋਕਾਂ ਦੇ ਬਿਜਲੀ ਦੇ ਬਿੱਲ ਘੱਟ ਆਉਣਗੇ ਜਾਂ ਇਸ ਤਰ੍ਹਾਂ ਦੇ ਨਿਵੇਸ਼ ਨਾਲ ਘਰਾਂ ਨੂੰ ਨਿੱਘਾ ਰੱਖਣ ਲਈ ਘੱਟ ਬਿੱਲ ਆਉਣਗੇ। ਫਰੇਜ਼ਰ ਨੇ ਆਖਿਆ ਕਿ ਇਹ ਗ੍ਰਾਂਟ ਨਵੇਂ ਸਾਲ ਦੇ ਸ਼ੁਰੂ ਵਿੱਚ ਹੀ ਉਪਲਬਧ ਹੋ ਜਾਵੇਗੀ। ਪਰ ਉਨ੍ਹਾਂ ਇਹ ਨਹੀਂ ਦੱਸਿਆ ਕਿ ਹਰੇਕ ਪ੍ਰੋਵਿੰਸ ਤੇ ਟੈਰੇਟਰੀ ਲਈ ਕਿੰਨੇ ਫੰਡ ਮੁਹੱਈਆ ਕਰਵਾਏ ਜਾਣਗੇ। ਇਸ ਗੱਲ ਬਾਰੇ ਵੀ ਕੋਈ ਜਾਣਕਾਰੀ ਹਾਸਲ ਨਹੀਂ ਹੋ ਸਕੀ ਹੈ ਕਿ ਇਸ ਗ੍ਰਾਂਟ ਲਈ ਕਿੰਨੇ ਲੋਕ ਅਪਲਾਈ ਕਰ ਸਕਣਗੇ।

# ਹਿੰਸਕ ਅਗਵਾਕਾਂਡ ਨੂੰ ਅੰਜਾਮ ਦੇਣ ਵਾਲੇ ਦੋ ਮਸ਼ਕੂਕਾਂ ਦੀ ਭਾਲ ਕਰ ਰਹੀ ਹੈ ਪੁਲਿਸ

ਟੋਰਾਂਟੋ, 24 ਨਵੰਬਰ (ਪੋਸਟ ਬਿਊਰੋ) : ਪਿਛਲੇ ਹਫਤੇ ਸਕਾਰਬਰੋ ਟਾਊਨ ਸੈਂਟਰ ਦੇ ਨੇੜੇ ਵਾਪਰੇ ਹਿੰਸਕ ਅਗਵਾਕਾਂਡ ਤੇ ਹਮਲੇ ਦੇ ਸਬੰਧ ਵਿੱਚ ਟੋਰਾਂਟੋ ਪੁਲਿਸ ਵੱਲੋਂ ਦੋ ਮਸ਼ਕੂਕਾਂ ਦੀ ਭਾਲ ਕੀਤੀ ਜਾ ਰਹੀ ਹੈ। ਇਹ ਘਟਨਾ 17 ਨਵੰਬਰ ਨੂੰ ਦੁਪਹਿਰੇ 3:45 ਦੇ ਨੇੜੇ ਤੇੜੇ ਵਾਪਰੀ।

ਜਾਂਚਕਾਰਾਂ ਅਨੁਸਾਰ ਇੱਕ ਵਿਅਕਤੀ ਨੂੰ ਧੱਕੇ ਨਾਲ ਤਿੰਨ ਮਸ਼ਕੂਕਾਂ ਵੱਲੋਂ ਗੱਡੀ ਵਿੱਚ ਬਿਠਾਇਆ ਗਿਆ ਤੇ ਕਈ ਘੰਟਿਆਂ ਤੱਕ ਉਸ ਦੀ ਕੁੱਟ ਮਾਰ ਵੀ ਕੀਤੀ ਗਈ। ਪੁਲਿਸ ਨੇ ਦੱਸਿਆ ਕਿ ਇਸ ਵਿਅਕਤੀ ਕੋਲੋਂ ਬੰਦੂਕ ਦੀ ਨੋਕ ਉੱਤੇ ਗਹਿਣੇ ਵੀ ਲੁੱਟੇ ਗਏ। ਪੁਲਿਸ ਨੇ ਦੱਸਿਆ ਕਿ ਕਈ ਘੰਟੇ ਬਾਅਦ ਇਹ



ਵਿਅਕਤੀ ਇਨ੍ਹਾਂ ਮਸ਼ਕੂਕਾਂ ਦੇ ਚੰਗੁਲ ਵਿੱਚੋਂ ਬਚ ਨਿਕਲਣ ਵਿੱਚ ਕਾਮਯਾਬ ਹੋ ਗਿਆ। ਇਸ ਅਗਵਾਕਾਂਡ ਦੇ ਸਬੰਧ ਵਿੱਚ ਥੋੜ੍ਹੇ ਹੋਰ ਵੇਰਵੇ ਵੀ ਮੁਹੱਈਆ ਕਰਵਾਏ ਗਏ ਹਨ।

ਇਸ ਘਟਨਾ ਤੋਂ ਅਗਲੇ ਦਿਨ ਟੋਰਾਂਟੋ ਦੇ 21 ਸਾਲਾ ਸੁਲੀਆਮਨ ਸੂਫੀ ਨੂੰ ਹਿਰਾਸਤ ਵਿੱਚ ਲਿਆ ਗਿਆ। ਉਸ ਉੱਤੇ ਕਿਡਨੈਪਿੰਗ, ਧੱਕੇ ਨਾਲ ਕਿਸੇ ਨੂੰ ਬੰਦੀ ਬਣਾ ਕੇ ਰੱਖਣ, ਹਥਿਆਰ ਨਾਲ ਲੁੱਟਮਾਰ ਕਰਨ, ਸਰੀਰ ਨੂੰ ਨੁਕਸਾਨ ਪਹੁੰਚਾਉਣ ਲਈ ਹਮਲਾ, ਗੱਡੀ ਚੋਰੀ ਕਰਨ ਤੇ ਧਮਕਾ ਕੇ ਪੈਸੇ ਵਸੂਲਣ ਆਦਿ ਵਰਗੇ ਦੋਸ਼ ਹਨ। ਅਜੇ ਇਹ ਦੋਸ਼ ਅਦਾਲਤ ਵਿੱਚ ਸਿੱਧ ਨਹੀਂ ਹੋਏ ਹਨ।

ਪੁਲਿਸ ਅਜੇ ਦੋ ਹੋਰਨਾਂ ਮਸ਼ਕੂਕਾਂ ਦੀ ਭਾਲ ਵੀ ਕਰ ਰਹੀ ਹੈ। 23 ਸਾਲਾ ਮੁਹਸਿਨ ਸੂਫੀ ਤੇ 20 ਸਾਲਾ ਅਬਦੁਲਹਾਈ ਪਟੇਲ ਦੀ ਪੁਲਿਸ ਵੱਲੋਂ ਭਾਲ ਕੀਤੀ ਜਾ ਰਹੀ ਹੈ। ਸੂਫੀ ਬਾਰੇ ਦਿੱਤੀ ਗਈ ਜਾਣਕਾਰੀ ਅਨੁਸਾਰ ਉਹ ਛੇ ਫੁੱਟ ਲੰਮਾਂ, 150 ਪਾਊਂਡ ਵਜ਼ਨੀ ਤੇ ਦਰਮਿਆਨੀ ਕੱਦਕਾਠੀ ਵਾਲਾ ਹੈ ਤੇ ਉਸ ਦੇ ਵਾਲਾਂ ਦਾ ਰੰਗ ਕਾਲਾ ਹੈ। ਪਟੇਲ ਦਾ ਕੱਦ ਪੰਜ ਫੁੱਟ ਨੌਂ ਇੰਚ, ਵਜ਼ਨ 220 ਪਾਊਂਡ ਤੇ ਵਾਲਾਂ ਦਾ ਰੰਗ ਕਾਲਾ ਹੈ।

# ਸਕੂਲ ਬੱਸ ਵੱਲੋਂ ਬੱਚੇ ਨੂੰ ਘੜੀਸਣ ਦੇ ਮਾਮਲੇ ਵਿੱਚ ਡਰਾਈਵਰ ਨੂੰ ਕੀਤਾ ਗਿਆ ਚਾਰਜ

ਓਨਟਾਰੀਓ, 24 ਨਵੰਬਰ (ਪੋਸਟ ਬਿਊਰੋ) : ਇੱਕ ਪੰਜ ਸਾਲਾ ਬੱਚੇ ਨੂੰ ਸਕੂਲ ਬੱਸ ਵੱਲੋਂ ਘੜੀਸੇ ਜਾਣ ਕਾਰਨ ਬ੍ਰੈਂਟ ਕਾਊਂਟੀ ਦੇ 64 ਸਾਲਾ ਸਕੂਲ ਬੱਸ ਡਰਾਈਵਰ ਨੂੰ ਲਾਪਰਵਾਹੀ ਨਾਲ ਬੱਸ ਚਲਾਉਣ ਲਈ ਚਾਰਜ ਕੀਤਾ ਗਿਆ ਹੈ।




ਬ੍ਰੈਂਟ ਕਾਊਂਟੀ ਦੀ ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ (ਓਪੀਪੀ) ਅਨੁਸਾਰ ਪਹਿਲੀ ਨਵੰਬਰ ਨੂੰ ਦੁਪਹਿਰੇ 3:56 ਵਜੇ ਦੇ ਨੇੜੇ ਤੇੜੇ ਬ੍ਰੈਂਟਫੋਰਡ, ਓਨਟਾਰੀਓ ਦੇ ਦੱਖਣ ਵੱਲ ਮਾਊਂਟ ਪਲੈਜ਼ੈਂਟ ਉੱਤੇ ਪੁਲਿਸ ਨੂੰ ਸੱਦਿਆ ਗਿਆ। ਓਪੀਪੀ ਨੇ ਨਿਊਜ਼ ਰਲੀਜ਼ ਜਾਰੀ ਕਰਕੇ ਆਖਿਆ ਕਿ ਪ੍ਰਾਪਤ ਜਾਣਕਾਰੀ ਅਨੁਸਾਰ ਪੰਜ ਸਾਲਾ ਬੱਚਾ ਸਕੂਲ ਬੱਸ ਵਿੱਚੋਂ ਬਾਹਰ ਨਿਕਲਣ ਦੀ ਕੋਸ਼ਿਸ਼ ਕਰ ਰਿਹਾ ਸੀ ਜਦੋਂ ਬੱਸ ਦਾ ਦਰਵਾਜ਼ਾ ਬੰਦ ਹੋ ਗਿਆ ਤੇ ਬੱਚੇ ਦਾ ਅੱਧਾ ਸ਼ਰੀਰ ਦਰਵਾਜ਼ੇ ਵਿੱਚ ਹੀ ਫਸ ਗਿਆ। ਇੱਥੇ ਹੀ ਬੱਸ ਨਹੀਂ ਡਰਾਈਵਰ ਵੱਲੋਂ ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ ਗਿਆ ਤੇ 15 ਤੋਂ 20 ਫੁੱਟ ਤੱਕ ਬੱਸ ਬੱਚੇ ਨੂੰ ਇਸੇ ਸਥਿਤੀ ਵਿੱਚ ਹੀ ਘੜੀਸਦੀ ਹੋਈ ਨਾਲ ਲੈ ਗਈ। ਬੱਸ ਚੱਲ ਰਹੀ ਸੀ ਤੇ ਬੱਚੇ ਦੀਆਂ ਲੱਤਾਂ ਦਰਵਾਜ਼ੇ ਤੋਂ ਬਾਹਰ ਲਮਕ ਰਹੀਆਂ ਸਨ। ਓਪੀਪੀ ਅਨੁਸਾਰ ਜਿਸ ਦਿਨ ਇਹ ਹਾਦਸਾ ਹੋਇਆ ਉਸ ਦਿਨ ਬੱਸ ਸਹੀ ਢੰਗ ਨਾਲ ਕੰਮ ਕਰ ਰਹੀ ਸੀ।

ਓਪੀਪੀ ਕਾਂਸਟੇਬਲ ਕੌਨਰਾਡ ਵਿਟਾਲਿਸ ਨੇ ਆਖਿਆ ਕਿ ਉਨ੍ਹਾਂ ਦੇ ਹਿਸਾਬ ਨਾਲ ਬੱਸ ਨੂੰ ਮਕੈਨਿਕਲ ਫਿਟਨੈੱਸ ਲਈ ਚੈੱਕ ਕੀਤਾ ਗਿਆ ਸੀ ਤੇ ਉਹ ਬਿਲਕੁਲ ਸਹੀ ਢੰਗ ਨਾਲ ਕੰਮ ਕਰਦੀ ਪਾਈ ਗਈ। ਉਨ੍ਹਾਂ ਆਖਿਆ ਕਿ ਦਰਵਾਜ਼ੇ ਵਿੱਚ ਕਿਸੇ ਕਿਸਮ ਦੀ ਮਕੈਨੀਕਲ ਗੜਬੜੀ ਨਹੀਂ ਪਾਈ ਗਈ। ਇਸ ਹਾਦਸੇ ਵਿੱਚ ਬੱਚੇ ਨੂੰ ਕੋਈ ਖਾਸ ਸੱਟਾਂ ਨਹੀਂ ਲੱਗੀਆਂ ਪਰ ਬੱਚੇ ਦੇ ਪਿਤਾ ਟੈਪਨ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਮਾਨਸਿਕ ਤੌਰ ਉੱਤੇ ਵੱਡਾ ਝਟਕਾ ਲੱਗਿਆ ਹੈ। ਉਨ੍ਹਾਂ ਆਖਿਆ ਕਿ ਹੁਣ ਉਹ ਆਪਣੇ ਬੱਚੇ ਨੂੰ ਆਪ ਗੱਡੀ ਰਾਹੀਂ ਸਕੂਲ ਛੱਡ ਕੇ ਆਉਂਦੇ ਹਨ ਤੇ ਲੈ ਕੇ ਆਉਂਦੇ ਹਨ ਤੇ ਉਹ ਕਦੇ ਵੀ ਆਪਣੇ ਬੱਚਿਆਂ ਨੂੰ ਬੱਸ ਵਿੱਚ ਨਹੀਂ ਭੇਜਣਗੇ। ਇਸ ਹਾਦਸੇ ਤੋਂ ਬਾਅਦ ਟੈਪਨ ਵੱਲੋਂ ਸੇਫਟੀ ਸਬੰਧੀ ਤਬਦੀਲੀਆਂ ਕਰਨ ਦੀ ਮੰਗ ਕੀਤੀ ਗਈ ਹੈ ਤੇ ਇਹ ਵੀ ਆਖਿਆ ਗਿਆ ਹੈ ਕਿ ਸਕੂਲ ਬੱਸ ਦੇ ਦਰਵਾਜ਼ਿਆਂ ਉੱਤੇ ਸੈਂਸਰਜ਼ ਲਾਏ ਜਾਣ। ਇਹ ਵੀ ਪਤਾ ਲੱਗਿਆ ਹੈ ਕਿ ਇਸੇ ਬੱਸ ਕੰਪਨੀ ਵੱਲੋਂ ਇਸ ਸਾਲ ਦੇ ਸ਼ੁਰੂ ਵਿੱਚ ਇਸ ਇਲਾਕੇ ਵਿੱਚ ਵਾਪਰੀ ਇਸ ਤਰ੍ਹਾਂ ਦੀ ਘਟਨਾ ਦੀ ਵੀ ਜਾਂਚ ਕੀਤੀ ਜਾ ਰਹੀ ਹੈ। ਕੰਪਨੀ ਨੇ ਇਸ ਸਬੰਧ ਵਿੱਚ ਕ੍ਰਾਈਸਿਸ ਮੈਨੇਜਮੈਂਟ ਪ੍ਰੋਗਰਾਮ ਵੀ ਲਾਂਚ ਕੀਤਾ ਹੈ।

# ਕਵਾਰਥਾ ਲੇਕਜ਼ ਤੋਂ ਪੁਲਿਸ ਨੇ 50,000 ਡਾਲਰ ਤੋਂ ਵੱਧ ਮੁੱਲ ਦੇ ਨਸ਼ੇ ਕੀਤੇ ਬਰਾਮਦ, 7 ਗ੍ਰਿਫਤਾਰ

ਓਨਟਾਰੀਓ, 24 ਨਵੰਬਰ (ਪੋਸਟ ਬਿਊਰੋ) : ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ (ਓਪੀਪੀ) ਵੱਲੋਂ ਨਸ਼ਿਆਂ ਦੀ ਸਮਗਲਿੰਗ ਕਰਨ ਦੇ ਮਾਮਲੇ ਵਿੱਚ ਸੱਤ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਤੇ ਉਨ੍ਹਾਂ ਕੋਲੋਂ 50,000 ਡਾਲਰ ਤੋਂ ਵੱਧ ਮੁੱਲ ਦੇ ਗੈਰਕਾਨੂੰਨੀ ਨਸ਼ੇ ਵੀ ਬਰਾਮਦ ਕੀਤੇ ਗਏ ਹਨ। ਸੋਮਵਾਰ ਨੂੰ ਓਪੀਪੀ ਵੱਲੋਂ ਜਾਰੀ ਕੀਤੀ ਗਈ ਪ੍ਰੈੱਸ ਰਲੀਜ਼ ਅਨੁਸਾਰ ਇਹ ਗ੍ਰਿਫਤਾਰੀਆਂ ਸਿਟੀ ਆਫ ਦ ਕਵਾਰਥਾ ਲੇਕ (ਸੀਕੇਐਲ) ਵਿੱਚ ਤਫਸੀਲ ਨਾਲ ਕੀਤੀ ਗਈ ਜਾਂਚ ਤੋਂ ਬਾਅਦ ਕੀਤੀਆਂ ਗਈਆਂ। ਇਸ ਜਾਂਚ ਵਿੱਚ ਦੋ ਮਹੀਨੇ ਦਾ ਸਮਾਂ ਲੱਗਿਆ ਤੇ ਇਸ ਦੀ ਅਗਵਾਈ ਸੀਕੇਐਲ ਕਮਿਊਨਿਟੀ ਸਟਰੀਟ ਕ੍ਰਾਈਮ ਯੂਨਿਟ (ਸੀਐਸਸੀਯੂ) ਦੇ ਮੈਂਬਰਾਂ ਵੱਲੋਂ ਕੀਤੀ



ਗਈ। ਇਸ ਜਾਂਚ ਵਿੱਚ ਓਪੀਪੀ ਦੇ ਆਰਗੇਨਾਈਜ਼ਡ ਕ੍ਰਾਈਮ ਐਨਫੋਰਸਮੈਂਟ ਬਿਊਰੋ ਤੇ ਬ੍ਰੇਸਬ੍ਰਿੱਜ ਸੀਐਸਸੀਯੂ ਨੇ ਵੀ ਯੋਗਦਾਨ ਪਾਇਆ। ਇਹ ਜਾਂਚ ਉਸ ਸਮੇਂ ਸ਼ੁਰੂ ਕੀਤੀ ਗਈ ਜਦੋਂ ਕਵਾਰਥਾ ਲੇਕਸ, ਖਾਸਤੌਰ ਉੱਤੇ ਫੈਨੇਲੌਨ ਫਾਲਜ਼ ਇਲਾਕੇ ਵਿੱਚ ਓਵਰਡੋਜ਼ ਦੇ ਕਈ ਮਾਮਲੇ ਸਾਹਮਣੇ ਆਏ।

ਰਲੀਜ਼ ਵਿੱਚ ਓਪੀਪੀ ਨੇ ਆਖਿਆ ਕਿ ਜਾਂਚਕਾਰਾਂ ਵੱਲੋਂ ਕੋਕੀਨ, ਫੈਂਟਾਨਿਲ, ਕਾਰਫੈਂਟਾਨਿਲ, ਕ੍ਰਿਸਟਲ ਮੈਥਾਮਫੈਟਾਮਾਈਨ, ਪਰਕੋਸੈਟ ਪਿੱਲਜ਼ ਦੇ ਨਾਲ ਨਾਲ ਕੈਨੇਡੀਅਨ ਕਰੰਸੀ ਵੀ ਬਰਾਮਦ ਕੀਤੀ ਗਈ। ਇਨ੍ਹਾਂ ਨਸ਼ਿਆਂ ਦੀ ਬਜ਼ਾਰ ਵਿੱਚ ਕੀਮਤ 56,000 ਡਾਲਰ ਹੈ। ਗ੍ਰਿਫਤਾਰ ਕੀਤੇ ਗਏ ਸੱਤ ਵਿਅਕਤੀਆਂ ਵਿੱਚੋਂ ਪੰਜ ਫੈਨੇਲੌਨ ਫਾਲਜ਼ ਵਾਸੀ ਹਨ ਜਦਕਿ ਇੱਕ ਲਿੰਡਸੇ ਤੇ ਇੱਕ ਹੋਰ ਪਿੱਕਰਿੰਗ ਦਾ ਰਹਿਣ ਵਾਲਾ ਹੈ। ਮਸ਼ਕੂਕਾਂ ਦੀ ਉਮਰ 21 ਤੋਂ 47 ਸਾਲ ਹੈ। ਪੁਲਿਸ ਨੇ ਦੱਸਿਆ ਕਿ ਤਿੰਨ ਮਸ਼ਕੂਕ ਅਜੇ ਵੀ ਵਾਂਟਿਡ ਹਨ। ਪੁਲਿਸ ਵੱਲੋਂ ਬ੍ਰੇਸਬ੍ਰਿੱਜ ਦੇ 22 ਸਾਲਾ ਸ਼ੈਲਡਨ ਬਰੀ, ਬਰੈਂਪਟਨ ਦੇ 28 ਸਾਲਾ ਸਿਮੌਨ ਜੇਮਜ਼ ਤੇ ਫੈਨੇਲੌਨ ਫਾਲਜ਼ ਦੇ 34 ਸਾਲ ਜੇਮੀ ਬਾਊਂਡੀ ਦੀ ਭਾਲ ਲਈ ਜਨਤਾ ਤੋਂ ਮਦਦ ਵੀ ਮੰਗੀ ਗਈ ਹੈ।

# ਕੈਨੇਡੀਅਨ ਫੌਜ ਦੀ ਦਖ਼ਲਅੰਦਾਜ਼ੀ ਲਈ ਹਾਇਤੀ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਦੀ ਸਹਿਮਤੀ ਜ਼ਰੂਰੀ : ਟਰੂਡੋ

ਟਿਊਨੇਸ਼ੀਆ, 24 ਨਵੰਬਰ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਐਤਵਾਰ ਨੂੰ ਇਹ ਸਪਸ਼ਟ ਕੀਤਾ ਕਿ ਹਾਇਤੀ ਵਿੱਚ ਕੈਨੇਡੀਅਨ ਫੌਜ ਦੀ ਦਖਲ ਉਦੋਂ ਤੱਕ ਨਹੀਂ ਹੋ ਸਕਦੀ ਜਦੋਂ ਤੱਕ ਉਸ ਦੇਸ਼ ਦੀਆਂ ਸਾਰੀਆਂ ਸਿਆਸੀ ਧਿਰਾਂ ਇਸ ਲਈ ਸਹਿਮਤ ਨਹੀਂ ਹੁੰਦੀਆਂ।



ਟਰੂਡੋ ਵੱਲੋਂ ਟਿਊਨੇਸ਼ੀਆ ਤੋਂ ਇਹ ਬਿਆਨ ਜਾਰੀ ਕੀਤਾ ਗਿਆ। ਇੱਥੇ ਕਰਵਾਈ ਗਈ ਦੋ ਰੋਜ਼ਾ ਸਾਲਾਨਾ ਫਰੈਂਕੋਫੋਨੀ ਸਿਖਰ ਵਾਰਤਾ ਵਿੱਚ ਹਾਇਤੀ ਬਾਰੇ ਵੀ ਆਗੂਆਂ ਵੱਲੋਂ ਵਿਚਾਰ ਵਟਾਂਦਰਾ ਕੀਤਾ ਗਿਆ। ਹਾਇਤੀ ਵਿੱਚ ਸਥਿਰਤਾ ਲਿਆਉਣ ਲਈ ਟਰੂਡੋ ਨੇ 16•5 ਮਿਲੀਅਨ ਡਾਲਰ ਦੀ ਮਦਦ ਦਾ ਐਲਾਨ ਕੀਤਾ। ਹਾਇਤੀ ਵਿੱਚ ਹਾਲਾਤ ਕਾਫੀ ਨਾਜ਼ੁਕ ਮੋੜ ਅਖ਼ਤਿਆਰ ਕਰ ਚੁੱਕੇ ਹਨ। ਗੈਂਗਜ਼ ਵੱਲੋਂ ਫਿਊਲ ਤੇ ਰੋਜ਼ਾਨਾਂ ਕੰਮ ਵਿੱਚ ਆਉਣ ਵਾਲੇ ਸਮਾਨ ਦੀ ਸਪਲਾਈ ਨੂੰ ਆਪਣੇ ਕਬਜੇ ਵਿੱਚ ਲੈ ਲਿਆ ਗਿਆ ਹੈ ਤੇ ਉੱਥੇ ਹੈਜਾ ਵੀ ਫੈਲਿਆ ਹੋਇਆ ਹੈ। ਟਰੂਡੋ ਨੇ ਆਖਿਆ ਕਿ ਉਨ੍ਹਾਂ ਵੱਲੋਂ ਮੁਹੱਈਆ ਕਰਵਾਈ ਜਾਣ ਵਾਲੀ ਆਰਥਿਕ ਮਦਦ ਦਾ ਅੱਧਾ ਹਿੱਸਾ ਲੋਕਾਂ ਦੀ ਕਈ ਪੱਖਾਂ ਤੋਂ ਮਦਦ ਲਈ ਖਰਚਿਆ ਜਾਵੇਗਾ ਤੇ ਬਾਕੀ ਹਿੱਸਾ ਭ੍ਰਿਸ਼ਟਾਚਾਰ ਨੂੰ ਤੇ ਲਿੰਗ ਦੇ ਅਧਾਰ ਉੱਤੇ ਕੀਤੀ ਜਾਣ ਵਾਲੀ ਹਿੰਸਾ ਨੂੰ ਰੋਕਣ ਲਈ ਖਰਚਿਆ ਜਾਵੇਗਾ।

ਪਰ ਹਾਇਤੀ ਸਰਕਾਰ ਨੇ ਗੈਂਗਜ਼ ਉੱਤੇ ਨਕੇਲ ਕੱਸਣ ਲਈ ਕੌਮਾਂਤਰੀ ਪੱਧਰ ਉੱਤੇ ਫੌਜ ਵੱਲੋਂ ਦਖ਼ਲਅੰਦਾਜ਼ੀ ਦੀ ਮੰਗ ਕੀਤੀ ਹੈ। ਅਮਰੀਕਾ ਵੱਲੋਂ ਇਸ ਮੌਕੇ ਇਹ ਆਖਿਆ ਗਿਆ ਹੈ ਕਿ ਫੌਜੀ ਦਖਲ ਲਈ ਕੈਨੇਡਾ ਬਿਹਤਰ ਭੂਮਿਕਾ ਨਿਭਾਅ ਸਕਦਾ ਹੈ। ਐਤਵਾਰ ਨੂੰ ਟਰੂਡੋ ਨੇ ਆਖਿਆ ਕਿ ਕੈਨੇਡਾ ਕੈਰੇਬੀਅਨ ਗਵਰਮੈਂਟਸ ਆਰਗੇਨਾਈਜ਼ੇਸ਼ਨ ਕੈਰੀਕੌਮ ਨਾਲ ਰਲ ਕੇ ਇਹ ਪਤਾ ਲਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਕੌਮਾਂਤਰੀ ਕਮਿਊਨਿਟੀ ਇਸ ਸਥਿਤੀ ਵਿੱਚ ਕਿਸ ਤਰ੍ਹਾਂ ਮਦਦ ਕਰ ਸਕਦੀ ਹੈ। ਟਰੂਡੋ ਨੇ ਆਖਿਆ ਕਿ ਇਸ ਲਈ ਹਾਇਤੀ ਦੀਆਂ ਵੱਖ ਵੱਖ ਸਿਆਸੀ ਪਾਰਟੀਆਂ ਦੀ ਰਾਇ ਜਾਨਣਾ ਵੀ ਬਹੁਤ ਜ਼ਰੂਰੀ ਹੈ।

# ਬੈਟਰੀ ਸਪਲਾਈ ਵਿੱਚ ਕੈਨੇਡਾ ਦੀ ਸਥਿਤੀ ਹੋਈ ਮਜ਼ਬੂਤ

ਓਟਵਾ, 24 ਨਵੰਬਰ (ਪੋਸਟ ਬਿਊਰੋ) : ਫੈਡਰਲ ਇਨੋਵੇਸ਼ਨ ਮੰਤਰੀ ਫਰੈਂਕੋਇਸ ਫਿਲਿਪ ਸ਼ੈਂਪੇਨ ਇਸ ਹਫਤੇ ਇੱਕ ਵਾਰੀ ਫਿਰ ਕੈਨੇਡਾ ਦੀ ਬੈਟਰੀ ਸਪਲਾਈ ਚੇਨ ਹੁਨਰ ਨੂੰ ਏਸ਼ੀਆ ਵਿੱਚ ਵੇਚਣਗੇ। ਪਰ ਇਸ ਵਾਰੀ ਉਨ੍ਹਾਂ ਕੋਲ ਫੜ੍ਹਾਂ ਮਾਰਨ ਲਈ ਹੋਰ ਕੁੱਝ ਵੀ ਹੈ।

ਰਿਸਰਚ ਫਰਮ ਬਲੂਮਬਰਗ ਐਨਈਐਫ ਨੇ ਬੈਟਰੀ ਉਤਪਾਦਨ ਦੇ ਮਾਮਲੇ ਵਿੱਚ ਇਸ ਦੀ ਸਾਲਾਨਾ ਗਲੋਬਲ ਦਰਜੇਬੰਦੀ ਵਿੱਚ ਕੈਨੇਡਾ ਦੀ ਸਥਿਤੀ ਕਾਫੀ ਉੱਪਰ ਲਿਆ ਦਿੱਤੀ। ਇਸ ਮਾਮਲੇ ਵਿੱਚ ਜੇ ਕੈਨੇਡਾ ਕਿਸੇ ਤੋਂ ਪਿੱਛੇ ਹੈ ਤਾਂ ਉਹ ਹੈ ਚੀਨ। ਸ਼ੈਂਪੇਨ ਨੇ ਆਖਿਆ ਕਿ ਇਸ ਵਾਰੀ ਏਸ਼ੀਆ ਦੇ ਟਰਿੱਪ ਤੇ ਜਦੋਂ ਉਹ ਜਾਣਗੇ ਤਾਂ ਉਹ ਇਹੋ ਆਖਣਗੇ ਕਿ ਉਨ੍ਹਾਂ ਕੋਲ ਉਹ ਸੱਭ ਹੈ ਜੋ ਏਸ਼ੀਆ ਨੂੰ ਚਾਹੀਦਾ ਹੈ। ਇਸ ਸਬੰਧੀ ਕਰਵਾਏ ਗਏ ਸਰਵੇਖਣ



ਵਿੱਚ ਸਾਹਮਣੇ ਆਇਆ ਕਿ ਭਾਵੇਂ ਬੈਟਰੀਆਂ ਲਈ ਕੱਚੇ ਮਟੀਰੀਅਲ ਦੀ ਮਾਈਨਿੰਗ ਦੀ ਗੱਲ ਹੋਵੇ ਜਾਂ ਇਸ ਦੇ ਹਿੱਸਿਆਂ ਨੂੰ ਇੱਕਠਾ ਕਰਕੇ ਜੋੜਨ ਦੀ, 30 ਦੇਸ਼ ਅਜਿਹੇ ਹਨ ਜਿਨ੍ਹਾਂ ਦੀ ਇੰਡਸਟਰੀ ਵਿੱਚ ਚੰਗੀ ਪੈਠ ਹੈ। 2020 ਦੀ ਦਰਜੇਬੰਦੀ ਵਿੱਚ ਕੈਨੇਡਾ ਚੌਥੇ ਨੰਬਰ ਉੱਤੇ ਆਇਆ ਤੇ 2021 ਵਿੱਚ ਪੰਜਵੇਂ ਨੰਬਰ ਉੱਤੇ ਆਇਆ। 2021 ਵਿੱਚ ਇੱਕ ਪਾਏਦਾਨ ਹੇਠਾਂ ਡਿੱਗਣ ਦਾ ਕਾਰਨ ਮਾਈਨਿੰਗ ਆਊਟਪੁੱਟ ਡਿੱਗਣ ਤੇ ਹੋਰ ਕਈ ਤਰ੍ਹਾਂ ਦੇ ਅੜਿੱਕੇ ਖੜ੍ਹੇ ਹੋਣਾ ਹੈ। ਪਰ ਕੈਨੇਡਾ ਨੇ ਪਿਛਲੇ 10 ਮਹੀਨਿਆਂ ਵਿੱਚ ਮਿਨਰਲ ਮਾਈਨਿੰਗ ਤੇ ਬੈਟਰੀ ਦੇ ਹਿੱਸਿਆਂ ਦੇ ਉਤਪਾਦਨ, ਇਲੈਕਟ੍ਰਿਕ ਗੱਡੀਆਂ ਦੇ ਉਤਪਾਦਨ ਤੇ ਦੇਸ਼ ਦੀ ਪਹਿਲੀ ਗੀਗਾਫੈਕਟਰੀ ਲਈ 15 ਬਿਲੀਅਨ ਡਾਲਰ ਦੇ ਨਿਵੇਸ਼ ਦਾ ਐਲਾਨ ਕੀਤਾ ਸੀ। ਇਸ ਨਾਲ ਕੈਨੇਡਾ ਦੀ ਸਵੀਡਨ, ਜਰਮਨੀ ਤੇ ਅਮਰੀਕਾ ਨਾਲੋਂ ਸਥਿਤੀ ਮਜ਼ਬੂਤ ਹੋਈ ਹੈ।

# ਐਨਵਾਇਰਮੈਂਟ ਕੈਨੇਡਾ ਵੱਲੋਂ ਬਰਫਬਾਰੀ ਜਾਰੀ ਰਹਿਣ ਦੀ ਚੇਤਾਵਨੀ

ਓਨਟਾਰੀਓ, 24 ਨਵੰਬਰ (ਪੋਸਟ ਬਿਊਰੋ) :ਦੱਖਣੀ ਓਨਟਾਰੀਓ ਤੇ ਸੂ ਸੇਂਟ ਮਰੀ ਦੇ ਕਈ ਹਿੱਸਿਆਂ ਵਿੱਚ ਭਾਰੀ ਬਰਫਬਾਰੀ ਦੀਆਂ ਕਈ ਚੇਤਾਵਨੀਆਂ ਅਜੇ ਵੀ ਜਾਰੀ ਰੱਖੀਆਂ ਗਈਆਂ ਹਨ। ਪ੍ਰੋਵਿੰਸ ਦੇ ਕਈ ਹਿੱਸਿਆਂ ਵਿੱਚ ਐਤਵਾਰ ਨੂੰ ਤੇਜ਼ ਹਵਾਵਾਂ ਚੱਲਦੀਆਂ ਰਹੀਆਂ ਤੇ ਭਾਰੀ ਬਰਫਬਾਰੀ ਹੋਈ।



ਐਨਵਾਇਰਮੈਂਟ ਕੈਨੇਡਾ ਵੱਲੋਂ ਬੈਰੀ, ਪੀਟਰਬਰੋ, ਮਸਕੋਕਾ, ਗ੍ਰੇਅ-ਬਰੂਸ ਤੇ ਵਾਟਰਲੂ ਦੇ ਕਈ ਹਿੱਸਿਆਂ ਵਿੱਚ ਭਾਰੀ ਬਰਫਬਾਰੀ ਦੀ ਚੇਤਾਵਨੀ ਦਿੱਤੀ ਗਈ ਸੀ। ਕਈ ਥਾਂਵਾਂ ਉੱਤੇ ਤਾਂ 50 ਸੈਂਟੀਮੀਟਰ ਤੱਕ ਬਰਫਬਾਰੀ ਹੋਣ ਦੀ ਪੇਸ਼ੀਨਿਗੋਈ ਵੀ ਕੀਤੀ ਗਈ ਸੀ। ਬਰਫਬਾਰੀ ਦੇ ਨਾਲ ਨਾਲ ਤੇਜ਼ ਹਵਾਵਾਂ ਕਾਰਨ ਵਿਜ਼ਿਬਿਲਿਟੀ ਘਟਣ ਦੀ ਚੇਤਾਵਨੀ ਵੀ ਮੌਸਮ ਏਜੰਸੀ ਵੱਲੋਂ ਪਹਿਲਾਂ ਹੀ ਕੀਤੀ ਗਈ ਸੀ।

ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਦੀ ਹਾਈਵੇਅ ਸੇਫਟੀ ਡਵੀਜ਼ਨ ਨੂੰ ਕਈ ਥਾਂਵਾਂ ਉੱਤੇ ਹਾਦਸੇ ਹੋਣ ਤੇ ਗੱਡੀਆਂ ਦੇ ਖੱਡ ਵਿੱਚ ਡਿੱਗਣ ਦੀਆਂ ਰਿਪੋਰਟਾਂ ਵੀ ਮਿਲੀਆਂ। ਬਰਫੀਲੇ ਤੂਫਾਨ ਕਾਰਨ ਕਈ ਥਾਂਵਾਂ ਉੱਤੇ ਬਿਜਲੀ ਵੀ ਗੁੱਲ ਹੋ ਗਈ। ਸਵੇਰੇ 7:00 ਵਜੇ ਤੱਕ ਹਾਈਡਰੋ ਵੰਨ ਦੇ 1900 ਕਸਟਮਰਜ਼ ਬਿਜਲੀ ਤੋਂ ਬਿਨਾਂ ਗੁਜ਼ਾਰਾ ਕਰਨ ਲਈ ਮਜਬੂਰ ਸਨ।

# ਗੱਡੀਆਂ ਦੀ ਆਹਮੋ ਸਾਹਮਣੀ ਟੱਕਰ ਵਿੱਚ ਚਾਰ ਹਲਾਕ

ਓਨਟਾਰੀਓ, 24 ਨਵੰਬਰ (ਪੋਸਟ ਬਿਊਰੋ) : ਪੀਟਰਬਰੋ ਦੇ ਪੂਰਬ ਵੱਲ ਹਾਈਵੇਅ 7 ਉੱਤੇ ਇੱਕ ਐਸਯੂਵੀ ਤੇ ਪਿੱਕਅੱਪ ਟਰੱਕ ਦਰਮਿਆਨ ਹੋਈ ਆਹਮੋ ਸਾਹਮਣੀ ਟੱਕਰ ਵਿੱਚ ਚਾਰ ਵਿਅਕਤੀਆਂ ਦੀ ਮੌਤ ਹੋ ਗਈ। ਇਹ ਜਾਣਕਾਰੀ ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਵੱਲੋਂ ਦਿੱਤੀ ਗਈ।

ਇੱਕ ਵਿਅਕਤੀ ਨੂੰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਮੰਗਲਵਾਰ ਨੂੰ ਇੱਕ ਰਲੀਜ਼ ਵਿੱਚ ਪੁਲਿਸ ਨੇ ਦੱਸਿਆ ਕਿ ਇਹ ਹਾਦਸਾ ਡਰੰਮਡ ਲਾਈਨ ਨੇੜੇ ਹਾਈਵੇਅ 7 ਉੱਤੇ ਸ਼ਾਮੀਂ 5:15 ਉੱਤੇ ਵਾਪਰਿਆ। ਹਾਦਸੇ ਦੀ ਜਾਂਚ ਕਰਨ ਲਈ ਹਾਈਵੇਅ 7 ਨੂੰ ਕੀਨ ਰੋਡ ਤੇ ਹੈਰੀਟੇਜ ਲਾਈਨ



ਦਰਮਿਆਨ ਬੰਦ ਕਰ ਦਿੱਤਾ ਗਿਆ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
Call Rick or Manminder Cheema: 416.749.9596 / 416.951.6431
Towing Service Car Paint Starts $799* upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

# ਸਰਕਾਰ ਤੇ ਐਜੂਕੇਸ਼ਨ ਵਰਕਰਜ਼ ਦਰਮਿਆਨ ਸਮਝੌਤਾ ਸਿਰੇ ਚੜ੍ਹਿਆ, ਹੜਤਾਲ ਟਲੀ



ਓਨਟਾਰੀਓ, 24 ਨਵੰਬਰ (ਪੋਸਟ ਬਿਊਰੋ) : ਐਤਵਾਰ ਦੁਪਹਿਰ ਨੂੰ ਓਨਟਾਰੀਓ ਸਰਕਾਰ ਤੇ ਐਜੂਕੇਸ਼ਨ ਵਰਕਰਜ਼ ਦਰਮਿਆਨ ਸਮਝੌਤਾ ਸਿਰੇ ਚੜ੍ਹਨ ਤੋਂ ਬਾਅਦ ਹੜਤਾਲ ਦਾ ਖਤਰਾ ਟਲ ਗਿਆ।

ਫੋਰਡ ਸਰਕਾਰ ਤੇ ਕੈਨੇਡੀਅਨ ਯੂਨੀਅਨ ਆਫ ਪਬਲਿਕ ਇੰਪਲੌਈਜ਼ (ਕੂਪ) ਦਰਮਿਆਨ ਵੀਕੈਂਡ ਉੱਤੇ ਚੱਲੀ ਗੱਲਬਾਤ ਤੋਂ ਬਾਅਦ ਹੀ ਇਹ ਸਮਝੌਤਾ ਸਿਰੇ ਚੜ੍ਹ ਸਕਿਆ। ਇਸ ਮਗਰੋਂ ਯੂਨੀਅਨ ਦੀ ਬਾਰਗੇਨਿੰਗ ਟੀਮ ਨੇ ਆਖਿਆ ਕਿ ਕੱਲ੍ਹ ਸਵੇਰੇ ਕੋਈ ਹੜਤਾਲ ਨਹੀਂ ਹੋਵੇਗੀ। ਉਨ੍ਹਾਂ ਆਖਿਆ ਕਿ ਸਾਡੇ ਸਾਰੇ ਮੈਂਬਰ ਸਵੇਰ ਤੋਂ ਸਕੂਲ ਆਉਣਗੇ ਤੇ ਪੜ੍ਹਾਈ ਵਿੱਚ ਬੱਚਿਆਂ ਦੀ ਮਦਦ ਕਰਨਗੇ। ਇਸ ਡੀਲ ਦੀ ਕੂਪ ਮੈਂਬਰਾਂ ਵੱਲੋਂ ਪੁਸ਼ਟੀ ਕੀਤੀ ਜਾਣੀ ਬਹੁਤ ਜ਼ਰੂਰੀ ਹੈ। ਇਸ ਸਬੰਧ ਵਿੱਚ ਵੋਟਿੰਗ ਵੀਰਵਾਰ ਨੂੰ ਸ਼ੁਰੂ ਹੋਵੇਗੀ ਤੇ ਅਗਲੇ ਹਫਤੇ ਤੱਕ ਮੁਕੰਮਲ ਹੋ ਜਾਵੇਗੀ।

ਕੂਪ ਦੇ ਓਨਟਾਰੀਓ ਸਕੂਲ ਬੋਰਡ ਕਾਊਂਸਲ ਆਫ ਯੂਨੀਅਨ (ਓਐਸਬੀਸੀਯੂ) ਦੀ ਪ੍ਰੈਜ਼ੀਡੈਂਟ ਲੌਰਾ ਵਾਲਟਨ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਹੈ ਕਿ ਗੱਲਬਾਤ ਦੇ 170 ਦਿਨਾਂ ਬਾਅਦ ਟੀਮ ਇਸ ਸਮਝੌਤੇ ਉੱਤੇ ਪਹੁੰਚੀ ਹੈ। ਹਾਲਾਂਕਿ ਇਸ ਬਾਰੇ ਅਜੇ ਕੋਈ ਖੁਲਾਸਾ ਨਹੀਂ ਕੀਤਾ ਗਿਆ ਕਿ ਇਸ ਡੀਲ ਵਿੱਚ ਕੀ ਕੀ ਤੈਅ ਹੋਇਆ ਹੈ।

ਵਾਲਟਨ ਅਨੁਸਾਰ ਸਰਕਾਰ ਵੱਲੋਂ ਨਵੀਆਂ ਸੇਵਾਵਾਂ ਲਈ ਕੋਈ ਨਵੇਂ ਪੈਸੇ ਦੇਣ ਦਾ ਵਾਅਦਾ ਨਹੀਂ ਕੀਤਾ ਗਿਆ। ਉਨ੍ਹਾਂ ਆਖਿਆ ਕਿ ਉਨ੍ਹਾਂ ਨੂੰ ਇਹ ਡੀਲ ਪਸੰਦ ਨਹੀਂ ਆਈ। ਵਾਲਟਨ ਨੇ ਆਖਿਆ ਕਿ ਸੈਂਟਰਲ ਬਾਰਗੇਨਿੰਗ ਟੀਮ ਨੇ ਉਨ੍ਹਾਂ ਨੂੰ ਡੀਲ ਸਵੀਕਾਰਨ ਲਈ ਆਖਿਆ ਤੇ ਇਸ ਲਈ ਉਨ੍ਹਾਂ ਵੱਲੋਂ ਇਹ ਡੀਲ ਸਵੀਕਾਰੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਜੇ ਕੂਪ ਮੈਂਬਰਾਂ ਵੱਲੋਂ ਇਸ ਡੀਲ ਉੱਤੇ ਮੋਹਰ ਨਹੀਂ ਲਾਈ ਜਾਂਦੀ ਤਾਂ ਯੂਨੀਅਨ ਤੇ ਪ੍ਰੋਵਿੰਸ ਮੁੜ ਗੱਲਬਾਤ ਸ਼ੁਰੂ ਕਰਨਗੇ।

ਓਨਟਾਰੀਓ ਦੇ ਸਿੱਖਿਆ ਮੰਤਰੀ ਸਟੀਫਨ ਲਿਚੇ ਨੇ ਆਖਿਆ ਕਿ ਇਹ ਸਾਰੀਆਂ ਧਿਰਾਂ ਲਈ ਸਕਾਰਾਤਮਕ ਸਮਝੌਤਾ ਹੈ। ਇਸ ਦਾ ਸੱਭ ਤੋਂ ਵੱਡਾ ਫਾਇਦਾ ਸਾਡੇ ਬੱਚਿਆਂ ਨੂੰ ਹੋਵੇਗਾ।

# ਓਨਟਾਰੀਓ ਦੇ ਕਈ ਹਿੱਸਿਆਂ ਵਿੱਚ ਪੈ ਸਕਦੀ ਹੈ 60 ਸੈਂਟੀਮੀਟਰ ਤੱਕ ਬਰਫ



ਓਨਟਾਰੀਓ, 24 ਨਵੰਬਰ (ਪੋਸਟ ਬਿਊਰੋ) : ਇਸ ਹਫਤੇ ਓਨਟਾਰੀਓ ਦੇ ਕਈ ਹਿੱਸਿਆਂ ਵਿੱਚ ਠੰਢ ਦੀ ਜਕੜ ਮਜ਼ਬੂਤ ਹੋਣ ਜਾ ਰਹੀ ਹੈ। ਐਤਵਾਰ ਰਾਤ ਤੱਕ ਪ੍ਰੋਵਿੰਸ ਦੇ ਉੱਤਰੀ ਤੇ ਦੱਖਣੀ ਰੀਜਨਜ਼ ਵਿੱਚ 60 ਸੈਂਟੀਮੀਟਰ ਤੱਕ ਬਰਫਬਾਰੀ ਹੋਣ ਦੀ ਸੰਭਾਵਨਾ ਹੈ।

ਐਨਵਾਇਰਮੈਂਟ ਕੈਨੇਡਾ ਵੱਲੋਂ ਲੇਕ ਈਰੀ ਤੇ ਲੇਕ ਓਨਟਾਰੀਓ ਦੇ ਪੂਰਬੀ ਸਿਰੇ ਦੇ ਨਾਲ ਵਾਲੇ ਇਲਾਕਿਆਂ ਦੇ ਨਾਲ ਨਾਲ ਲੇਕ ਹੁਰੌਨ ਤੇ ਜੌਰਜੀਅਨ ਬੇਅ ਲਈ ਭਾਰੀ ਬਰਫਬਾਰੀ ਦੀ ਚੇਤਾਵਨੀ ਜਾਰੀ ਕੀਤੀ ਹੈ। ਇਸ ਦੇ ਨਾਲ ਹੀ ਲੋਕਾਂ ਨੂੰ ਸਾਵਧਾਨੀ ਤੋਂ ਕੰਮ ਲੈਣ ਲਈ ਵੀ ਆਖਿਆ ਗਿਆ ਹੈ। ਇਸ ਵੀਕੈਂਡ ਇਨ੍ਹਾਂ ਇਲਾਕਿਆਂ ਵਿੱਚ ਬਰਫੀਲਾ ਤੂਫਾਨ ਆਉਣ ਦੀ ਚੇਤਾਵਨੀ ਵੀ ਜਾਰੀ ਕੀਤੀ ਗਈ ਹੈ।

ਕੈਨੇਡਾ ਦੀ ਮੌਸਮ ਏਜੰਸੀ ਵੱਲੋਂ ਨਾਇਗਰਾ, ਕਿੰਗਸਟਨ-ਪ੍ਰਿੰਸ ਐਡਵਰਡ, ਗ੍ਰੇਅ-ਬਰੂਸ ਤੇ ਪੈਰੀ ਸਾਊਂਡ ਮਸਕੋਕਾ ਲਈ ਐਤਵਾਰ ਰਾਤ ਤੱਕ 60 ਸੈਂਟੀਮੀਟਰ ਤੱਕ ਬਰਫਬਾਰੀ ਹੋਣ ਦੀ ਚੇਤਾਵਨੀ ਵੀ ਦਿੱਤੀ ਗਈ ਹੈ। ਐਨਵਾਇਰਮੈਂਟ ਕੈਨੇਡਾ ਨੇ ਇਨ੍ਹਾਂ ਇਲਾਕਿਆਂ ਦੇ ਡਰਾਈਵਰਾਂ ਨੂੰ ਡਰਾਈਵ ਕਰਦੇ ਸਮੇਂ ਅਹਿਤਿਆਤ ਵਰਤਣ ਲਈ ਆਖਿਆ ਗਿਆ ਹੈ ਤੇ ਇਸ ਦੇ ਨਾਲ ਹੀ ਇਹ ਵੀ ਆਖਿਆ ਗਿਆ ਹੈ ਕਿ ਉਨ੍ਹਾਂ ਨੂੰ ਸੜਕਾਂ ਉੱਤੇ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਤੇ ਇਸ ਦੌਰਾਨ ਬਰਫੀਲੇ ਤੂਫਾਨ ਕਾਰਨ ਵਿਜ਼ਿਬਿਲਿਟੀ ਵੀ ਘੱਟ ਸਕਦੀ ਹੈ। ਜੀਟੀਏ ਦੇ ਨਾਲ ਲੱਗਦੇ ਇਲਾਕਿਆਂ ਵਿੱਚ ਤੇ ਬੈਰੀ ਏਰੀਆ ਵਿੱਚ 15 ਤੋਂ 20 ਸੈਂਟੀਮੀਟਰ ਤੱਕ ਬਰਫ ਪੈ ਸਕਦੀ ਹੈ।

ਪ੍ਰੋਵਿੰਸ ਦੇ ਸੱਭ ਤੋਂ ਵੱਧ ਪ੍ਰਭਾਵਿਤ ਇਲਾਕਿਆਂ ਵਿੱਚ ਟੋਰਾਂਟੋ ਵੀ ਸ਼ਾਮਲ ਹੈ ਪਰ ਇੱਥੇ ਬਹੁਤੀ ਬਰਫਬਾਰੀ ਹੋਣ ਦੀ ਸੰਭਾਵਨਾ ਨਹੀਂ ਹੈ। ਪਰ ਤਾਪਮਾਨ ਕਾਫੀ ਡਿੱਗ ਸਕਦਾ ਹੈ। ਇਸ ਦੌਰਾਨ ਬਫਲੋ ਵਿੱਚ ਵੀ ਬਰਫੀਲਾ ਤੂਫਾਨ ਆਉਣ ਦੀ ਪੇਸ਼ੀਨਿਗੋਈ ਕੀਤੀ ਗਈ ਹੈ। ਨਿਊ ਯੌਰਕ ਦੀ ਗਵਰਨਰ ਕੈਥੀ ਹਚੁਲ ਨੇ ਵੀਰਵਾਰ ਨੂੰ ਤੂਫਾਨ ਤੋਂ ਪਹਿਲਾਂ ਹੀ ਸਟੇਟ ਆਫ ਐਮਰਜੰਸੀ ਐਲਾਨ ਦਿੱਤੀ।

# ਇੰਡੋ-ਪੈਸੇਫਿਕ ਰਣਨੀਤੀ ਵਿੱਚ ਕੈਨੇਡੀਅਨ ਸੈਨਾਵਾਂ ਦੀ ਭੂਮਿਕਾ ਨੂੰ ਮਜ਼ਬੂਤ ਕਰਨ ਲਈ ਨਿਵੇਸ਼ ਕਰੇਗਾ ਕੈਨੇਡਾ : ਟਰੂਡੋ



ਥਾਈਲੈਂਡ, 24 ਨਵੰਬਰ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਕੈਨੇਡਾ ਦੀ ਇੰਡੋ-ਪੈਸੇਫਿਕ ਰਣਨੀਤੀ ਵਿੱਚ ਰੀਜਨ ਵਿੱਚ ਕੈਨੇਡੀਅਨ ਹਥਿਆਰਬੰਦ ਸੈਨਾਵਾਂ ਦੀ ਭੂਮਿਕਾ ਨੂੰ ਮਜ਼ਬੂਤ ਕਰਨ ਲਈ ਵਿਸ਼ੇਸ਼ ਤੌਰ ਉੱਤੇ ਨਿਵੇਸ਼ ਕੀਤਾ ਜਾਵੇਗਾ।

ਏਸ਼ੀਆ-ਪੈਸੇਫਿਕ ਇਕਨੌਮਿਕ ਕੋਆਪਰੇਸ਼ਨ ਫੋਰਮ ਵਿੱਚ ਹਿੱਸਾ ਲੈਣ ਲਈ ਟਰੂਡੋ ਥਾਈਲੈਂਡ ਵਿੱਚ ਹਨ। ਜ਼ਿਕਰਯੋਗ ਹੈ ਕਿ ਉੱਤਰੀ ਕੋਰੀਆ ਵੱਲੋਂ ਛੱਡੀ ਗਈ ਮਿਜ਼ਾਈਲ ਦੇ ਜਪਾਨ ਦੇ ਪਾਣੀਆਂ ਨੇੜੇ ਲੈਂਡ ਕਰਨ ਕਾਰਨ ਇਸ ਫੋਰਮ ਤੋਂ ਸਾਰਿਆਂ ਦਾ ਧਿਆਨ ਭਟਕ ਗਿਆ। ਅਮਰੀਕਾ ਵੱਲੋਂ ਜਾਪਾਨ, ਦੱਖਣੀ ਕੋਰੀਆ, ਆਸਟਰੇਲੀਆ, ਨਿਊਜ਼ੀਲੈਂਡ ਤੇ ਕੈਨੇਡਾ ਨਾਲ ਅਚਨਚੇਤੀ ਮੀਟਿੰਗ ਸੱਦੀ ਗਈ। ਇਸ ਦੀ ਮੇਜ਼ਬਾਨੀ ਅਮਰੀਕਾ ਦੀ ਉੱਪ ਰਾਸ਼ਟਰਪਤੀ ਕਮਲਾ ਹੈਰਿਸ ਵੱਲੋਂ ਕੀਤੀ ਗਈ।

ਟਰੂਡੋ ਨੇ ਆਪਣੇ ਪੰਜ ਕੁਲੀਗਜ਼ ਨੂੰ ਦੱਸਿਆ ਕਿ ਉੱਤਰੀ ਕੋਰੀਆ ਖਿਲਾਫ ਲਾਈਆਂ ਜਾਣ ਵਾਲੀਆਂ ਪਾਬੰਦੀਆਂ ਦੀ ਨਿਗਰਾਨੀ ਲਈ ਸੰਯੁਕਤ ਰਾਸ਼ਟਰ ਦੇ ਮਿਸ਼ਨ ਵਿੱਚ ਕੈਨੇਡਾ ਆਪਣੀ ਭੂਮਿਕਾ ਨਿਭਾਉਣੀ ਜਾਰੀ ਰੱਖੇਗਾ। ਇਸ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟਰੂਡੋ ਨੇ ਆਖਿਆ ਕਿ ਉੱਤਰੀ ਕੋਰੀਆ ਵੱਲੋਂ ਚੁੱਕਿਆ ਗਿਆ ਤਾਜ਼ਾ ਕਦਮ ਲਾਪਰਵਾਹੀ ਵਾਲਾ ਹੈ ਤੇ ਇਸ ਤਰ੍ਹਾਂ ਦੀ ਹਰਕਤ ਦੁਬਾਰਾ ਨਹੀਂ ਹੋਣੀ ਚਾਹੀਦੀ।

ਇਸ ਤੋਂ ਪਹਿਲਾਂ ਕਿ ਟਰੂਡੋ ਉੱਤਰੀ ਕੋਰੀਆ ਦੀ ਇਸ ਹਰਕਤ ਲਈ ਹੋਰਨਾਂ ਆਗੂਆਂ ਨਾਲ ਮੁਲਾਕਾਤ ਲਈ ਜਾਂਦੇ ਉਨ੍ਹਾਂ ਐਲਾਨ ਕੀਤਾ ਕਿ ਏਸ਼ੀਆ ਵਿੱਚ ਐਨਰਜੀ ਭਾਈਵਾਲੀ ਕਾਇਮ ਕਰਨ ਲਈ ਕੈਨੇਡਾ ਟੀਮ ਲਾਂਚ ਕਰਨ ਵਾਸਤੇ 13.5 ਮਿਲੀਅਨ ਡਾਲਰ ਖਰਚ ਕਰੇਗਾ।

# ਰੈਕਸਡੇਲ ਵਿੱਚ ਚੱਲੀ ਗੋਲੀ, ਇੱਕ ਹਲਾਕ




ਟੋਰਾਂਟੋ, 24 ਨਵੰਬਰ (ਪੋਸਟ ਬਿਊਰੋ) : ਐਤਵਾਰ ਰਾਤ ਨੂੰ ਰੈਕਸਡੇਲ ਵਿੱਚ ਚੱਲੀ ਗੋਲੀ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ। ਇਹ ਜਾਣਕਾਰੀ ਟੋਰਾਂਟੋ ਪੁਲਿਸ ਨੇ ਦਿੱਤੀ।

ਪੁਲਿਸ ਨੇ ਦੱਸਿਆ ਕਿ ਇਹ ਘਟਨਾ ਫਿੰਚ ਐਵਨਿਊ ਵੈਸਟ ਤੇ ਹੰਬਰਲਾਈਨ ਡਰਾਈਵ ਉੱਤੇ ਵਾਪਰੀ। ਅਜੇ ਤੱਕ ਕਿਸੇ ਮਸ਼ਕੂਕ ਬਾਰੇ ਕੋਈ ਜਾਣਕਾਰੀ ਜਾਰੀ ਨਹੀਂ ਕੀਤੀ ਗਈ ਹੈ। ਜਦੋਂ ਪੈਰਾਮੈਡਿਕਸ ਮੌਕੇ ਉੱਤੇ ਪਹੁੰਚੇ ਤਾਂ ਉਨ੍ਹਾਂ ਨੂੰ ਇੱਕ ਵਿਅਕਤੀ ਬੁਰੀ ਤਰ੍ਹਾਂ ਜ਼ਖ਼ਮੀ ਹਾਲਤ ਵਿੱਚ ਮਿਲਿਆ। ਬਾਅਦ ਵਿੱਚ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।

# ਟੋਰਾਂਟੋ ਵਿੱਚ ਗੱਡੀ ਨੂੰ ਪੇਸ਼ ਆਇਆ ਹਾਦਸਾ, ਇੱਕ ਹਲਾਕ, 2 ਜ਼ਖ਼ਮੀ



ਟੋਰਾਂਟੋ, 23 ਨਵੰਬਰ (ਪੋਸਟ ਬਿਊਰੋ) : ਟੋਰਾਂਟੋ ਦੇ ਪੂਰਬੀ ਸਿਰੇ ਉੱਤੇ ਇਕਹਿਰੀ ਗੱਡੀ ਨੂੰ ਪੇਸ਼ ਆਏ ਹਾਦਸੇ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਤੇ ਦੋ ਹੋਰ ਜ਼ਖ਼ਮੀ ਹੋ ਗਏ।

ਇਹ ਹਾਦਸਾ ਬੁੱਧਵਾਰ ਨੂੰ ਤੜਕੇ 3:00 ਵਜੇ ਸਟੀਲਜ਼ ਐਵਨਿਊ ਈਸਟ ਤੇ ਸੀਵੈਲਜ਼ ਰੋਡ ਇਲਾਕੇ ਵਿੱਚ ਵਾਪਰਿਆ। ਪੁਲਿਸ ਨੇ ਦੱਸਿਆ ਕਿ ਇੱਕ ਵਿਅਕਤੀ ਦੀ ਮੌਕੇ ਉੱਤੇ ਹੀ ਮੌਤ ਹੋ ਗਈ। ਦੋ ਹੋਰਨਾਂ ਵਿਅਕਤੀਆਂ ਨੂੰ ਨਾਜ਼ੁਕ ਪਰ ਸਥਿਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਕਾਰ ਨੂੰ ਪੇਸ਼ ਆਏ ਹਾਦਸੇ ਦੇ ਕਾਰਨ ਦਾ ਪਤਾ ਨਹੀਂ ਲੱਗ ਸਕਿਆ ਹੈ ਪਰ ਪੁਲਿਸ ਇਹ ਜਾਂਚ ਕਰ ਰਹੀ ਹੈ ਕਿ ਕਿਤੇ ਇਸ ਹਾਦਸੇ ਦਾ ਕਾਰਨ ਤੇਜ਼ ਰਫਤਾਰ ਤਾਂ ਨਹੀਂ ਸੀ। ਟਰੈਫਿਕ ਲਈ ਇਲਾਕੇ ਨੂੰ ਬੰਦ ਕੀਤਾ ਗਿਆ ਹੈ।

# ਬੇਲਾਰੂਸ ਖਿਲਾਫ ਨਵੀਆਂ ਪਾਬੰਦੀਆਂ ਦਾ ਐਲਾਨ ਕਰੇਗਾ ਕੈਨੇਡਾ



ਓਟਵਾ, 24 ਨਵੰਬਰ (ਪੋਸਟ ਬਿਊਰੋ) : ਯੂਕਰੇਨ ਨਾਲ ਵਿੱਢੇ ਸੰਘਰਸ਼ ਦੇ ਮਾਮਲੇ ਵਿੱਚ ਰੂਸ ਦੀ ਹਮਾਇਤ ਕਰਨ ਵਾਲੇ ਬੇਲਾਰੂਸ ਖਿਲਾਫ ਕੈਨੇਡਾ ਵੱਲੋਂ ਨਵੀਆਂ ਪਾਬੰਦੀਆਂ ਦਾ ਐਲਾਨ ਕੀਤਾ ਜਾਵੇਗਾ। ਵਿਦੇਸ਼ ਮੰਤਰੀ ਮਿਲੇਨੀ ਜੋਲੀ ਵੱਲੋਂ ਇਨ੍ਹਾਂ ਪਾਬੰਦੀਆਂ ਦਾ ਐਲਾਨ ਅੱਜ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ ਬੇਲਾਰੂਸ ਦੀ ਵਿਰੋਧੀ ਧਿਰ ਦੀ ਆਗੂ ਕੈਨੇਡਾ ਦੇ ਦੌਰੇ ਉੱਤੇ ਆਈ ਹੋਈ ਹੈ।

ਇੱਕ ਬਿਆਨ ਵਿੱਚ ਜੋਲੀ ਨੇ ਆਖਿਆ ਕਿ ਬੇਲਾਰੂਸ ਦੇ ਆਗੂਆਂ ਵੱਲੋਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਨ ਵਾਲਿਆਂ ਦਾ ਸਾਥ ਦਿੱਤਾ ਜਾ ਰਿਹਾ ਹੈ ਤੇ ਰੂਸ ਵੱਲੋਂ ਬੇਕਸੂਰਾਂ ਉੱਤੇ ਕੀਤੇ ਜਾ ਰਹੇ ਹਮਲਿਆਂ ਲਈ ਰਾਹ ਪੱਧਰਾ ਕਰਕੇ ਦਿੱਤਾ ਜਾ ਰਿਹਾ ਹੈ। ਕੈਨੇਡਾ ਵੱਲੋਂ ਬੇਲਾਰੂਸ ਦੇ 22 ਅਧਿਕਾਰੀਆਂ ਨੂੰ ਪਾਬੰਦੀਆਂ ਵਾਲੀ ਸੂਚੀ ਵਿੱਚ ਸ਼ਾਮਲ ਕੀਤਾ ਜਾ ਰਿਹਾ ਹੈ। ਇਨ੍ਹਾਂ ਵਿੱਚ ਉਹ ਲੋਕ ਵੀ ਸ਼ਾਮਲ ਹੋਣਗੇ ਜਿਹੜੇ ਰੂਸੀ ਫੌਜ ਦੇ ਕਰਮਚਾਰੀਆਂ ਤੇ ਸਾਜ਼ੋ ਸਮਾਨ ਦੀ ਢੋਆ ਢੁਆਈ ਵਿੱਚ ਸ਼ਾਮਲ ਹੋਣਗੇ ਜਾਂ ਜਿਨ੍ਹਾਂ ਨੇ ਉਨ੍ਹਾਂ ਨੂੰ ਪਨਾਹ ਦਿੱਤੀ ਹੋਵੇਗੀ।

ਇਨ੍ਹਾਂ ਪਾਬੰਦੀਆਂ ਦਾ ਅਸਰ ਉਨ੍ਹਾਂ 16 ਬੇਲਾਰੂਸੀ ਕੰਪਨੀਆਂ ਉੱਤੇ ਵੀ ਪਵੇਗਾ ਜਿਹੜੀਆਂ ਫੌਜ ਲਈ ਉਤਪਾਦਨ, ਤਕਨਾਲੋਜੀ, ਇੰਜੀਨੀਅਰਿੰਗ, ਬੈਂਕਿੰਗ ਤੇ ਰੇਲ ਸੈਕਟਰਜ਼ ਮੁਹੱਈਆ ਕਰਾਵੇਗਾ।

ਇਹ ਐਲਾਨ ਉਸ ਸਮੇਂ ਆਇਆ ਹੈ ਜਦੋਂ ਦੇਸ਼ ਦੀ ਜਲਾਵਤਨ ਵਿਰੋਧੀ ਧਿਰ ਦੀ ਆਗੂ ਸਵੇਤਲਾਨਾ ਸਿਖਾਨੁਸਕਾਯਾ, ਜੋਲੀ, ਐਮਪੀਜ਼ ਤੇ ਸੈਨੇਟਰਜ਼ ਨੂੰ ਮਿਲਣ ਲਈ ਕੈਨੇਡਾ ਦੇ ਦੌਰੇ ਉੱਤੇ ਹੈ। ਜੋਲੀ ਨੇ ਆਖਿਆ ਕਿ ਉਹ ਸਵੇਤਲਾਨਾ ਨਾਲ ਰਾਸ਼ਟਰਪਤੀ ਅਲੈਗਜ਼ੈਂਡਰ ਲੁਕਾਸੈਂਕੋ ਦੇ ਸ਼ਾਸਨਕਾਲ ਬਾਰੇ ਤੇ ਰੂਸ ਵੱਲੋਂ ਯੂਕਰੇਨ ਨਾਲ ਛੇੜੀ ਜੰਗ ਸਬੰਧੀ ਉਨ੍ਹਾਂ ਵੱਲੋਂ ਨਿਭਾਈ ਜਾ ਰਹੀ ਭੂਮਿਕਾ ਬਾਰੇ ਗੱਲ ਕਰਨਗੇ। ਇਸ ਦੇ ਨਾਲ ਹੀ ਬੇਲਾਰੂਸ ਵਿੱਚ ਜਮਹੂਰੀਅਤ ਬਹਾਲ ਰੱਖਣ ਦੀ ਅਹਿਮੀਅਤ ਬਾਰੇ ਵੀ ਚਰਚਾ ਕਰਨਗੇ।

ਜ਼ਿਕਰਯੋਗ ਹੈ ਕਿ ਲੁਕਾਸੈਂਕੋ 2020 ਦੀਆਂ ਚੋਣਾਂ ਵਿੱਚ ਸੱਤਾ ਵਿੱਚ ਆਏ ਤੇ ਉਨ੍ਹਾਂ ਨੂੰ ਜਾਅਲਸਾਜ਼ ਵੀ ਆਖਿਆ ਜਾਂਦਾ ਹੈ।

# ਯੌਰਕ ਵਿੱਚ ਦੂਹਰੀ ਛੁਰੇਬਾਜ਼ੀ ਵਿੱਚ ਇੱਕ ਵਿਅਕਤੀ ਦੀ ਹਾਲਤ ਨਾਜ਼ੁਕ



ਟੋਰਾਂਟੋ, 24 ਨਵੰਬਰ (ਪੋਸਟ ਬਿਊਰੋ) : ਸੋਮਵਾਰ ਰਾਤ ਨੂੰ ਟੋਰਾਂਟੋ ਵਿੱਚ ਯੌਰਕ ਸੈਕਸ਼ਨ ਵਿੱਚ ਸਥਿਤ ਰਿਹਾਇਸ਼ੀ ਇਮਾਰਤ ਵਿੱਚ ਦੋ ਵਿਅਕਤੀਆਂ ਨੂੰ ਚਾਕੂ ਮਾਰ ਕੇ ਜ਼ਖ਼ਮੀ ਕਰ ਦਿੱਤਾ ਗਿਆ। ਇਸ ਮਗਰੋਂ ਪੁਲਿਸ ਵੱਲੋਂ ਮਸ਼ਕੂਕ ਨੂੰ ਵੀ ਹਿਰਾਸਤ ਵਿੱਚ ਲੈ ਲਿਆ ਗਿਆ ਹੈ।

ਐਮਰਜੰਸੀ ਅਮਲੇ ਨੂੰ ਰਾਤੀਂ 11:00 ਵਜੇ ਤੋਂ ਬਾਅਦ ਲਾਅਰੈਂਸ ਐਵਨਿਊ ਵੈਸਟ ਨੇੜੇ ਲੌਥਰਟਨ ਪਾਥਵੇਅ ਤੇ ਕੇਲਡੋਨੀਆ ਰੋਡ ਇਲਾਕੇ ਵਿੱਚ ਸੱਦਿਆ ਗਿਆ।

ਪੁਲਿਸ ਨੇ ਦੱਸਿਆ ਕਿ ਇਹ ਛੁਰੇਬਾਜ਼ੀ ਦੀ ਘਟਨਾ ਹਾਲਵੇਅ ਵਿੱਚ ਉਸ ਸਮੇਂ ਵਾਪਰੀ ਜਦੋਂ ਐਲੇਵੇਟਰ ਸੱਤਵੀਂ ਮੰਜ਼ਿਲ ਉੱਤੇ ਸੀ।

ਇੱਕ ਜ਼ਖ਼ਮੀ ਵਿਅਕਤੀ ਨੂੰ ਨਾਜ਼ੁਕ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਦੂਜੇ ਜ਼ਖ਼ਮੀ ਵਿਅਕਤੀ ਦੀ ਸਥਿਤੀ ਬਾਰੇ ਅਜੇ ਤੱਕ ਕੋਈ ਜਾਣਕਾਰੀ ਹਾਸਲ ਨਹੀਂ ਹੋ ਸਕੀ ਹੈ। ਅਜੇ ਤੱਕ ਇਹ ਵੀ ਪਤਾ ਨਹੀਂ ਲੱਗ ਸਕਿਆ ਕਿ ਛੁਰੇਬਾਜ਼ੀ ਪਿੱਛੇ ਕੀ ਕਾਰਨ ਜ਼ਿੰਮੇਵਾਰ ਸੀ।

# ਵ੍ਹੀਲਚੇਅਰਜ਼ ਖਰੀਦਣ ਲਈ ਓਸਲਰ ਫਾਊਂਡੇਸ਼ਨ ਨੇ 20,000 ਡਾਲਰ ਇੱਕਠਾ ਕਰਨ ਦਾ ਮਿਥਿਆ ਟੀਚਾ



ਬਰੈਂਪਟਨ, 24 ਨਵੰਬਰ (ਪੋਸਟ ਬਿਊਰੋ) : ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਗਿਵਿੰਗ ਟਿਊਜ਼ਡੇਅ ਨੂੰ ਵਿਲੀਅਮ ਓਸਲਰ ਹੈਲਥ ਸਿਸਟਮ ਫਾਊਂਡੇਸ਼ਨ (ਓਸਲਰ ਫਾਊਂਡੇਸ਼ਨ) ਵੱਲੋਂ 20,000 ਡਾਲਰ ਇੱਕਠਾ ਕਰਨ ਦਾ ਟੀਚਾ ਰੱਖਿਆ ਗਿਆ ਹੈ। ਇੱਕਠੀ ਕੀਤੀ ਜਾਣ ਵਾਲੀ ਇਸ ਰਕਮ ਨਾਲ ਵਿਲੀਅਮ ਓਸਲਰ ਹੈਲਥ ਸਿਸਟਮ ਲਈ 40 ਨਵੀਆਂ ਵ੍ਹੀਲਚੇਅਰਜ਼ ਖਰੀਦੀਆਂ ਜਾਣਗੀਆਂ।

ਕਿਸੇ ਵੀ ਹਸਪਤਾਲ ਵਿੱਚ ਸੱਭ ਤੋਂ ਵੱਧ ਕੰਮ ਆਉਣ ਵਾਲਾ ਇਕਿਉਪਮੈਂਟ ਵ੍ਹੀਲਚੇਅਰਜ਼ ਹੀ ਹੁੰਦੀਆਂ ਹਨ। ਓਸਲਰ ਵਿੱਚ ਇਲਾਜ ਕਰਵਾਉਣ ਵਾਸਤੇ ਆਉਣ ਵਾਲੇ ਮਰੀਜ਼ਾਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਹੋਣ ਨਾਲ ਨਵੀਆਂ ਵ੍ਹੀਲਚੇਅਰਜ਼ ਦੀ ਮੰਗ ਵੀ ਵੱਧ ਰਹੀ ਹੈ ਤੇ ਅਕਸਰ ਵਰਤੋਂ ਵਿੱਚ ਆਉਣ ਕਾਰਨ ਇਨ੍ਹਾਂ ਦੀ ਮੁਰੰਮਤ ਕਰਵਾਉਣਾ ਜਾਂ ਇਨ੍ਹਾਂ ਨੂੰ ਬਦਲਣ ਦੀ ਲੋੜ ਮਹਿਸੂਸ ਹੁੰਦੀ ਰਹਿੰਦੀ ਹੈ।

ਹਰੇਕ ਨਵੀਂ ਵ੍ਹੀਲਚੇਅਰ ਦੀ ਕੀਮਤ 500 ਡਾਲਰ ਹੈ ਤੇ ਕਮਿਊਨਿਟੀ ਵੱਲੋਂ ਇਨ੍ਹਾਂ ਦੀ ਖਰੀਦ ਲਈ ਫੰਡ ਹਾਸਲ ਕਰਨਾ ਵੀ ਜ਼ਰੂਰੀ ਹੈ। ਫਰਾਖ਼ਦਿਲੀ ਨਾਲ ਇਸ ਪਾਸੇ ਕਮਿਊਨਿਟੀ ਨੂੰ ਹੱਲਾਸ਼ੇਰੀ ਦੇਣ ਵਾਸਤੇ ਜੌਹਨ ਐਸਪਲੈਨ ਤੇ ਦ ਹੰਬਰਵਿਊ ਗਰੁੱਪ 31 ਦਸੰਬਰ ਤੱਕ ਇੱਕਠੇ ਹੋਣ ਵਾਲੇ 1 ਮਿਲੀਅਨ ਡਾਲਰ ਤੱਕ ਦੇ ਫੰਡਾਂ ਦੇ ਬਰਾਬਰ ਡੋਨੇਸ਼ਨ ਦੇਵੇਗਾ।

# ਟੋਰਾਂਟੋ ਤੇ ਜੀਟੀਏ ਵਿੱਚ ਛਾਈ ਰਹੇਗੀ ਧੁੰਦ



ਟੋਰਾਂਟੋ, 24 ਨਵੰਬਰ (ਪੋਸਟ ਬਿਊਰੋ) : ਵੀਰਵਾਰ ਸਵੇਰੇ ਟੋਰਾਂਟੋ ਤੇ ਜੀਟੀਏ ਦੇ ਕਈ ਇਲਾਕਿਆਂ ਵਿੱਚ ਸੰਘਣੀ ਧੁੰਦ ਛਾਈ ਰਹੇਗੀ। ਇਸ ਨਾਲ ਮਾੜੀ ਵਿਜ਼ਿਬਿਲਿਟੀ ਕਾਰਨ ਗੱਡੀਆਂ ਚਲਾਉਣ ਵਾਲਿਆਂ ਨੂੰ ਵੀ ਦਿੱਕਤ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਐਨਵਾਇਰਮੈਂਟ ਕੈਨੇਡਾ ਵੱਲੋਂ ਬੁੱਧਵਾਰ ਨੂੰ ਰੀਜਨ ਲਈ ਇਹ ਧੁੰਦ ਸਬੰਧੀ ਐਡਵਾਈਜ਼ਰੀ ਜਾਰੀ ਕੀਤੀ ਗਈ। ਇਹ ਵੀ ਆਖਿਆ ਗਿਆ ਹੈ ਕਿ ਸਵੇਰ ਵੇਲੇ ਇਹ ਧੁੰਦ ਜ਼ਿਆਦਾ ਹੋਵੇਗੀ। ਕਈ ਥਾਂਵਾਂ ਉੱਤੇ ਤਾਂ ਕੁੱਝ ਵੀ ਨਜ਼ਰ ਨਾ ਆਉਣ ਕਾਰਨ ਟਰੈਵਲ ਕਰਨਾ ਨਾਮੁਮਕਿਨ ਹੋਵੇਗਾ। ਪਰ ਇਹ ਵੀ ਆਖਿਆ ਗਿਆ ਹੈ ਕਿ ਸਵੇਰ ਵੇਲੇ ਇਹ ਧੁੰਦ ਛਟ ਜਾਵੇਗੀ।

ਮੌਸਮ ਵਿਗਿਆਨੀ ਜਿਲ ਟੇਲਰ ਦਾ ਕਹਿਣਾ ਹੈ ਕਿ ਕਈ ਥਾਂਵਾਂ ਉੱਤੇ ਇਹ ਧੁੰਦ ਹੱਢ ਜਮਾ ਦੇਣ ਵਾਲੀ ਹੋਵੇਗੀ। ਉਨ੍ਹਾਂ ਆਖਿਆ ਕਿ ਇੱਕ ਵਾਰੀ ਧੁੰਦ ਛਟ ਜਾਣ ਤੋਂ ਬਾਅਦ ਬੱਦਲਵਾਈ ਹੋ ਜਾਵੇਗੀ ਤੇ






# ਵਰਜੀਨੀਆ ਦੇ ਵਾਲਮਾਰਟ ਵਿੱਚ ਹਮਲਾਵਰ ਨੇ ਚਲਾਈਆਂ ਅੰਨ੍ਹੇਵਾਹ ਗੋਲੀਆਂ, 6 ਹਲਾਕ



ਵਰਜੀਨੀਆ, 24 ਨਵੰਬਰ (ਪੋਸਟ ਬਿਊਰੋ) : ਬੁੱਧਵਾਰ ਤੜਕੇ ਨੂੰ ਵਰਜੀਨੀਆ ਵਿੱਚ ਵਾਲਮਾਰਟ ਵਿੱਚ ਇੱਕ ਸ਼ੂਟਰ ਵੱਲੋਂ ਗੋਲੀਆਂ ਚਲਾਏ ਜਾਣ ਕਾਰਨ ਛੇ ਵਿਅਕਤੀ ਮਾਰੇ ਗਏ। ਇਹ ਕੁੱਝ ਦਿਨਾਂ ਦੇ ਅੰਦਰ ਅੰਦਰ ਵਾਪਰੀ ਦੂਜੀ ਇਸ ਕਿਸਮ ਦੀ ਘਟਨਾ ਹੈ। ਇਹ ਜਾਣਕਾਰੀ ਪੁਲਿਸ ਨੇ ਦਿੱਤੀ। ਪੁਲਿਸ ਨੇ ਦੱਸਿਆ ਕਿ ਇਸ ਘਟਨਾ ਵਿੱਚ ਹਮਲਾਵਰ ਵੀ ਮਾਰਿਆ ਗਿਆ।

ਬੁੱਧਵਾਰ ਤੜਕੇ ਪੁਲਿਸ ਅਧਿਕਾਰੀ ਲੀਓ ਕੋਸਿੰਸਕੀ ਨੇ ਆਖਿਆ ਕਿ ਚੀਜ਼ਪੀਕ ਵਿੱਚ ਸਥਿਤ ਸਟੋਰ ਇਸ ਸਮੇਂ ਸੁਰੱਖਿਅਤ ਹੈ ਤੇ ਜਾਂਚ ਦੌਰਾਨ ਇਸ ਨੂੰ ਕਈ ਦਿਨਾਂ ਲਈ ਬੰਦ ਰੱਖਿਆ ਜਾਵੇਗਾ। ਇਹ ਸ਼ੂਟਿੰਗ ਉਸ ਘਟਨਾ ਤੋਂ ਤਿੰਨ ਦਿਨ ਬਾਅਦ ਵਾਪਰੀ ਜਦੋਂ ਕੋਲੋਰਾਡੋ ਦੇ ਇੱਕ ਗੇਅ ਨਾਈਟਕਲੱਬ ਵਿੱਚ ਇੱਕ ਵਿਅਕਤੀ ਨੇ ਅੰਨ੍ਹੇਵਾਹ ਗੋਲੀਆਂ ਚਲਾ ਕੇ ਪੰਜ ਲੋਕਾਂ ਦੀ ਜਾਨ ਲੈ ਲਈ ਤੇ 17 ਹੋਰਨਾਂ ਨੂੰ ਜ਼ਖ਼ਮੀ ਕਰ ਦਿੱਤਾ। ਇਸ ਸਾਲ ਦੇ ਸ਼ੁਰੂ ਵਿੱਚ ਯੂਵਾਲਡੇ, ਟੈਕਸਸ ਵਿੱਚ ਇੱਕ ਐਲੀਮੈਂਟਰੀ ਸਕੂਲ ਵਿੱਚ ਗੰਨਮੈਨ ਵੱਲੋਂ ਚਲਾਈਆਂ ਗੋਲੀਆਂ ਕਾਰਨ 21 ਵਿਅਕਤੀ ਮਾਰੇ ਗਏ ਸਨ। ਕੋਸਿੰਸਕੀ ਨੇ ਆਖਿਆ ਕਿ ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਗੰਨਮੈਨ ਕਿਵੇਂ ਮਾਰਿਆ ਗਿਆ। ਪਰ ਉਨ੍ਹਾਂ ਆਖਿਆ ਕਿ ਪੁਲਿਸ ਵੱਲੋਂ ਉਸ ਉੱਤੇ ਗੋਲੀ ਨਹੀਂ ਚਲਾਈ ਗਈ। ਸ਼ੂਟਿੰਗ ਉਸ ਸਮੇਂ ਰੁਕ ਗਈ ਜਦੋਂ ਪੁਲਿਸ ਮੌਕੇ ਉੱਤੇ ਪਹੁੰਚੀ। ਚੀਜ਼ਪੀਕ, ਵਰਜੀਨੀਆ ਦੀ ਦੂਜੀ ਸੱਭ ਤੋਂ ਵੱਡੀ ਸਿਟੀ ਹੈ ਤੇ ਇਹ ਨੌਰਫੋਕ ਤੇ ਵਰਜੀਨੀਆ ਬੀਚ ਦੀਆਂ ਕਮਿਊਨਿਟੀਜ਼ ਦੇ ਨੇੜੇ ਪੈਂਦੀ ਹੈ।

# ਕਾਊਂਸਲ ਕਮੇਟੀ ਵਿੱਚ ਸੇਵਾ ਨਿਭਾਅ ਕੇ ਆਪਣੀ ਕਮਿਊਨਿਟੀ ਦੀ ਬਦਲੋ ਨੁਹਾਰ



ਮਿਸੀਸਾਗਾ, 24 ਨਵੰਬਰ (ਪੋਸਟ ਬਿਊਰੋ) : ਸਿਟੀ ਆਫ ਮਿਸੀਸਾਗਾ ਚਾਹੁੰਦੀ ਹੈ ਕਿ ਨਾਗਰਿਕ ਉਨ੍ਹਾਂ ਦੀਆਂ ਕਮੇਟੀਆਂ, ਲੋਕਲ ਬੋਰਡਜ਼ ਵਿੱਚ ਕੰਮ ਕਰਨ। ਇਹ ਕਮੇਟੀਆਂ ਸਿਟੀ ਕਾਊਂਸਲ ਨੂੰ ਸਿਫਾਰਿਸ਼ਾਂ ਕਰਦੀਆਂ ਹਨ ਜਾਂ ਫਿਰ ਕੁੱਝ ਖਾਸ ਮੁੱਦਿਆਂ ਉੱਤੇ ਆਜ਼ਾਦਾਨਾਂ ਢੰਗ ਨਾਲ ਫੈਸਲੇ ਲੈਂਦੀਆਂ ਹਨ।

ਇਸ ਸਬੰਧ ਵਿੱਚ ਅਰਜ਼ੀਆਂ 24 ਨਵੰਬਰ ਤੋਂ 15 ਦਸੰਬਰ, 2022 ਤੱਕ ਸਵੀਕਾਰੀਆਂ ਜਾਣਗੀਆਂ। ਇਹ ਕਮੇਟੀਆਂ ਤੇ ਬੋਰਡ ਕਈ ਤਰ੍ਹਾਂ ਦੇ ਹੁੰਦੇ ਹਨ, ਜਿਨ੍ਹਾਂ ਲਈ ਸਥਾਨਕ ਨਾਗਰਿਕਾਂ ਨੂੰ ਮੈਂਬਰ ਲੈਣਾ ਹੁੰਦਾ ਹੈ। ਇਨ੍ਹਾਂ ਵਿੱਚ ਅਸੈਸੇਬਿਲਿਟੀ ਐਡਵਾਈਜ਼ਰੀ ਕਮੇਟੀ, ਹੈਰੀਟੇਜ ਐਡਵਾਈਜ਼ਰੀ ਕਮੇਟੀ, ਮਿਸੀਸਾਗਾ ਆਰਟਸ ਕਾਊਂਸਲ, ਮਿਸੀਸਾਗਾ ਪਬਲਿਕ ਲਾਇਬ੍ਰੇਰੀ ਬੋਰਡ ਤੇ ਹੋਰ ਸ਼ਾਮਲ ਹਨ। ਮੈਂਬਰਾਂ ਨੂੰ 14 ਨਵੰਬਰ, 2026 ਨੂੰ ਖ਼ਤਮ ਹੋਣ ਜਾ ਰਹੀ ਚਾਰ ਸਾਲਾ ਮਿਆਦ ਲਈ ਸੇਵਾ ਕਰਨੀ ਹੋਵੇਗੀ।

ਸਿਟੀ ਵੱਲੋਂ ਅਜਿਹੀਆਂ ਕਮੇਟੀਆਂ ਲਈ ਕੰਮ ਕਰਨ ਦੇ ਚਾਹਵਾਨਾਂ ਲਈ ਡਰੌਪ ਇਨ ਇਨਫਰਮੇਸ਼ਨ ਸੈਸ਼ਨ ਦਾ ਆਯੋਜਨ ਕੀਤਾ ਜਾ ਰਿਹਾ ਹੈ ਤੇ ਇਸ ਦੌਰਾਨ ਹੀ ਅਰਜ਼ੀ ਪ੍ਰਕਿਰਿਆ ਵੀ ਜਾਰੀ ਰੱਖੀ ਜਾਵੇਗੀ। ਕਾਊਂਸਲ ਕਮੇਟੀ ਅਪੁਆਇੰਟਮੈਂਟਸ ਡਰੌਪ-ਇਨ ਇਨਫਰਮੇਸ਼ਨ ਸੈਸ਼ਨ 24 ਨਵੰਬਰ ਦਿਨ ਵੀਰਵਾਰ ਨੂੰ ਸ਼ਾਮੀਂ 6:00 ਵਜੇ ਤੋਂ 7:30 ਵਜੇ ਤੱਕ ਕਾਊਂਸਲ ਚੇਂਬਰਜ਼, ਸਿਟੀ ਹਾਲ 300 ਸਿਟੀ ਸੈਂਟਰ ਡਰਾਈਵ, ਮਿਸੀਸਾਗਾ, ਓਨਟਾਰੀਓ ਵਿਖੇ ਕਰਵਾਇਆ ਜਾਵੇਗਾ।

ਸਿਟੀ ਦੀਆਂ ਕਮੇਟੀਆਂ, ਲੋਕਲ ਬੋਰਡਜ਼ ਤੇ ਅਥਾਰਟੀਜ਼ ਬਾਰੇ ਜਾਣਕਾਰੀ ਕਾਊਂਸਲ ਕਮੇਟੀ ਦੀ ਵੈੱਬਸਾਈਟ ਉੱਤੇ ਉਪਲਬਧ ਹੈ। ਅਰਜ਼ੀ ਪ੍ਰਕਿਰਿਆ ਤੇ ਹਰੇਕ ਕਮੇਟੀ ਲਈ ਲੋੜੀਂਦੀ ਯੋਗਤਾ ਬਾਰੇ ਜਾਣਕਾਰੀ ਸਿਟੀਜ਼ਨ ਅਪੁਆਇੰਟਮੈਂਟ ਵੈੱਬਪੇਜ ਉੱਤੇ ਉਪਲਬਧ ਹੈ।

# ਐਲਨ ਮਸਕ ਨੇ ਇੱਕ ਸਾਲ ਵਿਚ 100 ਬਿਲੀਅਨ ਡਾਲਰ ਦੀ ਸੰਪਤੀ ਦੌਲਤ ਗੁਆਈ



ਨਿਊ ਯਾਰਕ, 24 ਨਵੰਬਰ (ਪੋਸਟ ਬਿਊਰੋ)- ਐਲਨ ਮਸਕ ਨੂੰ 2022 ਵਿੱਚ 100 ਬਿਲੀਅਨ ਡਾਲਰ ਦਾ ਨੁਕਸਾਨ ਹੋਇਆ ਹੈ। ਇਸ ਦੌਰਾਨ ਟੈਸਲਾ ਇੰਕ ਦੇ ਸ਼ੇਅਰ ਵੀ ਦੋ ਸਾਲਾਂ ਦੇ ਹੇਠਲੇ ਪੱਧਰ 'ਤੇ ਆ ਗਏ ਹਨ। ਬਲੂਮਬਰਗ ਦੀ ਇੱਕ ਰਿਪੋਰਟ ਦੇ ਅਨੁਸਾਰ, ਟੈਸਲਾ ਦੇ ਸਹਿ-ਸੰਸਥਾਪਕ ਅਜੇ ਵੀ 169.8 ਬਿਲੀਅਨ ਡਾਲਰ ਦੀ ਕੁੱਲ ਜਾਇਦਾਦ ਦੇ ਨਾਲ ਦੁਨੀਆ ਦੇ ਸਭ ਤੋਂ ਅਮੀਰ ਕਾਰੋਬਾਰੀ ਬਣੇ ਹੋਏ ਹਨ। ਸੋਮਵਾਰ ਨੂੰ ਹੀ ਐਲਨ ਮਸਕ ਦੀ ਕੁੱਲ ਜਾਇਦਾਦ 8.6 ਅਰਬ ਡਾਲਰ ਘਟ ਗਈ ਸੀ। ਇਸ ਸਾਲ ਐਲਨ ਮਸਕ ਦੀ ਦੌਲਤ ਵਿੱਚ 100 ਬਿਲੀਅਨ ਡਾਲਰ ਦੀ ਕਮੀ ਆਈ ਹੈ। ਇਹ ਦੁਨੀਆ ਦੇ ਸਭ ਤੋਂ ਅਮੀਰ ਕਾਰੋਬਾਰੀਆਂ ਦਾ ਸਭ ਤੋਂ ਵੱਧ ਨੁਕਸਾਨ ਹੈ। ਕਰੀਬ ਇੱਕ ਸਾਲ ਪਹਿਲਾਂ ਐਲਨ ਮਸਕ ਦੀ ਜਾਇਦਾਦ 340 ਬਿਲੀਅਨ ਡਾਲਰ ਤੱਕ ਪਹੁੰਚ ਗਈ ਸੀ।

ਇਲੈਕਟ੍ਰਿਕ ਕਾਰ ਨਿਰਮਾਤਾ ਐਲਨ ਮਸਕ ਨੇ ਚੀਨ, ਜੋ ਕਿ ਅਮਰੀਕਾ ਤੋਂ ਬਾਅਦ ਟੈਸਲਾ ਦਾ ਦੂਜਾ ਸਭ ਤੋਂ ਵੱਡਾ ਬਾਜ਼ਾਰ ਹੈ, ਵਿੱਚ ਪਾਬੰਦੀਆਂ ਕਾਰਨ ਆਪਣੀ ਬਹੁਤ ਸਾਰੀ ਦੌਲਤ ਗੁਆ ਦਿੱਤੀ ਹੈ। ਸੋਮਵਾਰ ਨੂੰ ਨਿਊਯਾਰਕ ਵਪਾਰ ਵਿੱਚ ਟੈਸਲਾ ਦੇ ਸ਼ੇਅਰ 6.8% ਡਿੱਗ ਕੇ $167.87 ਹੋ ਗਏ। ਨਵੰਬਰ 2020 ਤੋਂ ਬਾਅਦ ਇਹ ਸਭ ਤੋਂ ਘੱਟ ਕੀਮਤ ਹੈ। ਇਸ ਸਾਲ ਟੈਸਲਾ ਦੇ ਸ਼ੇਅਰਾਂ 'ਚ 52 ਫੀਸਦੀ ਦੀ ਗਿਰਾਵਟ ਆਈ ਹੈ। ਜਦਕਿ ਟੈਕਨਾਲੋਜੀ ਕੰਪਨੀਆਂ ਵਾਲੇ ਨੈਸਡੈਕ 100 ਇੰਡੈਕਸ 'ਚ 29 ਫੀਸਦੀ ਦੀ ਗਿਰਾਵਟ ਦਰਜ ਕੀਤੀ ਗਈ ਹੈ। 51 ਸਾਲਾ ਮਸਕ ਵੀ ਇਨ੍ਹੀਂ ਦਿਨੀਂ ਟਵਿਟਰ 'ਤੇ ਕਾਫੀ ਰੁੱਝੇ ਹੋਏ ਹਨ। ਉਸਨੇ ਪਿਛਲੇ ਮਹੀਨੇ ਇਸ ਸੋਸ਼ਲ ਮੀਡੀਆ ਨੈਟਵਰਕ ਨੂੰ 44 ਬਿਲੀਅਨ ਡਾਲਰ ਵਿੱਚ ਖਰੀਦਿਆ ਸੀ। ਜਦੋਂ ਤੋਂ ਐਲਨ ਮਸਕ ਨੇ ਟਵਿੱਟਰ ਖਰੀਦਿਆ ਹੈ, ਉਸ ਨੇ ਇਸਦੇ 60 ਪ੍ਰਤੀਸ਼ਤ ਕਰਮਚਾਰੀਆਂ ਨੂੰ ਨੌਕਰੀ ਤੋਂ ਕੱਢ ਦਿੱਤਾ ਹੈ। ਨਿਵੇਸ਼ਕ ਹੁਣ ਸਵਾਲ ਕਰ ਰਹੇ ਹਨ ਕਿ ਕੀ ਅਰਬਪਤੀ ਕਾਰੋਬਾਰੀ ਐਲਨ ਮਸਕ ਆਪਣੇ ਬਹੁਤ ਸਾਰੇ ਉੱਚ-ਪ੍ਰੋਫਾਈਲ ਉੱਦਮਾਂ ਵਿੱਚ ਬਹੁਤ ਜ਼ਿਆਦਾ ਲਪੇਟਿਆ ਹੋਇਆ ਹੈ ਜਾਂ ਕੀ ਟੈਸਲਾ 'ਤੇ ਆਪਣਾ ਸਾਰਾ ਸਮਾਂ ਅਤੇ ਧਿਆਨ ਲਗਾ ਰਿਹਾ ਹੈ।

# ਮਿਸੀਸਾਗਾ ਦੀਆਂ ਸੜਕਾਂ ਨੂੰ ਸੁਰੱਖਿਅਤ ਬਣਾਉਣ ਲਈ ਨਿੱਠ ਕੇ ਕੰਮ ਕਰ ਰਹੀ ਹੈ ਸਿਟੀ



ਮਿਸੀਸਾਗਾ, 24 ਨਵੰਬਰ (ਪੋਸਟ ਬਿਊਰੋ) : ਬੀਤੇ ਦਿਨੀਂ ਸੜਕ ਹਾਦਸਿਆਂ ਵਿੱਚ ਮਾਰੇ ਗਏ ਲੋਕਾਂ ਨੂੰ ਯਾਦ ਕਰਨ ਲਈ ਖਾਸ ਦਿਨ ਮਨਾਇਆ ਗਿਆ। ਇਸ ਦੌਰਾਨ ਮਿਸੀਸਾਗਾ ਦੀਆਂ ਸੜਕਾਂ ਉੱਤੇ ਮਾਰੇ ਗਏ ਜਾਂ ਜ਼ਖ਼ਮੀ ਹੋਏ ਲੋਕਾਂ ਨੂੰ ਸ਼ਰਧਾਂਜਲੀ ਵਜੋਂ ਸਿਟੀ ਦੇ ਸਿਵਿਕ ਸੈਂਟਰ ਕਲੌਕ ਟਾਵਰ ਦੀ ਲਾਈਟ ਨੂੰ ਡਿੰਮ ਰੱਖਿਆ ਗਿਆ।

ਇਸ ਮੌਕੇ ਮੇਅਰ ਬ੍ਰੌਨੀ ਕ੍ਰੌਂਬੀ ਨੇ ਆਖਿਆ ਕਿ ਇਸ ਤਰ੍ਹਾਂ ਦੇ ਖਾਸ ਦਿਨ ਉੱਤੇ ਅਸੀਂ ਮਿਸੀਸਾਗਾ ਵਿੱਚ ਹੋਏ ਹਾਦਸਿਆਂ ਵਿੱਚ ਆਪਣੀਆਂ ਜਾਨਾਂ ਗਵਾਉਣ ਵਾਲਿਆਂ ਤੇ ਜ਼ਖ਼ਮੀ ਹੋਣ ਵਾਲਿਆਂ ਨੂੰ ਚੇਤੇ ਕਰਦੇ ਹਾਂ ਤੇ ਉਨ੍ਹਾਂ ਨੂੰ ਆਪਣੀ ਸ਼ਰਧਾਂਜਲੀ ਦੇ ਸਕਦੇ ਹਾਂ। ਉਨ੍ਹਾਂ ਆਖਿਆ ਕਿ ਅਸੀਂ ਤੇਜ਼ੀ ਨਾਲ ਅਰਬਨ ਸੈਂਟਰ ਵਜੋਂ ਵਿਕਸਤ ਹੋ ਰਹੇ ਹਾਂ ਤੇ ਇਹ ਸਾਡੀ ਤਰਜੀਹ ਬਣ ਚੁੱਕੀ ਹੈ ਕਿ ਅਸੀਂ ਆਪਣੀਆਂ ਸੜਕਾਂ ਉੱਤੇ ਸਭਨਾਂ ਦੀ ਸੇਫਟੀ ਯਕੀਨੀ ਬਣਾਈਏ, ਫਿਰ ਭਾਵੇਂ ਕੋਈ ਤੁਰ ਰਿਹਾ ਹੋਵੇ, ਸਾਈਕਲਿੰਗ ਕਰ ਰਿਹਾ ਹੋਵੇ, ਟਰਾਂਜ਼ਿਟ ਦੀ ਵਰਤੋਂ ਕਰ ਰਿਹਾ ਹੋਵੇ ਜਾਂ ਡਰਾਈਵ ਕਰ ਰਿਹਾ ਹੋਵੇ।

ਟਰਾਂਸਪੋਰਟੇਸ਼ਨ ਐਂਡ ਵਰਕਸ ਕਮਿਸ਼ਨਰ ਜੈੱਫ ਰਾਈਟ ਨੇ ਆਖਿਆ ਕਿ ਸਿਟੀ ਵੱਲੋਂ ਘਾਤਕ ਹਾਦਸਿਆਂ ਨੂੰ ਰੋਕਣ ਲਈ ਵਿਜ਼ਨ ਜ਼ੀਰੋ ਐਕਸ਼ਨ ਪਲੈਨ ਵਿਕਸਤ ਕੀਤਾ ਗਿਆ ਹੈ। ਕਾਊਂਸਲ ਵੱਲੋਂ ਇਸ ਪਲੈਨ ਨੂੰ 2021 ਵਿੱਚ ਮਨਜ਼ੂਰੀ ਦਿੱਤੀ ਗਈ ਸੀ ਤੇ ਇਸ ਲਈ ਵੱਡੀ ਗਿਣਤੀ ਵਿੱਚ ਐਕਸ਼ਨ ਪਲੈਨ ਸ਼ੁਰੂ ਹੋ ਚੁੱਕੇ ਹਨ ਤੇ ਕਈ ਸਫਲਤਾ ਪੂਰਬਕ ਨੇਪਰੇ ਚੜ੍ਹਨ ਵਾਲੇ ਹਨ।

ਉਨ੍ਹਾਂ ਦੱਸਿਆ ਕਿ ਸਿਟੀ ਵੱਲੋਂ ਹੁਣ ਤੱਕ 52 ਲੋਕੇਸ਼ਨਾਂ ਉੱਤੇ ਸਪੀਡ ਕੈਮਰੇ ਲਾਏ ਜਾ ਚੁੱਕੇ ਹਨ। ਇਸ ਸਾਲ ਹੀ ਸਕੂਲ ਸਟਰੀਟ ਪਾਇਲਟ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਹੈ। ਇਸ ਤਹਿਤ ਤਿੰਨ ਸਕੂਲਾਂ ਦੇ ਬਾਹਰ ਆਰਜ਼ੀ ਕਾਰ-ਫਰੀ ਮਾਹੌਲ ਤਿਆਰ ਕੀਤਾ ਗਿਆ ਹੈ। ਇਸ ਤੋਂ ਇਲਾਵਾ ਨੇਬਰਹੁੱਡ ਏਰੀਆ ਸਪੀਡ ਲਿਮਿਟ ਪ੍ਰੋਜੈਕਟ ਮੁਕੰਮਲ ਕਰ ਲਿਆ ਗਿਆ ਹੈ। ਲੇਕਸ਼ੋਰ ਰੋਡ ਤੇ ਸਟੇਵਬੈਂਕ ਰੋਡ ਇੰਟਰਸੈਕਸ਼ਨ ਉੱਤੇ ਲੀਡਿੰਗ ਪੈਡੈਸਟਰੀਅਨ ਇੰਟਰਵਲ (ਐਲਪੀਆਈ) ਪਾਇਲਟ ਪ੍ਰੋਜੈਕਟ ਪੇਸ਼ ਕੀਤਾ ਗਿਆ ਹੈ। ਇਸ ਤੋਂ ਇਲਾਵਾ ਬਾਈਕ ਵਾਲੀਆਂ ਲੇਨਜ਼ ਵਿੱਚ ਪਾਰਕਿੰਗ ਕਰਨ ਵਾਲਿਆਂ ਨੂੰ 55 ਡਾਲਰ ਜੁਰਮਾਨਾ ਲਾਉਣ ਦੀ ਤਜਵੀਜ਼ ਵੀ ਰੱਖੀ ਗਈ ਹੈ ਤੇ ਹੁਣ ਬਾਈਕ ਵਾਲੀਆਂ ਲੇਨਜ਼ ਵਿੱਚ ਗੱਡੀਆਂ ਪਾਰਕ ਕਰਨ ਵਾਲੇ ਡਰਾਈਵਰਾਂ ਨੂੰ ਜਰਮਾਨਾ ਲਾਇਆ ਜਾਇਆ ਕਰੇਗਾ। ਇਸ ਨਿਯਮ ਨੂੰ ਲਾਗੂ ਕਰਵਾਉਣ ਲਈ ਲੋਕ 311 ਉੱਤੇ ਕਾਲ ਵੀ ਕਰ ਸਕਦੇ ਹਨ।

ਇਸ ਦੇ ਨਾਲ ਹੀ ਪੈਡੈਸਟ੍ਰੀਅਨਜ਼ ਲਈ ਸਿਗਨਲਜ਼ ਨੂੰ ਅਪਡੇਟ ਕੀਤਾ ਗਿਆ ਹੈ। ਹੁਣ ਤੱਕ 800 ਵਿੱਚੋਂ 650 ਸਿਗਨਲ ਅੱਪਡੇਟ ਕੀਤੇ ਜਾ ਚੁੱਕੇ ਹਨ। ਅੱਠ ਇਲਾਕਿਆਂ ਵਿੱਚ ਟਰੈਫਿਕ ਕਾਮਿੰਗ ( ਟਰਆਿਚ ਚਅਲਮਨਿਗ ) ਵੀ ਇਨਸਟਾਲ ਕੀਤਾ ਗਿਆ ਹੈ। ਇਸ ਤੋਂ ਇਲਾਵਾ ਬਾਈਕ ਅੰਬੈਸਡਰ ਪ੍ਰੋਗਰਾਮ ਵੀ ਜਾਰੀ ਰੱਖਿਆ ਜਾ ਰਿਹਾ ਹੈ। ਸਕੂਲ ਵਾਕਿੰਗ ਰੂਟਸ ਪ੍ਰੋਗਰਾਮ ਨੂੰ ਵੀ ਜਾਰੀ ਰੱਖਣ ਦਾ ਫੈਸਲਾ ਕੀਤਾ ਗਿਆ ਹੈ। ਇਹ ਸਾਰੇ ਕਦਮ ਚੁੱਕੇ ਜਾਣ ਤੋਂ ਇਲਾਵਾ ਲੋਕਾਂ ਨੂੰ ਟਰੈਫਿਕ ਨਿਯਮਾਂ ਬਾਰੇ ਜਾਗਰੂਕ ਤੇ ਸਿੱਖਿਅਤ ਕਰਨ ਲਈ ਸਿਟੀ ਕਮੇਟੀਆਂ ਤੇ ਕਮਿਊਨਿਟੀ ਭਾਈਵਾਲਾਂ ਨਾਲ ਰਲ ਕੇ ਕੰਮ ਕੀਤਾ ਜਾ ਰਿਹਾ ਹੈ।

# ਕੈਨੇਡਾ ਵਿੱਚ ਹਰੇਕ ਛੇ ਵਿੱਚੋਂ ਇੱਕ ਮਹਿਲਾ ਕਰਵਾ ਚੁੱਕੀ ਹੈ ਗਰਭਪਾਤ : ਸਰਵੇਖਣ




ਓਟਵਾ, 24 ਨਵੰਬਰ (ਪੋਸਟ ਬਿਊਰੋ) : ਇੱਥੇ ਕਰਵਾਏ ਗਏ ਇੱਕ ਨਵੇਂ ਸਰਵੇਖਣ ਵਿੱਚ ਪੰਜ ਵਿੱਚੋਂ ਦੋ ਕੈਨੇਡੀਅਨ ਮਹਿਲਾਵਾਂ ਨੇ ਆਖਿਆ ਕਿ ਉਹ ਕਿਸੇ ਅਜਿਹੀ ਸਹੇਲੀ ਜਾਂ ਪਰਿਵਾਰਕ ਮੈਂਬਰ ਨੂੰ ਜਾਣਦੀਆਂ ਹਨ ਜਿਸ ਨੇ ਕਦੇ ਨਾ ਕਦੇ ਗਰਭਪਾਤ ਕਰਵਾਇਆ ਹੈ। ਰਿਪੋਰਟ ਮੁਤਾਬਕ ਛੇ ਮਹਿਲਾਵਾਂ ਵਿੱਚੋਂ ਇੱਕ ਅਜਿਹੀ ਹੈ ਜਿਸ ਨੇ ਗਰਭਪਾਤ ਕਰਵਾਇਆ ਹੈ।

ਇਸ ਸਰਵੇਖਣ ਵਿੱਚ ਇਹ ਵੀ ਸਾਹਮਣੇ ਆਇਆ ਕਿ ਜਿਨ੍ਹਾਂ ਮਹਿਲਾਵਾਂ ਨੇ ਗਰਭਪਾਤ ਕਰਵਾਇਆ ਤੇ ਜਿਨ੍ਹਾਂ ਮਹਿਲਾਵਾਂ ਨੂੰ ਅਣਚਾਹਿਆ ਗਰਭ ਠਹਿਰਿਆ ਤੇ ਉਨ੍ਹਾਂ ਬੱਚੇ ਨੂੰ ਜਨਮ ਵੀ ਦਿੱਤਾ, ਉਨ੍ਹਾਂ ਨੇ ਇਹ ਮਹਿਸੂਸ ਕੀਤਾ ਕਿ ਉਨ੍ਹਾਂ ਸਹੀ ਕਦਮ ਚੁੱਕਿਆ। ਉਨ੍ਹਾਂ ਆਖਿਆ ਕਿ ਅਜਿਹਾ ਕਰਕੇ ਉਨ੍ਹਾਂ ਸਹੀ ਚੋਣ ਕੀਤੀ। ਜਿਨ੍ਹਾਂ ਨੇ ਗਰਭਪਾਤ ਕਰਵਾਇਆ ਉਨ੍ਹਾਂ ਵਿੱਚ ਪਛਤਾਵੇ ਦੀ ਦਰ ਵੀ ਘੱਟ ਪਾਈ ਗਈ।

ਐਂਗਸ ਰੀਡ ਇੰਸਟੀਚਿਊਟ ਵੱਲੋਂ ਕਰਵਾਇਆ ਗਿਆ ਇਹ ਸਰਵੇਖਣ ਇੱਕ ਨਵੀਂ ਸੀਰੀਜ਼ ਦਾ ਹੀ ਡਾਟਾ ਹੈ। ਅਗਸਤ ਵਿੱਚ 1800 ਕੈਨੇਡੀਅਨਜ਼, ਜਿਨ੍ਹਾਂ ਵਿੱਚੋਂ 921 ਮਹਿਲਾਵਾਂ ਸਨ, ਉੱਤੇ ਇਹ ਸਰਵੇਖਣ ਕਰਵਾਇਆ ਗਿਆ। ਇਸ ਸਰਵੇਖਣ ਦਾ ਅਸਲ ਮਕਸਦ ਇਹ ਪਤਾ ਲਾਉਣਾ ਸੀ ਕਿ ਗਰਭਪਾਤ ਕਰਵਾਉਣ ਤੇ ਅਣਚਾਹੇ ਗਰਭ ਨੂੰ ਸਿਰੇ ਲਾਉਣ ਪਿੱਛੇ ਕੈਨੇਡੀਅਨਜ਼ ਦਾ ਤਜਰਬਾ ਕੀ ਹੈ। ਇਸ ਸਰਵੇਖਣ ਵਿੱਚ ਹਿੱਸਾ ਲੈਣ ਵਾਲੀਆਂ 16 ਫੀ ਸਦੀ ਮਹਿਲਾਵਾਂ ਨੇ ਆਖਿਆ ਕਿ ਉਨ੍ਹਾਂ ਨੇ ਖੁਦ ਗਰਭਪਾਤ ਕਰਵਾਇਆ ਹੈ, ਜਦਕਿ 15 ਫੀ ਸਦੀ ਮਹਿਲਾਵਾਂ ਨੇ ਇਹ ਆਖਿਆ ਕਿ ਉਨ੍ਹਾਂ ਅਣਚਾਹੇ ਗਰਭ ਨੂੰ ਸਿਰੇ ਚੜ੍ਹਾਇਆ ਤੇ ਚਾਰ ਫੀ ਸਦੀ ਨੇ ਆਖਿਆ ਕਿ ਉਨ੍ਹਾਂ ਨੂੰ ਦੋਵੇਂ ਤਰ੍ਹਾਂ ਦੇ ਹਾਲਾਤ ਦਾ ਸਾਹਮਣਾ ਕਰਨਾ ਪਿਆ।

# ਆਪਣੇ ਕਾਰਵਾਂ ਟੂਰ ਨਾਲ ਦੇਸ਼ ਭਰ ਵਿੱਚ ਹਾਲੀਡੇਅ ਸੀਜ਼ਨ ਦੀ ਸ਼ੁਰੂਆਤ ਕਰੇਗੀ ਕੋਕਾ-ਕੋਲਾ ਕੰਪਨੀ




ਓਨਟਾਰੀਓ, 24 ਨਵੰਬਰ (ਪੋਸਟ ਬਿਊਰੋ) : ਕੋਕਾ-ਕੋਲਾ ਵੱਲੋਂ ਕੈਨੇਡਾ ਭਰ ਦਾ ਟੂਰ ਕੀਤਾ ਜਾ ਰਿਹਾ ਹੈ। ਇਸ ਨੂੰ ਕੋਕਾ-ਕੋਲਾ ਕਾਰਵਾਂ ਟੂਰ ਦਾ ਨਾਂ ਦਿੱਤਾ ਗਿਆ ਹੈ। ਇਸ ਟੂਰ ਦੌਰਾਨ ਕੰਪਨੀ ਵੱਲੋਂ ਕਈ ਥਾਂਵਾਂ ਉੱਤੇ ਡੇਰਾ ਲਾਇਆ ਜਾਵੇਗਾ ਤੇ ਕਮਿਊਨਿਟੀਜ਼ ਨਾਲ ਛੁੱਟੀਆ ਦੇ ਸੀਜ਼ਨ ਦਾ ਲੁਤਫ ਲਿਆ ਜਾਵੇਗਾ।
1990ਵਿਆਂ ਦੇ ਮੱਧ ਵਿੱਚ ਟੀਵੀ ਦੇ ਇੱਕ ਇਸ਼ਤਿਹਾਰ ਤੋਂ ਸ਼ੁਰੂਆਤ ਕਰਕੇ ਇਹ ਕੋਕ ਕਾਰਵਾਂ ਪਿਛਲੇ ਲੱਗਭਗ ਤਿੰਨ ਦਹਾਕਿਆਂ ਤੋਂ ਤਿਉਹਾਰਾਂ ਦੇ ਮੌਸਮ ਦੀ ਸ਼ੁਰੂਆਤ ਦਾ ਚਿੰਨ੍ਹ ਬਣ ਚੁੱਕਿਆ ਹੈ।
25 ਨਵੰਬਰ ਦਿਨ ਸ਼ੁੱਕਰਵਾਰ ਨੂੰ ਕੋਕਾ ਕੋਲਾ ਕਾਰਵਾਂ ਟੋਰਾਂਟੋ ਵਿੱਚ ਸੀਐਨ ਟਾਵਰ ਤੇ ਬ੍ਰੈਮਨਰ ਬੁਲੇਵਾਰਡ ਉੱਤੇ ਸਥਿਤ ਰਿਪਲੇਅਜ਼ ਐਕੁਏਰੀਅਮ ਉੱਤੇ ਵਿਸ਼ੇਸ਼ ਤੌਰ ਉੱਤੇ ਰੁਕੇਗਾ। 26 ਨਵੰਬਰ ਦਿਨ ਸ਼ਨਿੱਚਰਵਾਰ ਨੂੰ ਇਹ ਮਿਸੀਸਾਗਾ ਦੇ ਦ ਸਕੁਏਅਰ ਉੱਤੇ ਚਾਰ ਚੰਨ ਲਾਵੇਗਾ।
ਲੋਕੇਸ਼ਨ ਤੇ ਪ੍ਰੋਗਰਾਮ ਦਾ ਵੇਰਵਾ ਹੇਠਾਂ ਦਿੱਤਾ ਜਾ ਰਿਹਾ ਹੈ :

ਪੜਾਅ 1- ਟੋਰਾਂਟੋ
- ਕੀ- ਟੋਰਾਂਟੋ ਵਿੱਚ ਕੋਕਾ-ਕੋਲਾ ਕਾਰਵਾਂ
- ਕਦੋਂ - 25 ਨਵੰਬਰ, 2022 ਨੂੰ ਦੁਪਹਿਰੇ 4:00 ਵਜੇ ਤੋਂ ਰਾਤੀਂ 10:00 ਵਜੇ ਤੱਕ
- ਕਿੱਥੇ - 288 ਬ੍ਰੈਮਨਰ ਬੁਲੇਵਾਰਡ, ਟੋਰਾਂਟੋ, ਓਨਟਾਰੀਓ
- ਮੀਡੀਆ ਓਪਰਚੁਨਿਟੀ- ਕੋਕਾ-ਕੋਲਾ ਲੀਡਰਸ਼ਿਪ ਨਾਲ ਆਨ ਸਾਈਟ ਇੰਟਰਵਿਊ ਕਰਨ ਦਾ ਮੌਕਾ, ਲੋਕੇਸ਼ਨ ਤੋਂ ਹੀ ਬ੍ਰਾਡਕਾਸਟ ਕਰਨ ਦਾ ਮੌਕਾ ਤੇ ਹਾਲੀਡੇਅ ਸੀਜ਼ਨ ਦੀ ਸ਼ੁਰੂਆਤ ਲਈ ਸੈਂਟਾ ਨੂੰ ਮਿਲਣ ਦਾ ਮੌਕਾ

ਪੜਾਅ 2- ਮਿਸੀਸਾਗਾ
- ਕੀ- ਮਿਸੀਸਾਗਾ ਵਿੱਚ ਕੋਕਾ-ਕੋਲਾ ਕਾਰਵਾਂ
- ਕਦੋਂ - ਸ਼ਨਿੱਚਰਵਾਰ 26 ਨਵੰਬਰ, 2022 ਨੂੰ ਸ਼ਾਮੀਂ 5:00 ਵਜੇ ਤੋਂ ਰਾਤੀਂ 9:00 ਵਜੇ ਤੱਕ
- ਕਿੱਥੇ - 300 ਸਿਟੀ ਸੈਂਟਰ ਡਰੇਲ, ਮਿਸੀਸਾਗਾ, ਓਨਟਾਰੀਓ
- ਮੀਡੀਆ ਓਪਰਚੁਨਿਟੀ- ਕੋਕਾ-ਕੋਲਾ ਲੀਡਰਸ਼ਿਪ ਨਾਲ ਆਨ ਸਾਈਟ ਇੰਟਰਵਿਊ ਕਰਨ ਦਾ ਮੌਕਾ, ਲੋਕੇਸ਼ਨ ਤੋਂ ਹੀ ਬ੍ਰਾਡਕਾਸਟ ਕਰਨ ਦਾ ਮੌਕਾ ਤੇ ਹਾਲੀਡੇਅ ਸੀਜ਼ਨ ਦੀ ਸ਼ੁਰੂਆਤ ਲਈ ਸੈਂਟਾ ਨੂੰ ਮਿਲਣ ਦਾ ਮੌਕਾ

# ਟੋਰਾਂਟੋ ਵਿੱਚ ਛੁਰੇਬਾਜ਼ੀ ਵਿੱਚ ਇੱਕ ਗੰਭੀਰ ਜ਼ਖ਼ਮੀ

ਟੋਰਾਂਟੋ, 24 ਨਵੰਬਰ (ਪੋਸਟ ਬਿਊਰੋ) : ਵੀਰਵਾਰ ਸ਼ਾਮ ਨੂੰ ਡਾਊਨਟਾਊਨ ਟੋਰਾਂਟੋ ਵਿੱਚ ਵਾਪਰੀ ਛੁਰੇਬਾਜ਼ੀ ਦੀ ਘਟਨਾ ਵਿੱਚ ਇੱਕ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ।
ਟੋਰਾਂਟੋ ਪੁਲਿਸ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਇਹ ਛੁਰੇਬਾਜ਼ੀ ਦੀ ਘਟਨਾ ਸ਼ੇਰਬਰਨ ਸਟਰੀਟ ਤੋਂ ਪੂਰਬ ਵੱਲ ਵੈਲਸਲੇਅ ਤੇ ਬਲੀਕਰ ਸਟਰੀਟਸ ਏਰੀਆ ਵਿੱਚ ਰਾਤੀਂ 9:00 ਵਜੇ ਤੋਂ ਠੀਕ ਪਹਿਲਾਂ ਵਾਪਰੀ।
ਪੁਲਿਸ ਨੇ ਦੱਸਿਆ ਕਿ ਮੌਕੇ ਉੱਤੇ ਪਹੁੰਚੇ ਪੁਲਿਸ ਅਧਿਕਾਰੀਆਂ ਨੂੰ ਇੱਕ ਵਿਅਕਤੀ ਗੰਭੀਰ ਜ਼ਖ਼ਮੀ ਹਾਲਤ ਵਿੱਚ ਮਿਲਿਆ ਪਰ ਉਸ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਗਈ। ਉਸ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ। ਕਿਸੇ ਮਸ਼ਕੂਕ ਦੇ ਸਬੰਧ ਵਿੱਚ ਕੋਈ ਵੇਰਵਾ ਜਾਰੀ ਨਹੀਂ ਕੀਤਾ ਗਿਆ ਹੈ।

# ਅਮਰੀਕਾ ਦੇ ਨਾਈਟ ਕਲੱਬ 'ਚ ਗੋਲੀਬਾਰੀ 'ਚ 5 ਦੀ ਮੌਤ, 18 ਜ਼ਖਮੀ

ਕੋਲੋਰਾਡੋ, 24 ਨਵੰਬਰ (ਪੋਸਟ ਬਿਊਰੋ)- ਕੋਲੋਰਾਡੋ ਦੇ ਇੱਕ ਨਾਈਟ ਕਲੱਬ ਵਿੱਚ ਹੋਈ ਗੋਲੀਬਾਰੀ ਵਿੱਚ 5 ਲੋਕਾਂ ਦੇ ਮਾਰੇ ਜਾਣ ਦੀ ਖ਼ਬਰ ਹੈ। ਜਦਕਿ ਇਸ ਘਟਨਾ 'ਚ 18 ਲੋਕ ਗੰਭੀਰ ਜ਼ਖ਼ਮੀ ਵੀ ਹੋਏ ਹਨ। ਕੋਲੋਰਾਡੋ ਪੁਲਸ ਮੁਤਾਬਕ ਉਨ੍ਹਾਂ ਨੇ ਇਕ ਸ਼ੱਕੀ ਨੂੰ ਹਿਰਾਸਤ 'ਚ ਲਿਆ ਹੈ। ਉਸ ਤੋਂ ਇਸ ਗੋਲੀਬਾਰੀ ਸਬੰਧੀ ਪੁੱਛਗਿੱਛ ਕੀਤੀ ਜਾ ਰਹੀ ਹੈ। ਪੁਲਿਸ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਇਹ ਘਟਨਾ ਸ਼ਨੀਵਾਰ ਦੇਰ ਰਾਤ ਨੂੰ ਵਾਪਰੀ। ਜਿਸ ਸਮੇਂ ਕਲੱਬ 'ਚ ਗੋਲੀਬਾਰੀ ਹੋਈ, ਉਸ ਸਮੇਂ ਵੱਡੀ ਗਿਣਤੀ 'ਚ ਲੋਕ ਉਥੇ ਮੌਜੂਦ ਸਨ। ਕੋਲੋਰਾਡੋ ਪੁਲਸ ਦੇ ਇਕ ਸੀਨੀਅਰ ਅਧਿਕਾਰੀ ਮੁਤਾਬਕ ਅੱਧੀ ਰਾਤ ਤੋਂ ਠੀਕ ਪਹਿਲਾਂ ਉਸ ਨੂੰ ਗੋਲੀਬਾਰੀ ਦੀ ਸੂਚਨਾ ਦੇਣ ਲਈ ਫੋਨ ਆਇਆ। ਫੋਨ ਕਰਨ ਵਾਲੇ ਨੇ ਫੋਨ 'ਤੇ ਦੱਸਿਆ ਸੀ ਕਿ ਨਾਈਟ ਕਲੱਬ 'ਚ ਕੁਝ ਲੋਕ ਅੰਨ੍ਹੇਵਾਹ ਫਾਇਰਿੰਗ ਕਰ ਰਹੇ ਹਨ। ਸੂਚਨਾ ਮਿਲਦੇ ਹੀ ਪੁਲਸ ਟੀਮ ਮੌਕੇ 'ਤੇ ਰਵਾਨਾ ਹੋ ਗਈ। ਫਿਲਹਾਲ ਪੁਲਿਸ ਨੇ ਇਸ ਘਟਨਾ ਸਬੰਧੀ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਘਟਨਾ ਦੀ ਤਹਿ ਤੱਕ ਜਾਣ ਲਈ ਪੁਲਿਸ ਨਾਈਟ ਕਲੱਬ ਦੇ ਬਾਹਰ ਅਤੇ ਅੰਦਰ ਲੱਗੇ ਸੀਸੀਟੀਵੀ ਫੁਟੇਜ ਦੀ ਵੀ ਜਾਂਚ ਕਰ ਰਹੀ ਹੈ। ਪੁਲੀਸ ਨੇ ਇਸ ਘਟਨਾ ਸਬੰਧੀ ਨਾਈਟ ਕਲੱਬ ਵਿੱਚ ਡਿਊਟੀ ਕਰ ਰਹੇ ਕੁਝ ਮੁਲਾਜ਼ਮਾਂ ਤੋਂ ਵੀ ਪੁੱਛਗਿੱਛ ਕੀਤੀ ਹੈ।

# ਮੈਕਸੀਕੋ 'ਚ ਮਨੁੱਖੀ ਅਵਸ਼ੇਸ਼ਾਂ ਨਾਲ ਭਰੇ 53 ਬੈਗ ਬਰਾਮਦ

ਮੈਕਸੀਕੋ , 24 ਨਵੰਬਰ (ਪੋਸਟ ਬਿਊਰੋ)- ਮੈਕਸੀਕੋ ਦੇ ਇੱਕ ਮਸ਼ਹੂਰ ਇਲਾਕੇ ਵਿੱਚ ਜ਼ਮੀਨ ਦੇ ਹੇਠਾਂ ਮਨੁੱਖੀ ਅਵਸ਼ੇਸ਼ਾਂ ਨਾਲ ਭਰੇ 53 ਬੈਗ ਮਿਲੇ ਹਨ। ਫੋਰੈਂਸਿਕ ਅਧਿਕਾਰੀ ਮ੍ਰਿਤਕਾਂ ਦੀ ਪਛਾਣ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਇਹ ਖੋਜ ਕੁੱਤੇ ਕਾਰਨ ਸ਼ੁਰੂ ਕੀਤੀ ਗਈ ਸੀ। ਮੈਕਸੀਕੋ ਵਿੱਚ ਸਰਵੈਂਟੀਨੋ ਫੈਸਟੀਵਲ ਚੱਲ ਰਿਹਾ ਹੈ, ਇਸੇ ਦੌਰਾਨ ਇੱਕ 32 ਸਾਲਾ ਔਰਤ ਆਪਣੇ ਗੁੰਮ ਹੋਏ ਭਰਾ ਨੂੰ ਲੱਭਦੀ ਹੋਈ ਉੱਥੇ ਪਹੁੰਚ ਗਈ। ਸਥਾਨਕ ਲੋਕਾਂ ਨੇ ਇੱਥੇ ਇੱਕ ਕੁੱਤੇ ਨੂੰ ਮੂੰਹ ਵਿੱਚ ਮਨੁੱਖੀ ਹੱਥ ਲੈ ਕੇ ਘੁੰਮਦੇ ਦੇਖਿਆ ਸੀ। ਲਾਪਤਾ ਲੋਕਾਂ ਦੀ ਭਾਲ ਕਰਨ ਵਾਲੀ ਸੰਸਥਾ ਵੂਮੈਨ ਕਲੈਕਟਿਵ ਦੇ ਮੇਂਡੋਜ਼ਾ ਨੇ ਕਿਹਾ, ਇਕ ਸਮੇਂ ਮੈਂ ਸੋਚਿਆ ਕਿ ਇਹ ਖੋਜ ਕੰਮ ਨਹੀਂ ਕਰੇਗੀ, ਕਿਉਂਕਿ ਉਹ ਲੋਕਾਂ ਨੂੰ ਕਿਤੇ ਹੋਰ ਦਫ਼ਨ ਕਰ ਰਹੇ ਹਨ।
ਮੈਕਸੀਕੋ ਵਿੱਚ, ਅਕਤੂਬਰ ਦੇ ਅਖੀਰ ਵਿੱਚ, ਫੋਰੈਂਸਿਕ ਮਾਹਰਾਂ ਨੂੰ 53 ਬੈਗਾਂ ਵਿੱਚ ਮਨੁੱਖੀ ਅਵਸ਼ੇਸ਼ ਮਿਲੇ ਸਨ। ਪਿਛਲੇ ਕੁਝ ਮਹੀਨਿਆਂ ਵਿੱਚ, ਗੁਆਨਾਜੁਆਟੋ ਵਿੱਚ ਲਗਭਗ 300 ਲੋਕ ਗੈਂਗ ਵਾਰਫੇਅਰ ਦਾ ਸ਼ਿਕਾਰ ਹੋਏ। ਇਹ ਇਲਾਕਾ ਉਦਯੋਗਿਕ ਹੱਬ ਹੈ, ਜਿੱਥੇ ਵਿਦੇਸ਼ੀ ਕੰਪਨੀਆਂ ਦੇ ਵਾਹਨ ਤਿਆਰ ਕੀਤੇ ਜਾਂਦੇ ਹਨ।
ਅਧਿਕਾਰਤ ਅੰਕੜਿਆਂ ਅਨੁਸਾਰ, ਗੁਆਨਾਜੁਆਟੋ ਰਾਜ ਦੀ ਰਾਜਧਾਨੀ ਤੋਂ ਇਕ ਘੰਟੇ ਦੀ ਦੂਰੀ 'ਤੇ ਇਰਾ-ਪੁਆਟੋ, ਮੈਕਸੀਕੋ ਦਾ ਦੂਜਾ ਸਭ ਤੋਂ ਅਸੁਰੱਖਿਅਤ ਖੇਤਰ ਹੈ।
ਨਸ਼ੀਲੇ ਪਦਾਰਥਾਂ ਨਾਲ ਸਬੰਧਤ ਗਿਰੋਹਾਂ ਵਿਚਕਾਰ ਆਪਸੀ ਹਿੰਸਾ ਕਾਰਨ ਗੁਆਨਾਜੁਆਟੋ ਮੈਕਸੀਕੋ ਦਾ ਸਭ ਤੋਂ ਹਿੰਸਕ ਰਾਜ ਹੈ। ਇਸ ਸਾਲ ਜਨਵਰੀ ਤੋਂ ਸਤੰਬਰ ਦਰਮਿਆਨ ਇੱਥੇ 2,400 ਤੋਂ ਵੱਧ ਕਤਲ ਹੋ ਚੁੱਕੇ ਹਨ। ਇਹ ਪੂਰੇ ਦੇਸ਼ ਵਿੱਚ ਹੋਏ ਕਤਲਾਂ ਦਾ 10 ਫੀਸਦੀ ਹੈ। ਇਸ ਦੌਰਾਨ ਕਰੀਬ 3,000 ਲੋਕ ਲਾਪਤਾ ਹੋ ਗਏ ਸਨ।
ਇਸ ਹਿੰਸਕ ਖ਼ੂਨ-ਖ਼ਰਾਬੇ ਦੇ ਬਾਵਜੂਦ, ਇਹ ਇੱਕ ਵਾਰ ਸ਼ਾਂਤ ਇਲਾਕਾ ਸੈਲਾਨੀਆਂ ਲਈ ਖਿੱਚ ਦਾ ਕੇਂਦਰ ਹੈ। ਸਾਨ ਮਿਗੁਏਲ, ਇੱਕ ਸੁੰਦਰ ਬਸਤੀਵਾਦੀ-ਸ਼ੈਲੀ ਦਾ ਸ਼ਹਿਰ, ਹਰ ਸਾਲ ਹਜ਼ਾਰਾਂ ਵਿਦੇਸ਼ੀ ਲੋਕਾਂ ਨੂੰ ਆਕਰਸ਼ਿਤ ਕਰਦਾ ਹੈ। ਹਿੰਸਾ ਨੂੰ ਅਕਸਰ ਸੈਲਾਨੀਆਂ ਦੀ ਨਜ਼ਰ ਤੋਂ ਲੁਕਾਇਆ ਜਾਂਦਾ ਹੈ।


ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ



Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC



Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

NEED A LAWYER ??
KAUR LAW OFFICE
Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

# ਜ਼ਿੰਦਾ ਹੋਣ ਵਾਸਤੇ ਸੰਘਰਸ਼ ਕਰਦੇ 'ਮੁਰਦੇ' ਵੀ ਮਰ ਜਾਂਦੇ ਨੇ ਭਾਰਤ ਮਾਂ ਦੇ ਦੇਸ਼ ਵਿੱਚ

ਖੇਲਈ ਅੱਜ ਜ਼ਿੰਦਾ ਨਹੀਂ ਰਿਹਾ, ਅਦਾਲਤ ਦੇ ਦਰਵਾਜ਼ੇ ਉੱਤੇ ਜਾ ਕੇ ਪ੍ਰਾਣ ਤਿਆਗ ਗਿਆ ਹੈ। ਅਦਾਲਤ ਵਿੱਚ ਉਸ ਨੇ ਕੇਸ ਕੀਤਾ ਹੋਇਆ ਸੀ ਕਿ ਮੈਂ ਮਰਿਆ ਨਹੀਂ, ਜ਼ਿੰਦਾ ਹਾਂ ਤੇ ਪਿਛਲੇ ਛੇ ਸਾਲਾਂ ਤੋਂ ਇਹ ਕੇਸ ਲੜ ਰਿਹਾ ਸੀ ਕਿ ਉਹ ਨਹੀਂ ਮਰਿਆ, ਉਸ ਦਾ ਭਰਾ ਫੇਰਈ ਮਰਿਆ ਹੈ, ਪਰ ਉਸ ਦੀ ਵਿਧਵਾ ਭਰਜਾਈ ਅਤੇ ਪਰਵਾਰ ਨੇ ਉਸ ਮੌਤ ਦੀ ਇੰਟਰੀ ਕਰਾਉਣ ਵੇਲੇ ਬਦ-ਨੀਤੀ ਨਾਲ ਫੇਰਈ ਦੀ ਬਜਾਏ ਕਾਗਜ਼ਾਂ ਵਿੱਚ ਉਸ ਨੂੰ ਮਰਿਆ ਲਿਖਵਾ ਦਿੱਤਾ ਹੈ। ਬਾਅਦ ਵਿੱਚ ਉਨ੍ਹਾਂ ਨੇ 'ਖੇਲਈ ਮਰ ਗਿਆ ਹੈ, ਉਸ ਦਾ ਕੋਈ ਵਾਰਸ ਨਹੀਂ' ਕਹਿ ਕੇ ਉਸ ਦੀ ਜਾਇਦਾਦ ਪਟਵਾਰੀ ਅਤੇ ਮਾਲ ਅਫਸਰਾਂ ਨਾਲ ਮਿਲ ਕੇ ਆਪਣੇ ਨਾਂਅ ਕਰਵਾ ਲਈ। ਜਦੋਂ ਖੇਲਈ ਨੂੰ ਪਤਾ ਲੱਗ ਤਾਂ ਉਸ ਨੇ ਸਰਕਾਰੀ ਅਧਿਕਾਰੀਆਂ ਕੋਲ ਜਾ ਕੇ ਬੇਨਤੀ ਕੀਤੀ ਕਿ ਮੈਂ ਅਜੇ ਜ਼ਿੰਦਾ ਹਾਂ, ਮੇਰਾ ਭਰਾ ਫੇਰਈ ਮਰਿਆ ਹੈ, ਮੇਰੇ ਨਾਲ ਫਰਾਡ ਕੀਤਾ ਗਿਆ ਹੈ, ਇਹ ਇੰਟਰੀ ਰੱਦ ਕਰੋ। ਅੱਗੋਂ ਅਧਿਕਾਰੀਆਂ ਨੇ ਕਿਹਾ ਕਿ ਅਸੀਂ ਕੁਝ ਨਹੀਂ ਕਰ ਸਕਦੇ, ਅਦਾਲਤ ਇਹ ਦਰੁਸਤੀ ਕਰ ਸਕਦੀ ਹੈ। ਵਿਚਾਰੇ ਨੇ ਅਦਾਲਤ ਵਿੱਚ ਕੇਸ ਕੀਤਾ ਅਤੇ ਬੀਤੇ ਛੇ ਸਾਲ ਕੇਸ ਲੜਦਾ ਰਿਹਾ ਸੀ। ਬੀਤੀ ਸੋਲਾਂ ਨਵੰਬਰ ਨੂੰ ਜਦੋਂ ਉਹ ਇਸ ਕੇਸ ਦੀ ਤਰੀਕ ਭੁਗਤਣ ਗਿਆ ਤਾਂ ਅਦਾਲਤ ਦੇ ਦਰਾਂ ਮੂਹਰੇ ਸਚਮੁੱਚ ਮਰ ਗਿਆ। ਖੇਲਈ ਮਰਿਆ ਵੀ ਤਾਂ ਉਸੇ ਅਦਾਲਤ ਦੇ ਦਰਵਾਜ਼ੇ ਮੂਹਰੇ, ਜਿਸ ਨੂੰ ਦੱਸਣ ਗਿਆ ਸੀ ਕਿ ਮੈਂ ਜ਼ਿੰਦਾ ਹਾਂ। ਉਹ ਇੱਕਲਾ ਏਦਾਂ ਦਾ 'ਮ੍ਰਿਤਕ' ਨਹੀਂ ਸੀ, ਉੱਤਰ ਪ੍ਰਦੇਸ਼ ਵਿੱਚ ਉਹਦੇ ਵਰਗੇ ਜਿਉਂਦੇ 'ਮ੍ਰਿਤਕ' ਸੈਂਕੜਿਆਂ ਦੀ ਗਿਣਤੀ ਵਿੱਚ ਹਨ।

ਆਪਣੇ ਆਪ ਨੂੰ ਜ਼ਿੰਦਾ ਸਾਬਤ ਕਰਨ ਲਈ ਸੰਘਰਸ਼ ਕਰ ਰਹੇ ਉੱਤਰ ਪ੍ਰਦੇਸ਼ ਦੇ 'ਮ੍ਰਿਤਕਾਂ' ਦੀ ਗੱਲ ਕਰਨ ਤੋਂ ਪਹਿਲਾਂ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਭਾਰਤ ਦਾ ਅਦਾਲਤੀ ਸਿਸਟਮ ਏਦਾਂ ਦਾ ਹੈ ਕਿ ਬੇਸ਼ੱਕ ਹਰ ਕੋਈ ਕਹਿੰਦਾ ਹੈ ਕਿ ਉਸ ਨੂੰ ਨਿਆਂ ਪਾਲਿਕਾ ਉੱਤੇ ਪੂਰਾ ਯਕੀਨ ਹੈ, ਪਰ ਇਹ ਗੱਲ ਉਹ ਜਨਤਕ ਤੌਰ ਉੱਤੇ ਕਹਿੰਦਾ ਹੈ। ਜਨਤਕ ਦ੍ਰਿਸ਼ ਤੋਂ ਜ਼ਰਾ ਕੁ ਲਾਂਭੇ ਹੋ ਕੇ ਪੁੱਛ ਲਉ ਤਾਂ ਉਹੀ ਆਦਮੀ, ਸਾਧਾਰਨ ਆਦਮੀ ਹੋਵੇ ਜਾਂ ਸਿਖਰਾਂ ਛੋਹਣ ਵਾਲਾ ਅਧਿਕਾਰੀ ਜਾਂ ਆਗੂ ਹੋਵੇ, ਐਨ ਇਸ ਤੋਂ ਉਲਟ ਗੱਲਾਂ ਕਰਦਾ ਵੀ ਸੁਣ ਸਕਦਾ ਹੈ। ਜ਼ਰਾ ਕੁ ਛੇੜ ਕੇ ਵੇਖੋ ਕਿ ਇਹ ਸਿਸਟਮ ਵਿਗਾੜਨ ਵਿੱਚ ਤੁਹਾਡੀ ਵੀ ਕੋਈ ਭੂਮਿਕਾ ਹੈ ਕਿ ਨਹੀਂ ਤਾਂ ਉਹ ਇਹ ਵੀ ਝੱਟ ਮੰਨ ਜਾਵੇਗਾ ਕਿ ਰਾਜਨੀਤੀ ਨੇ ਭ੍ਰਿਸ਼ਟਾਚਾਰ ਵਾਲੀ ਜਿਹੜੀ ਅਮਰ-ਵੇਲ ਭਾਰਤ ਵਿੱਚ ਬੀਜੀ ਸੀ, ਉਸ ਦੀ ਮਾਰ ਅਦਾਲਤਾਂ ਤੱਕ ਵੀ ਚਲੀ ਗਈ ਹੈ। ਫਿਰ ਉਹ ਜਿਹੜੇ ਕਿੱਸੇ ਸੁਣਾਉਣ ਲੱਗ ਜਾਵੇਗਾ, ਉਨ੍ਹਾਂ ਦੀ ਕਹਾਣੀ ਪਾਈਏ ਤਾਂ ਇੱਕ ਵੱਖਰਾ ਪੂਰਾ ਲੇਖ ਲਿਖਿਆ ਜਾ ਸਕਦਾ ਹੈ। ਭ੍ਰਿਸ਼ਟਾਚਾਰ ਦੀ ਮਾਰ ਕਹਿ ਲਈਏ ਜਾਂ ਅਦਾਲਤਾਂ ਵਿੱਚ 'ਪਹੁੰਚ' ਵਾਲੇ ਲੋਕਾਂ ਦੀ ਪਹੁੰਚ ਕਹੀਏ, ਓਥੇ ਬਹੁਤ ਸਾਰੇ ਆਮ ਲੋਕ ਜਦੋਂ ਕਿਸੇ ਕੇਸ ਦੇ ਇਨਸਾਫ ਲਈ ਉਡੀਕ ਕਰਦੇ ਹਨ ਤਾਂ ਕਈ ਵਾਰ ਕਈ-ਕਈ ਸਾਲ ਸੁਣਵਾਈ ਦੀ ਤਰੀਕ ਨਿਕਲਣ ਦੀ ਉਡੀਕ ਵਿੱਚ ਹੀ ਨਿਕਲ ਜਾਂਦੇ ਹਨ। ਮਿਸਾਲ ਵਜੋਂ ਉੱਤਰ ਪ੍ਰਦੇਸ਼ ਦੇ ਲਖੀਮਪੁਰ ਖੀਰੀ ਵਿੱਚ ਕਤਲ ਦੇ ਇੱਕ ਕੇਸ ਵਿੱਚ ਬਾਕੀ ਲੋਕ ਫਸ ਗਏ, ਇੱਕ ਚਲਤਾ-ਪੁਰਜ਼ਾ ਬੰਦਾ ਸੁੱਕਾ ਛੁੱਟ ਗਿਆ ਤਾਂ ਮੌਕੇ ਦੀ ਸਰਕਾਰ ਨੇ ਅੱਗੇ ਹਾਈ ਕੋਰਟ ਵਿੱਚ ਅਪੀਲ ਕਰ ਦਿੱਤੀ। ਅਠਾਰਾਂ ਸਾਲ ਉਸ ਅਪੀਲ ਦੀ ਸੁਣਵਾਈ ਹੀ ਨਹੀਂ ਹੋ ਸਕੀ ਤੇ ਪਿਛਲੇ ਹਫਤੇ ਕੇਸ ਜਦੋਂ ਸੁਪਰੀਮ ਕੋਰਟ ਵਿੱਚ ਗਿਆ ਤਾਂ ਓਦੋਂ ਤੱਕ ਉਸ ਵੇਲੇ ਦਾ 'ਚਲਤਾ-ਪੁਰਜ਼ਾ' ਬੰਦਾ ਕੇਂਦਰ ਸਰਕਾਰ ਦਾ ਗ੍ਰਹਿ ਰਾਜ ਮੰਤਰੀ ਬਣ ਚੁੱਕਾ ਸੀ। ਉਸ ਬਾਰੇ ਭਾਰਤ ਦੀ ਸਭ ਤੋਂ ਵੱਡੀ ਅਦਾਲਤ ਨੇ ਹੁਕਮ ਕੀਤਾ ਹੈ ਕਿ ਸੁਣਵਾਈ ਲਈ ਉਸ ਨੂੰ ਹਾਈ ਕੋਰਟ ਦੇ ਸੰਬੰਧਤ ਬੈਂਚ ਸਾਹਮਣੇ ਪੇਸ਼ ਹੋਣਾ ਪਵੇਗਾ। ਅੱਗੋਂ ਹਾਈ ਕੋਰਟ ਦੀ ਕਾਰਵਾਈ ਵਿੱਚ ਵਿਘਨ ਪਾ ਕੇ ਉਹ ਕਿੰਨੇ ਸਾਲ ਹੋਰ ਗਰਕ ਕਰਨ ਦਾ ਯਤਨ ਕਰੇਗਾ, ਇਸ ਦਾ ਅੰਦਾਜ਼ਾ ਲਾਉਣਾ ਔਖਾ ਹੈ ਤੇ ਓਦੋਂ ਤੱਕ ਗਵਾਹ ਜ਼ਿੰਦਾ ਰਹਿਣਗੇ, ਆਪੇ ਮਰ ਜਾਣਗੇ ਜਾਂ ਸ਼ੱਕੀ ਹਾਲਾਤ ਵਿੱਚ ਉਨ੍ਹਾਂ ਦੀ ਮੌਤ ਹੋਣ ਦੀ ਖਬਰ ਆ ਜਾਵੇ, ਕੁਝ ਵੀ ਹੋ ਸਕਦਾ ਹੈ!

ਸਾਡੇ ਸਾਹਮਣੇ ਚੰਡੀਗੜ੍ਹ ਤੋਂ ਛਪਦਾ 19 ਨਵੰਬਰ ਦਾ ਇੱਕ ਹਿੰਦੀ ਅਖਬਾਰ ਪਿਆ ਹੈ, ਜਿਸਨੇ ਖਬਰ ਛਾਪੀ ਹੈ ਕਿ ਕੈਥਲ ਦੀ ਸਾਬਕਾ ਸਿਵਲ ਸਰਜਨ ਬੀਬੀ ਅਤੇ ਉਸ ਦੇ ਡਾਕਟਰ ਪਤੀ ਦੋਵਾਂ ਦੀ ਬਦਲੀ ਗੁੜਗਾਉਂ, ਅੱਜ ਵਾਲੇ ਗੁਰੂਗ੍ਰਾਮ ਵਿੱਚ ਹੋ ਗਈ, ਪਰ ਉਹ ਜਾਣਾ ਨਹੀਂ ਸੀ ਚਾਹੁੰਦੇ। ਉਨ੍ਹਾਂ ਨੇ ਜਾਣ ਤੋਂ ਕੁਝ ਦਿਨ ਬਚਣ ਲਈ ਇੱਕ ਰਾਹ ਲੱਭ ਲਿਆ ਕਿ ਲਗਾਤਾਰ ਅਦਾਲਤੀ ਕੇਸਾਂ ਵਿੱਚ ਪੇਸ਼ ਹੋਣ ਦੀ ਚਿੱਠੀ ਭੇਜਦੇ ਰਹੇ ਤੇ ਸੰਬੰਧਤ ਜੱਜਾਂ ਦੇ ਦਸਖਤਾਂ ਨਾਲ ਜਾਰੀ ਹੋਇਆ ਸਰਟੀਫਿਕੇਟ ਭੇਜ ਕੇ ਸਰਕਾਰ ਤੋਂ ਅਦਾਲਤਾਂ ਵਿੱਚ ਪੇਸ਼ ਹੋਣ ਦਾ ਕਿਰਾਇਆ ਤੇ ਰੋਜ਼ਾਨਾ ਭੱਤਾ ਵੀ ਲੈਂਦੇ ਰਹੇ। ਫਿਰ ਉਨ੍ਹਾਂ ਦੀ ਸ਼ਿਕਾਇਤ ਹੋਈ ਤਾਂ ਚਾਰ ਜੱਜਾਂ ਨੇ ਆਪਣੇ ਦਫਤਰਾਂ ਤੋਂ ਬਾਕ-ਾਇਦਾ ਲਿਖ ਕੇ ਦਿੱਤਾ ਕਿ ਇਹ ਡਾਕਟਰ ਜੋੜਾ ਸਾਡੀ ਅਦਾਲਤ ਵਿੱਚ ਕਦੇ ਵੀ ਪੇਸ਼ ਨਹੀਂ ਹੋਇਆ। ਸਾਲ 2003 ਦੀ ਇਹ ਕਹਾਣੀ ਦੱਬੀ ਹੀ ਰਹੀ ਤੇ ਫਿਰ ਸਾਲ 2020 ਵਿੱਚ ਸੂਚਨਾ ਅਧਿਕਾਰ ਹੇਠ ਇੱਕ ਸੋਸ਼ਲ ਵਰਕਰ ਨੇ ਸੂਚਨਾ ਮੰਗੀ ਤਾਂ ਸਾਰਾ ਕੇਸ ਲੋਕਾਂ ਅੱਗੇ ਆ ਗਿਆ ਅਤੇ ਪੁਲਸ ਅਤੇ ਸੈਸ਼ਨ ਜੱਜ ਦੇ ਨਾਲ 'ਸੀ ਐੱਮ ਵਿੰਡੋ' ਵਿੱਚ ਚੜ੍ਹ ਗਿਆ, ਪਰ ਇਸ ਦੇ ਬਾਅਦ ਵੀ ਕੇਸ ਦੱਬ ਦਿੱਤਾ ਗਿਆ, ਕਿਉਂਕਿ 'ਦਸਤਾਵੇਜ਼ ਗਾਇਬ' ਹੋ ਗਏ ਸਨ। ਪਿਛਲੇ ਮਹੀਨੇ ਜਦੋਂ ਉਨ੍ਹਾਂ ਦਸਤਾਵੇਜ਼ਾਂ ਦੀ ਨਕਲ ਪੁਲਸ ਨੂੰ ਮਿਲ ਗਈ ਤਾਂ ਅਦਾਲਤ ਨੇ ਇਸ ਦੀ ਸੁਣਵਾਈ ਲਈਨਵੇਂ ਹੁਕਮ ਕੀਤੇ ਹਨ। ਅੰਮ੍ਰਿਤਸਰ ਦੇ ਇੱਕ ਪੂਰੇ ਪਰਵਾਰ ਦੀ ਖੁਦਕੁਸ਼ੀ ਦੇ ਕੇਸ ਵਿੱਚ ਅਦਾਲਤ ਤੇ ਥਾਣਿਆਂ ਤੱਕ ਹਰ ਥਾਂ ਤੋਂ ਦਸਤਾਵੇਜ਼ ਗਾਇਬ ਕਰਵਾ ਦਿੱਤੇ ਜਾਣ ਕਾਰਨ ਕਈ ਸਾਲ ਸੁਣਵਾਈ ਨਹੀਂ ਸੀ ਹੋ ਸਕੀ।ਦਸਤਾਵੇਜ਼ ਗਾਇਬ ਕਰਨ ਦੇ ਏਦਾਂ ਦੇ ਕਈ ਕੇਸ ਪੰਜਾਬ ਵਿੱਚ ਵੀ ਕਈ ਵਾਰ ਵਾਪਰ ਚੁੱਕੇ ਹਨ ਤੇ ਅੱਗੋਂ ਵੀ ਵਾਪਰਦੇ ਰਹਿਣਗੇ, ਕਿਉਂਕਿ ਚੋਰ ਅਤੇ ਕੁੱਤੀ ਰਲ ਜਾਣ ਨਾਲ ਇਹੋ ਕੁਝ ਹੁੰਦਾ ਹੈ।

ਫਿਰ ਆਉ ਉੱਤਰ ਪ੍ਰਦੇਸ਼ ਵੱਲ, ਜਿੱਥੇ ਖੇਲਈ ਨਾਂਅ ਦਾ ਇੱਕ 'ਮੁਰਦਾ' ਅਦਾਲਤ ਵਿੱਚ ਆਪਣੇ ਆਪ ਨੂੰ ਜ਼ਿੰਦਾ ਸਾਬਤ ਕਰਨ ਲਈ ਗਿਆ ਤੇ ਅਦਾਲਤ ਦੇ ਦਰਾਂ ਅੱਗੇ ਸਚਮੁੱਚ ਮੁਰਦਾ ਬਣ ਗਿਆ ਹੈ। ਉਸੇ ਉੱਤਰ ਪ੍ਰਦੇਸ਼ ਵਿੱਚ ਲਾਲ ਬਿਹਾਰੀ ਤਿਵਾੜੀ ਨਾਂਅ ਦੇ ਇੱਕ ਬੰਦੇ ਨੇ ਇੱਕ ਵਾਰੀ 'ਅਖਿਲ ਯੂ ਪੀ ਮ੍ਰਿਤਕ ਸੰਘ' (ਅੰਗਰੇਜ਼ੀ ਵਿੱਚ 'ਉੱਤਰ ਪ੍ਰਦੇਸ਼ ਐਸੋਸੀਏਸ਼ਨ ਆਫ ਡੈੱਡ ਪੀਪਲ) ਬਣਾਈ ਸੀ, ਜਿਸ ਵਿੱਚ ਉਸੇ ਵਾਂਗ ਰਿਸ਼ਤੇਦਾਰਾਂ ਵੱਲੋਂ ਸਤਾਏ ਅਤੇ ਕਾਗਜ਼ਾਂ ਵਿੱਚ 'ਮ੍ਰਿਤਕ' ਲਿਖਵਾਏ ਜਾ ਚੁੱਕੇ ਲੋਕ ਸ਼ਾਮਲ ਸਨ। ਭਾਰਤ ਦੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ ਜਦੋਂ ਉੱਤਰ ਪ੍ਰਦੇਸ਼ ਦੀ ਰਾਜਧਾਨੀ ਲਖਨਊ ਤੋਂ ਚੋਣ ਲੜਨ ਲਈ ਕਾਗਜ਼ ਭਰੇ ਤਾਂ ਉਸ ਦੇ ਮੁਕਾਬਲੇ 'ਮ੍ਰਿਤਕ ਸੰਘ' ਦੇ ਪ੍ਰਧਾਨ ਵਜੋਂ ਲਾਲ ਬਿਹਾਰੀ ਤਿਵਾੜੀ ਨੇ ਕਾਗਜ਼ ਭਰ ਦਿੱਤੇ। ਫਿਰ ਉਸ ਨੇ ਮੀਡੀਆ ਨੂੰ ਕਿਹਾ ਸੀ ਕਿ ਉਹ ਚੋਣ ਨਹੀਂ ਲੜ ਸਕਦਾ, ਕਿਉਂਕਿ ਉਸ ਦੀ ਵੋਟ ਨਹੀਂ ਬਣੀ ਅਤੇ ਵੋਟ ਇਸ ਲਈ ਨਹੀਂ ਬਣੀ ਕਿ ਰਿਸ਼ਤੇਦਾਰਾਂ ਨੇ ਉਸ ਨੂੰ ਮਰਿਆ ਦਰਜ ਕਰਵਾ ਰੱਖਿਆ ਹੈ। ਉਸ ਨੇ ਦੱਸਿਆ ਕਿ ਓਸੇ ਵਰਗੇ ਸੌ ਤੋਂ ਵੱਧ 'ਮੁਰਦੇ' ਇਸ ਰਾਜ ਦੀ ਸਰਕਾਰ ਅਤੇ ਅਦਾਲਤਾਂ ਵਿੱਚ ਇਹ ਸਾਬਤ ਕਰਨ ਲਈ ਕੇਸ ਲੜਦੇ ਫਿਰਦੇ ਹਨ ਕਿ ਅਸੀਂ ਹਾਲੇ ਮਰੇ ਨਹੀਂ, ਜਿਉਂਦੇ ਹਾਂ, ਪਰ ਉਨ੍ਹਾਂ ਦੀ ਸੁਣਵਾਈ ਨਹੀਂ ਹੋ ਰਹੀ, ਇਸ ਲਈ ਅਸਾਂ ਮਿਲ ਕੇ 'ਅਖਿਲ ਯੂ ਪੀ ਮ੍ਰਿਤਕ ਸੰਘ' ਬਣਾਇਆ ਅਤੇ ਦੇਸ਼ ਦੇ ਪ੍ਰਧਾਨ ਮੰਤਰੀ ਮੁਕਾਬਲੇ ਚੋਣ ਲੜਨ ਦਾ ਫੈਸਲਾ ਕੀਤਾ ਹੈ, ਤਾਂ ਕਿ ਸੰਸਾਰ ਸਾਹਮਣੇ ਅਸਲੀਅਤ ਰੱਖੀ ਜਾਵੇ। ਉਸ ਚੋਣ ਵਿੱਚ ਉਸ ਦੇ ਕਾਗਜ਼ ਰੱਦ ਹੋ ਜਾਣੇ ਸਨ ਤੇ ਹੋ ਗਏ, ਇਸ ਨਾਲ ਭਾਰਤ ਦੇ ਹਾਲਾਤ ਭਾਵੇਂ ਨਹੀਂ ਬਦਲੇ,ਪਰ ਇਸ ਨਾਲ ਇਹ ਮੁੱਦਾ ਸੰਸਾਰ ਭਰ ਵਿੱਚ ਚਲਾ ਗਿਆ ਅਤੇ ਫਿਰ ਨਤੀਜਾ ਹੈਰਾਨੀ ਵਾਲਾ ਨਿਕਲਿਆ। ਨੋਬਲ ਇਨਾਮ ਬਾਰੇ ਸੰਸਾਰ ਭਰ ਦੇ ਲੋਕ ਜਾਣਦੇ ਹਨ, ਇਸ ਤੋਂ ਉਲਟ ਇੱਕ 'ਇਗਨੋਬਲ ਪ੍ਰਾਈਜ਼' ਵੀ ਚੱਲਦਾ ਹੈ ਤੇ ਹਰ ਵਾਰੀ ਏਹੋ ਜਿਹੇ ਵਿਅਕਤੀ ਨੂੰ ਦਿੱਤਾ ਜਾਂਦਾ ਹੈ, ਜਿਸ ਨੇ ਕੋਈ ਅਲੋਕਾਰ ਕੰਮ ਕੀਤਾ ਹੋਇਆ ਹੋਵੇ। ਪ੍ਰਧਾਨ ਮੰਤਰੀ ਵਾਜਪਾਈ ਵਿਰੁੱਧ ਚੋਣ ਲੜਨ ਵਾਲੇ ਲਾਲ ਬਿਹਾਰੀ ਤਿਵਾੜੀ ਨੂੰ ਇਸ ਲਈ 'ਇਗ-ਨੋਬਲ ਪ੍ਰਾਈਜ਼' ਦਿੱਤਾ ਗਿਆ ਕਿ ਉਸ ਨੇ 'ਮੁਰਦਿਆਂ ਦੀ ਐਸੋਸੀਏਸ਼ਨ' ਬਣਾ ਕੇ ਉਨ੍ਹਾਂ ਲੋਕਾਂ ਦਾ ਮੁੱਦਾ ਉਭਾਰਿਆ ਹੈ, ਜਿਨ੍ਹਾਂ ਨੂੰ ਕੋਈ ਜਿਉਂਦੇ ਨਹੀਂ ਸੀ ਮੰਨਦਾ। ਉਂਜ ਇਸ ਤੋਂ ਪਹਿਲਾਂ ਉਹੀ ਲਾਲ ਬਿਹਾਰੀਤਿਵਾੜੀ ਦੋ ਸਾਬਕਾ ਪ੍ਰਧਾਨ ਮੰਤਰੀਆਂ ਰਾਜੀਵ ਗਾਂਧੀ ਅਤੇ ਵੀ ਪੀ ਸਿੰਘ ਦੇ ਵਿਰੁੱਧ ਵੀ ਚੋਣ ਲੜਿਆ ਸੀ ਅਤੇ ਹਰ ਵਾਰੀ ਚੋਣ ਲੜਨ ਤੋਂ ਵੱਧ ਜ਼ੋਰ ਇਸ ਗੱਲ ਉੱਤੇ ਦੇਂਦਾ ਸੀ ਕਿ ਮੈਨੂੰ ਜ਼ਿੰਦਾ ਕਰ ਦਿਉ। 'ਮਰ ਗਿਆ' ਵਜੋਂ ਦਰਜ ਕੀਤਾ ਗਿਆ ਉਹ ਬੰਦਾ ਅਠਾਰਾਂ ਸਾਲ ਕੇਸ ਲੜਨ ਮਗਰੋਂ ਜਦੋਂ ਹਾਈ ਕੋਰਟ ਨੇ ਜ਼ਿੰਦਾ ਮੰਨਿਆ ਸੀ ਤਾਂ ਘਰ ਬੈਠਣ ਦੀ ਥਾਂ ਆਪਣੇ ਵਰਗੇ ਬਾਕੀ 'ਮ੍ਰਿਤਕਾਂ' ਦੀ ਐਸੋਸੀਏਸ਼ਨ ਬਣਾ ਕੇ ਉਨ੍ਹਾਂ ਦੇ ਵਾਸਤੇ ਲੜਨ ਲੱਗ ਪਿਆ। ਲਖਨਊ ਵਿੱਚ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੇ ਮੁਕਾਬਲੇ ਚੋਣ ਲੜਨ ਉਹ ਪਾਰਲੀਮੈਂਟ ਦੀ ਮੈਂਬਰੀ ਲੈਣ ਵਾਸਤੇਨਹੀਂ ਸੀ ਗਿਆ, ਸਗੋਂ ਇਸ ਲਈ ਗਿਆ ਸੀ ਕਿ ਦੁਨੀਆ ਨੂੰ ਦੱਸ ਸਕੇ ਕਿ ਭਾਰਤ ਵਿੱਚ 'ਮੁਰਦੇ' ਵੀ ਕੇਸ ਭੁਗਤਦੇ ਫਿਰਦੇ ਹਨ।

ਜਤਿੰਦਰ ਪਨੂੰ ਦੀ ਕਲਮ ਤੋਂ

ਹਾਲਾਤ ਦਾ ਦੂਸਰਾ ਪਹਿਲੂ ਇਹ ਹੈ ਕਿ ਇਸ ਦੇ ਬਾਅਦ ਵੀ ਓਸੇ ਉੱਤਰ ਪ੍ਰਦੇਸ਼ ਵਿੱਚ ਇਹ ਗੰਦੀ ਖੇਡ ਚੱਲੀ ਜਾਂਦੀ ਹੈ।ਇਹ ਖੇਡ ਇਸ ਲਈ ਚੱਲਦੀ ਹੈ ਕਿ ਸਾਨੂੰ ਉਸ ਨਿਆਂ ਪਾਲਿਕਾ ਉੱਤੇ ਪੂਰਾ ਭਰੋਸਾ ਹੈ, ਜਿਸ ਬਾਰੇ ਸੁਰਜੀਤ ਪਾਤਰ ਨੇ ਕਿਹਾ ਸੀ: 'ਇਸ ਅਦਾਲਤ ਵਿੱਚ ਬੰਦੇ ਬਿਰਖ ਹੋ ਗਏ, ਫੈਸਲੇ ਸੁਣਦਿਆਂ-ਸੁਣਦਿਆਂ ਸੁੱਕ ਗਏ, ਆਖੋ ਇਨ੍ਹਾਂ ਨੂੰ ਕਿ ਉੱਜੜੇ ਘਰੀਂ ਜਾਣ ਹੁਣ, ਇਹ ਕਦੋਂ ਤੱਕ ਏਥੇ ਖੜੇ ਰਹਿਣਗੇ!' ਇਸ ਵਰਤਾਰੇ ਦੀ ਇੱਕ ਤਾਜ਼ਾ ਮਿਸਾਲਇਹ ਹੈ ਕਿ ਇੱਕ ਕੇਸ ਜਨਵਰੀ 2017 ਵਿੱਚ ਦਰਜਹੋਇਆ ਸੀ, ਬੀਤੀ 15 ਨਵੰਬਰ ਨੂੰ ਉਸ ਦੀ ਅਗਲੀ ਤਰੀਕ ਪਈ ਤੇ ਇਹ ਨਵੀਂ ਤਰੀਕ ਅਗਲੇ ਦਸੰਬਰਮਹੀਨੇ ਦੀ ਨਹੀਂ, ਅਗਲੇ ਸਾਲ ਮਈ ਦੇ ਤੀਸਰੇ ਦਿਨ ਦੀ ਪਈ ਹੈ। ਮੁਕੱਦਮਾ ਇੱਕ ਬਹੁਤ ਵੱਡੇ ਆਦਮੀਬਾਰੇ ਹੈ। ਜਦੋਂ ਮੁਕੱਦਮਾ ਕਿਸੇ ਰਸੂਖਦਾਰ ਵਿਰੁੱਧ ਹੋਇਆ ਹੋਵੇ, ਏਦਾਂ ਅਕਸਰਹੋ ਜਾਂਦਾ ਹੈਅਤੇ ਇਸ ਉੱਤੇ ਕੋਈ ਹੈਰਾਨੀ ਪ੍ਰਗਟ ਨਹੀਂ ਕੀਤੀ ਜਾ ਸਕਦੀ। ਭਾਰਤ ਦੇ ਲੋਕਾਂ ਦੀ ਸੰਵੇਦਨਸ਼ੀਲਤਾ ਇਸ ਤੋਂ ਸਮਝ ਆ ਜਾਂਦੀ ਹੈ ਕਿ ਜ਼ਿੰਦਾ ਹੋਣ ਦਾ ਸੰਘਰਸ਼ ਕਰਦਾ ਖੇਲਈ ਨਾਂਅ ਦਾ 'ਮੁਰਦਾ' ਅਦਾਲਤ ਦੇ ਦਰਵਾਜ਼ੇ ਉੱਤੇ ਜਾ ਕੇ ਜਦੋਂਸਚਮੁੱਚ ਮਰ ਗਿਆ ਤਾਂ ਭਾਰਤੀ ਮੀਡੀਏ ਦੇ ਵੱਡੇ ਹਿੱਸੇ ਲਈ ਉਸ ਦੀ ਖਬਰ ਵੀ ਖਬਰ ਨਹੀਂ ਸੀ, ਬਹੁਤ ਸਾਰੇ ਅਖਬਾਰਾਂ ਵਿੱਚ ਇਹ ਖਬਰ ਨਹੀਂ ਲੱਭੀ ਤੇ ਦਿੱਲੀ ਵਿੱਚ ਕੁੱਤਾ ਮਰੇ ਤੋਂ ਉਸ ਦੀ ਨਿੱਕੀ-ਨਿੱਕੀ ਵੰਨਗੀ ਪਰੋਸਣ ਵਾਲੇ ਟੀ ਵੀ ਚੈਨਲਾਂ ਵਾਲਿਆਂ ਵਿੱਚੋਂ ਵੀ ਬਹੁਤਿਆਂ ਨੂੰ ਇਸ ਖਬਰ ਉੱਤੇ ਪੰਜ-ਸੱਤ ਮਿੰਟ ਫੂਕਣੇ ਜਾਇਜ਼ ਨਹੀਂ ਸੀ ਲੱਗੇ। ਹੇ ਪਿਆਰੀ ਭਾਰਤ ਮਾਂ!



## ਅੱਜ ਨਾਮਾ

ਹਾਕਮ ਕੱਲ੍ਹ ਦੇ ਤਾਅਨੇ ਪਏ ਦੇਈ ਜਾਸਣ,
ਮੌਜੂਦਾ ਸਰਕਾਰ ਨਹੀਂ ਚੱਲਦੀ ਠੀਕ ਬੇਲੀ।
ਗਾਰੰਟੀਆਂ ਲੋਕਾਂ ਦੇ ਨਾਲ ਜੋ ਕੀਤੀਆਂ ਸੀ,
ਆਈ ਉਸ ਅਮਲ ਦੀ ਨਹੀਂ ਤਰੀਕ ਬੇਲੀ।
ਹਾਕਮ ਚੋਣਾਂ ਲਈ ਗਏ ਗੁਜਰਾਤ ਸੁਣਿਆ,
ਵਾਪਸੀਆਂ ਕਰਨ ਦੀ ਬਹੁਤ ਉਡੀਕ ਬੇਲੀ।
ਆਈ ਹੋਈ ਸੁਣੀਂਦੀ ਜਨਤਾ ਵੀ ਤੰਗ ਕਾਫੀ,
ਉਸ ਦੀ ਫਿਜ਼ਾ ਵਿੱਚ ਗੂੰਜ ਰਹੀ ਚੀਕ ਬੇਲੀ।
ਮੋੜ ਕੇ ਕਿਹਾ ਫਿਰ ਆਪ ਦਿਆਂ ਲੀਡਰਾਂ ਨੇ,
ਹੋਇਆ ਸਾਡਾ ਨਹੀਂ ਅਜੇ ਇੱਕ ਸਾਲ ਬੇਲੀ।
ਦਹਾਕਿਆਂ ਬੱਧੀ ਜੋ ਤੁਸੀਂ ਸੀ ਰਾਜ ਕਰਿਆ,
ਵਿਗੜਿਆ ਉਹੋ ਨਹੀਂ ਸੁਧਰਦਾ ਤਾਲ ਬੇਲੀ।

ਤੀਸ ਮਾਰ ਖਾਂ


## ਕੁਈਨਜ਼ਵੁੱਡ ਕਾਲਜ ਆਫ਼ ਬਿਜ਼ਨਸ ਲੈ ਕੇ ਆਇਆ ਹੈ ਫਾਇਦੇਮੰਦ ਛੋਟੇ ਕੋਰਸ



ਕੁਈਨਜ਼ਵੁਡ ਕਾਲਜ ਆਫ਼ ਬਿਜ਼ਨਸ ਹੈਲਥ ਐਂਡ ਟੈਕਨਾਲੋਜੀ ਡਿਪਲੋਮਾ ਅਤੇ ਛੋਟੇ ਕੋਰਸ ਪੇਸ਼ ਕਰਦਾ ਹੈ। ਡਿਪਲੋਮਾ ਪ੍ਰੋਗਰਾਮਾਂ ਵਿੱਚ ਅਸੀਂ Medical Office Assistant ਪ੍ਰੋਗਰਾਮ ਪੇਸ਼ ਕਰ ਰਹੇ ਹਾਂ । ਇਹ ਪ੍ਰੋਗਰਾਮ ਉਹਨਾਂ ਸਾਰਿਆਂ ਲਈ ਢੁਕਵਾਂ ਹੈ ਜੋ ਡਾਕਟਰ ਦੇ ਦਫ਼ਤਰ ਵਿੱਚ ਕੰਮ ਕਰਨਾ ਚਾਹੁੰਦੇ ਹਨ। ਤੁਸੀਂ ਇਸ ਕੋਰਸ ਨੂੰ ਪੂਰਾ ਕਰਨ ਤੋਂ ਬਾਅਦ ਡਾਕਟਰ ਦੇ ਦਫਤਰ ਵਿੱਚ ਇੱਕ ਚੰਗੀ ਸਫੈਦ ਕਾਲਰ ਦੀ ਨੌਕਰੀ ਪ੍ਰਾਪਤ ਕਰ ਸਕਦੇ ਹੋ। ਇਹ ਪ੍ਰੋਗਰਾਮ 47 ਹਫ਼ਤਿਆਂ ਦਾ ਹੈ। ਇਸ ਪ੍ਰੋਗਰਾਮ ਵਿੱਚ ਡਾਕਟਰ ਦੇ ਦਫ਼ਤਰ ਵਿੱਚ 240 Hours ਦੀ ਵਿਹਾਰਕ ਸਿਖਲਾਈ ਸ਼ਾਮਲ ਹੈ ਜੋ ਕਿ ਗਿਆਨ ਪ੍ਰਾਪਤ ਕਰਨ ਵਿੱਚ ਮਦਦਗਾਰ ਹੈ।

ਇਸ ਕੋਰਸ ਲਈ ਪੂਰਵ ਸ਼ਰਤ ਹੈ, ਪ੍ਰੋਗਰਾਮ ਵਿੱਚ ਦਾਖਲਾ ਲੈਣ ਲਈ ਕਿਸੇ ਵੀ ਦੇਸ਼ ਤੋਂ ਘੱਟੋ-ਘੱਟ ਬਾਰ੍ਹਵੀਂ ਜਮਾਤ ਜਾਂ ਤੁਹਾਡੀ ਉਮਰ 18 ਸਾਲ ਤੋਂ ਵੱਧ ਹੋਣੀ ਚਾਹੀਦੀ ਹੈ।

ਇਸ ਤੋਂ ਇਲਾਵਾ, Office Administration ਡਿਪਲੋਮਾ ਪ੍ਰੋਗਰਾਮ ਅਤੇ Personal Support Worker, Food Service Worker ਪ੍ਰੋਗਰਾਮ ਵੀ ਪੇਸ਼ ਕੀਤੇ ਜਾਂਦੇ ਹਨ। ਛੋਟੇ ਕੋਰਸਾਂ ਵਿੱਚ, ਬੇਸਿਕ ਤੋਂ ਐਡਵਾਂਸ ਕੰਪਿਊਟਰ ਕੋਰਸ, ਅੰਗਰੇਜ਼ੀ ਭਾਸ਼ਾ ਦੇ ਕੋਰਸ, Accounting, ਆਈਲੈਟਸ, ਸੇਲਪਪ, ਡੇਟਾ ਐਂਟਰੀ ਅਤੇ ਫਰੈਂਚ ਕਲਾਸਾਂ ਵੀ ਇੱਥੇ ਦਿੱਤੀਆਂ ਜਾ ਰਹੀਆਂ ਹਨ। ਕਲਾਸਾਂ ਹਫ਼ਤੇ ਦੇ ਦਿਨ ਅਤੇ ਸ਼ਨੀਵਾਰ ਲਈ ਉਪਲਬਧ ਹਨ। ਵਧੇਰੇ ਜਾਣਕਾਰੀ ਲਈ, ਤੁਸੀਂ 905-872-0088 'ਤੇ ਕਾਲ ਕਰ ਸਕਦੇ ਹੋ। ਵੈਬਸਾਇਟ www.queenswood.com, Address: 2023 William, Pkwy, Unit 3, Brampton, ON, L6S 5N1.


# ਔਰਤ ਕੋਈ ਗੁੱਡੀ ਨਹੀਂ ਹੈ, ਉਸ ਨੂੰ ਮਜ਼ਬੂਤ ਅਤੇ ਫਿੱਟ ਹੋਣਾ ਚਾਹੀਦਾ ਹੈ



-ਸੁਰਜੀਤ ਸਿੰਘ ਫਲੋਰਾ-

ਔਰਤਾਂ ਆਪਣੀ ਜ਼ਿੰਦਗੀ ਦੇ ਹਰ ਪੜਾਅ 'ਤੇ ਹਿੰਸਾ ਦਾ ਸ਼ਿਕਾਰ ਹੁੰਦੀਆਂ ਹਨ। ਹਿੰਸਾ ਸਿਰਫ਼ ਉਨ੍ਹਾਂ ਦੇ ਪਰਿਵਾਰਾਂ ਦੇ ਅੰਦਰ ਹੀ ਨਹੀਂ ਸਗੋਂ ਉਨ੍ਹਾਂ ਦੇ ਪਰਿਵਾਰਾਂ ਦੇ ਬਾਹਰ ਵੀ ਹੁੰਦੀ ਹੈ।

ਔਰਤਾਂ ਵਿਰੁੱਧ ਹਿੰਸਾ ਨੂੰ ਸੰਯੁਕਤ ਰਾਸ਼ਟਰ ਦੁਆਰਾ ਪਰਿਭਾਸ਼ਿਤ ਕੀਤਾ ਗਿਆ ਹੈ "ਲਿੰਗ-ਅਧਾਰਿਤ ਹਿੰਸਾ ਦਾ ਕੋਈ ਵੀ ਕੰਮ ਜੋ ਔਰਤਾਂ ਨੂੰ ਸਰੀਰਕ, ਜਿਨਸੀ, ਜਾਂ ਮਨੋਵਿ-ਗਿਆਨਕ ਨੁਕਸਾਨ ਜਾਂ ਪੀੜਾ ਦਾ ਕਾਰਨ ਬਣਦਾ ਹੈ ਜਾਂ ਇਸ ਦੀ ਸੰਭਾਵਨਾ ਹੈ, ਜਿਸ ਵਿੱਚ ਅਜਿਹੀਆਂ ਕਾਰਵਾਈਆਂ ਦੀਆਂ ਧਮਕੀਆਂ, ਜ਼ਬਰਦਸਤੀ, ਜਾਂ ਆਜ਼ਾਦੀ ਦੀ ਮਨਮਾਨੀ ਵਾਂਝੀ ਸ਼ਾਮਲ ਹੈ। , ਭਾਵੇਂ ਜਨਤਕ ਜਾਂ ਨਿੱਜੀ ਜੀਵਨ ਵਿੱਚ ਵਾਪਰਦਾ ਹੈ।"

ਔਰਤਾਂ ਵਿਰੁੱਧ ਹਿੰਸਾ ਦੇ ਖਾਤਮੇ ਲਈ ਅੰਤਰਰਾਸ਼ਟਰੀ ਦਿਵਸ ਹਰ ਸਾਲ 25 ਨਵੰਬਰ ਨੂੰ ਔਰਤਾਂ ਦੇ ਅਧਿਕਾਰਾਂ ਲਈ ਲੜਨ ਵਾਲੇ ਸਮੂਹਾਂ ਦੁਆਰਾ ਸ਼ੁਰੂ ਕੀਤਾ ਗਿਆ ਸੀ। ਇਹ ਦਿਨ ਸਿਰਫ਼ ਇੱਕ ਮਕਸਦ ਨੂੰ ਪੂਰਾ ਕਰਨ ਲਈ ਰੱਖਿਆ ਗਿਆ ਸੀ: ਦੁਨੀਆਂ ਭਰ ਦੇ ਲੋਕਾਂ ਨੂੰ ਔਰਤਾਂ ਦੇ ਦੁੱਖਾਂ ਤੋਂ ਜਾਣੂ ਕਰਵਾਉਣਾ।

ਔਰਤਾਂ ਨੂੰ ਜ਼ਿੰਦਗੀ ਦੇ ਹਰ ਪੜਾਅ 'ਤੇ ਹਿੰਸਾ ਦਾ ਸਾਹਮਣਾ ਕਰਨਾ ਪੈਂਦਾ ਹੈ। ਹਿੰਸਾ ਸਿਰਫ਼ ਉਨ੍ਹਾਂ ਦੇ ਪਰਿਵਾਰਾਂ ਤੱਕ ਹੀ ਸੀਮਤ ਨਹੀਂ ਹੈ, ਸਗੋਂ ਉਨ੍ਹਾਂ ਦੇ ਪਰਿਵਾਰਾਂ ਤੋਂ ਬਾਹਰ ਵੀ ਹੁੰਦੀ ਹੈ।

ਜਨਮ ਤੋਂ ਪਹਿਲਾਂ ਲੜਕਾ ਘਰ ਦਾ ਵਾਰਿਸ, ਜੋ ਪਰਿਵਾਰ ਦਾ ਨਾਂ ਅੱਗੇ ਤੋਰੇਗਾ ਬੱਚੇ ਦਾ ਲਾਲਚ ਸਭ ਤੋਂ ਵੱਡਾ ਕਾਰਨ ਹੈ। ਇਹ ਇਸ ਕਾਰਨ ਹੈ ਕਿ ਭਾਰਤ ਦਾ ਬਾਲ ਲਿੰਗ ਅਨੁਪਾਤ ਸਿਰਫ 919 ਹੈ। ਮਾਪੇ ਚੋਣਵੇਂ ਲਿੰਗ ਗਰਭਪਾਤ ਤੋਂ ਗੁਜ਼ਰਦੇ ਹਨ, ਅਤੇ ਭਰੂਣ ਨੂੰ ਮਾਪਿਆਂ ਦੇ ਭ੍ਰਿਸ਼ਟ ਦਿਮਾਗ ਦਾ ਸ਼ਿਕਾਰ ਹੋਣਾ ਪੈਂਦਾ ਹੈ।

ਬਚਪਨ ਤੋਂ ਹੀ ਹਰ ਘਰ ਵਿਚ ਇਕ ਹੀ ਰੱਟ ਲੱਗੀ ਰਹਿੰਦੀ ਹੈ ਕਿ - ਸਿਰਫ ਪੁੱਤਰ ਹੀ ਮਾਂ-ਬਾਪ ਦਾ ਨਾਂ ਅੱਗੇ ਲੈ ਜਾਵੇਗਾ, ਅਤੇ ਧੀ 'ਪਰਾਇਆ ਧਨ' ਹੈ। ਇਸ ਧਾਰਨਾ ਦੇ ਕਾਰਨ, ਬਹੁਤ ਸਾਰੇ ਮਾਪੇ ਆਪਣੀਆਂ ਧੀਆਂ ਨੂੰ ਸਹੀ ਸਿੱਖਿਆ ਪ੍ਰਦਾਨ ਨਹੀਂ ਕਰਦੇ; ਇਹ ਔਰਤਾਂ ਦੀ ਸਾਖਰਤਾ ਦਰ ਤੋਂ ਸਪੱਸ਼ਟ ਹੁੰਦਾ ਹੈ। ਇੱਕ ਪੜ੍ਹੀ-ਲਿਖੀ ਔਰਤ ਸਿਰਫ਼ ਆਪਣੇ ਪਰਿਵਾਰ ਦੀ ਹੀ ਨਹੀਂ ਸਗੋਂ ਪੂਰੇ ਦੇਸ਼ ਦੀ ਸਰਮ-ਾਇਆ ਹੁੰਦੀ ਹੈ। ਇਸ ਤੋਂ ਇਲਾਵਾ, ਮਾਦਾ ਬੱਚੇ ਦੀ ਸਿਹਤ ਦੀ ਚਿੰਤਾ ਮਾਪਿਆਂ ਦੁਆਰਾ ਸਹੀ ਢੰਗ ਨਾਲ ਨਹੀਂ ਸੰਭਾਲੀ ਜਾਂਦੀ। ਇਹ ਇਸ ਲਈ ਦਿਖਾਈ ਦੇ ਰਿਹਾ ਹੈ ਕਿਉਂਕਿ ਲੜਕਿਆਂ ਦੇ ਮੁਕਾਬਲੇ ਲੜਕੀਆਂ ਵਿੱਚ ਕੁਪੋਸ਼ਣ ਜ਼ਿਆਦਾ ਹੈ। ਇੱਕ ਹੋਰ ਵੱਡੀ ਸਮੱਸਿਆ 'ਬਾਲ ਵਿਆਹ' ਹੈ ਜੋ ਔਰਤ ਦੇ ਸਰਵਪੱਖੀ ਵਿਕਾਸ ਲਈ ਹਾਨੀਕਾਰਕ ਹੈ।

ਦੂਸਰੇ ਪਾਸੇ , ਕਿਸ਼ੋਰ ਅਵਸਥਾ - ਇਸ ਪੜਾਅ 'ਤੇ ਔਰਤਾਂ ਵਿਰੁੱਧ ਹਿੰਸਾ ਦਾ ਮੁੱਖ ਕਾਰਨ ਪਿਤਾ-ਪੁਰਖੀ ਰਵੱਈਆ ਹੈ। ਇਹ ਭਾਵਨਾ ਕਿ ਮਰਦ ਲਿੰਗ ਵਧੇਰੇ ਸ਼ਕਤੀਸ਼ਾਲੀ ਅਤੇ ਉੱਤਮ ਹੈ, ਔਰਤਾਂ ਵਿੱਚ ਪੈਦਾ ਹੁੰਦਾ ਹੈ। ਸੁਰੱਖਿਆ ਦੀ ਘਾਟ ਕਾਰਨ ਔਰਤਾਂ ਨੂੰ ਡਰ ਦੇ ਮਾਹੌਲ ਵਿੱਚ ਰਹਿਣਾ ਪੈਂਦਾ ਹੈ। ਸਰੀਰਕ ਹਿੰਸਾ ਬਲਾਤਕਾਰ, ਤੇਜ਼ਾਬੀ ਹਮਲਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਜਦ ਉਹ ਵੱਡੀ ਹੋ ਜਾਂਦੀ ਹੈ ਤਾਂ , ਵਿਆਹ - ਇੱਕ ਔਰਤ ਨੂੰ ਕਈ ਭੂਮਿਕਾਵਾਂ ਨਿਭਾਉਣੀਆਂ ਪੈਂਦੀਆਂ ਹਨ ਜੋ ਉਸਦੀ ਮਾਨਸਿਕ ਤੰਦਰੁਸਤੀ 'ਤੇ ਬਹੁਤ ਵੱਡਾ ਬੋਝ ਪਾਉਂਦੀਆਂ ਹਨ। ਉਹ ਇੱਕ 'ਸੰਪੂਰਨ' ਪਤਨੀ ਹੈ, ਇੱਕ 'ਪਿਆਰ ਕਰਨ ਵਾਲੀ' ਮਾਂ ਹੈ, ਅਤੇ ਇੱਕ 'ਦੇਖਭਾਲ ਕਰਨ ਵਾਲੀ' ਨੂੰਹ ਹੈ; ਇਹ ਸਭ ਉਸਦੀ ਸਿਹਤ ਨੂੰ ਖਰਾਬ ਕਰਦਾ ਹੈ। ਬੱਚੇ ਦੇ ਪਾਲਣ-ਪੋਸ਼ਣ ਦੀ ਜ਼ਿੰਮੇਵਾਰੀ ਇਕੱਲੀ ਔਰਤ ਨੂੰ ਹੀ ਲੈਣੀ ਪੈਂਦੀ ਹੈ। ਹਾਲੀਆ ਮੈਟਰਨਲ ਬੈਨੀਫਿਟ ਐਕਟ, ਜੋ ਕਿ ਜਣੇਪਾ ਪੱਤੀਆਂ ਨੂੰ ਬਿਨਾਂ ਕਿਸੇ




ਜਣੇਪੇ ਦੇ 26 ਹਫ਼ਤਿਆਂ ਤੱਕ ਵਧਾ ਦਿੰਦਾ ਹੈ, ਇਸ ਧਾਰਨਾ ਨੂੰ ਹੋਰ ਮਜ਼ਬੂਤ ਕਰਦਾ ਹੈ। ਦੂਜੇ ਪਾਸੇ, ਪਤੀ ਕਿਸੇ ਵੀ ਸਮੇਂ 'ਤੀਹਰੇ ਤਲਾਕ' ਵਰਗੇ ਅਭਿਆਸਾਂ ਰਾਹੀਂ ਉਸ ਪ੍ਰਤੀ ਆਪਣੀ ਜ਼ਿੰਮੇਵਾਰੀ ਤੋਂ ਬਚ ਸਕਦਾ ਹੈ। ਸਹੁਰਾ ਪਰਿਵਾਰ ਘਰੇਲੂ ਹਿੰਸਾ ਦੇ ਰੂਪ ਵਿੱਚ ਹਮਲਾ ਜਾਰੀ ਰੱਖ ਸਕਦਾ ਹੈ।

ਜੇਕਰ ਉਹ ਘ੍ਰ ਦੀ ਚਾਰ ਦੀਵਾਰੀ ਤੋਂ ਨਿਕਲ ਕੇ ਚਾਰ ਅੱਖਰ ਪੜ੍ਹ ਗਈ ਹੈ ਤਾਂ ਕੰਮਕਾਜੀ ਔਰਤਾਂ - ਸਟੀਰੀਓਟਾਈਪਿੰਗ ਦੇ ਨਾਲ ਪੁਰਸ਼-ਪ੍ਰਧਾਨ ਰਵੱਈਆ ਇੱਕ ਹੋਰ ਵੱਡਾ ਕਾਰਨ ਉਸ ਲਈ ਬਣ ਅੱਗੇ ਆ ਜਾਂਦਾ ਹੈ ਜੋ ਕੰਮਕਾਜੀ ਔਰਤਾਂ ਦੇ ਵਿਕਾਸ ਨੂੰ ਰੋਕਦਾ ਹੈ। ਪਿਤਾ-ਪੁਰਖੀ ਰਵੱਈਏ ਨੂੰ ਕੰਮ ਵਾਲੀ ਥਾਂ 'ਤੇ ਜਿਨਸੀ ਪਰੇਸ਼ਾਨੀ ਦੇ ਰੂਪ ਵਿੱਚ ਪ੍ਰਦਰਸ਼ਿਤ ਕੀਤਾ ਜਾਂਦਾ ਹੈ। ਔਰਤਾਂ ਨੂੰ ਅਕਸਰ ਉਨ੍ਹਾਂ ਦੇ ਪੇਸ਼ੇਵਰ ਵਿਕਾਸ ਲਈ ਜਿਨਸੀ ਪੱਖਾਂ ਲਈ ਕਿਹਾ ਜਾਂਦਾ ਹੈ। ਦੂਜੇ ਪਾਸੇ, ਉਹਨਾਂ ਨੂੰ ਪ੍ਰਦਾਨ ਕੀਤੇ ਗਏ ਕੰਮ ਦੀ ਪ੍ਰਕਿਰਤੀ ਦਾ ਵਿਭਾਜਨ ਸਮਾਜ ਦੇ ਪੱਖਪਾਤੀ ਰਵੱਈਏ ਨੂੰ ਦਰਸਾਉਂਦਾ ਹੈ। ਉਦਾਹਰਨ ਲਈ, ਔਰਤਾਂ ਨੂੰ ਸਿਰਫ਼ ਗੁਲਾਬੀ ਕਾਲਰ ਦੀਆਂ ਨੌਕਰੀਆਂ ਜਿਵੇਂ ਕਿ ਨਰਸਾਂ ਅਤੇ ਅਧਿਆਪਕਾਂ ਲਈ ਫਿੱਟ ਮੰਨਿਆ ਜਾਂਦਾ ਹੈ।

ਜਦ ਉਹ ਵਡੇਰੀ ਉਮਰ ਦੀ ਹੁੰਦੀ ਹੈ ਭਾਵ ਬੁਢੇਪਾ - ਬੁਢੇਪਾ ਔਰਤਾਂ ਪ੍ਰਤੀ ਹਿੰਸਾ ਦਾ ਸਭ ਤੋਂ ਵੱਡਾ ਕਾਰਨ ਨਿਰਭਰਤਾ ਹੈ। ਬਜ਼ੁਰਗ ਔਰਤਾਂ ਆਪਣੀ ਸੁਰੱਖਿਆ ਲਈ ਜਾਂ ਤਾਂ ਆਪਣੇ ਪਤੀ ਜਾਂ ਬੱਚਿਆਂ 'ਤੇ ਨਿਰਭਰ ਹਨ। ਉਹ ਆਰਥਿਕ ਤੌਰ 'ਤੇ ਆਪਣੇ ਤੌਰ 'ਤੇ ਫੈਸਲੇ ਲੈਣ ਦੇ ਸਮਰੱਥ ਨਹੀਂ ਹਨ। ਅਜਿਹੀ ਨਿਰਭਰਤਾ ਉਨ੍ਹਾਂ ਦੀ ਮਨੋਵਿ-ਗਿਆਨਕ ਸਥਿਰਤਾ ਨੂੰ ਬਹੁਤ ਵੱਡਾ ਧੱਕਾ ਦਿੰਦੀ ਹੈ।

ਇਸ ਲਈ ਔਰਤਾਂ ਨੂੰ ਆਪਣੇ ਜੀਵਨ ਦੇ ਵੱਖ-ਵੱਖ ਪੜਾਵਾਂ 'ਤੇ ਕਈ ਰੂਪਾਂ ਵਿੱਚ ਹਿੰਸਾ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹ ਸਾਡੇ ਸਮਾਜ ਦੇ ਸਭ ਤੋਂ ਕਮਜ਼ੋਰ ਵਰਗਾਂ ਵਿੱਚੋਂ ਇੱਕ ਹਨ, ਅਤੇ ਇਹ ਸਾਡੀ ਜ਼ਿੰਮੇਵਾਰੀ ਹੈ ਕਿ ਅਸੀਂ ਉਨ੍ਹਾਂ ਨੂੰ ਸਵੈ-ਮਾਣ ਪ੍ਰਦਾਨ ਕਰੀਏ ਜਿਸ ਦੇ ਉਹ ਹੱਕਦਾਰ ਹਨ।

ਜੇਕਰ ਸਮਾਜ ਦੀ ਗੱਲ ਕਰੀਏ ਤਾਂ ਮਰਦ ਪ੍ਰਧਾਨ ਸਮਾਜ ਵਿੱਚ ਬਹੁਤ ਸਾਰੇ ਲੋਕਾਂ ਦੀ ਮਾਨਸਿਕਤਾ ਔਰਤਾਂ 'ਤੇ ਹਾਵੀ ਹੋਣ ਦੀ ਹੁੰਦੀ ਹੈ, ਜਿਸ ਨਾਲ ਉਨ੍ਹਾਂ ਦੀ ਹਉਮੈ ਸੰਤੁਸ਼ਟ ਹੁੰਦੀ ਹੈ ਅਤੇ ਉਨ੍ਹਾਂ ਨੂੰ ਖੁਸ਼ੀ ਮਿਲਦੀ ਹੈ। ਸੰਯੁਕਤ ਰਾਸ਼ਟਰ ਦੀ ਰਿਪੋਰਟ ਅਨੁਸਾਰ ਹਰ ਤਿੰਨ ਵਿੱਚੋਂ ਇੱਕ ਔਰਤ ਸਰੀਰਕ ਸ਼ੋਸ਼ਣ ਜਾਂ ਤਸ਼ੱਦਦ ਦਾ ਸ਼ਿਕਾਰ ਹੁੰਦੀ ਹੈ, ਜਿਸ ਦੇ ਪਤੀਆਂ ਵੱਲੋਂ ਤਸ਼ੱਦਦ ਦੇ ਵਧੇਰੇ ਮਾਮਲੇ ਸਾਹਮਣੇ ਆਉਂਦੇ ਹਨ।

ਇਹ ਵੀ ਸੱਚ ਹੈ ਕਿ ਕਈ ਭਾਰਤੀ ਜਾਂ ਅਫਰੀਕੀ ਪਛੜੇ ਹੋਏ ਇਲਾਕਿਆਂ ਵਿਚ ਇੱਕ, ਔਰਤਾਂ ਨੇ ਆਪਣੇ ਆਪ ਨੂੰ ਜਿਵੇਂ ਕਿ ਉਸਨੇ ਪੁਰਾਣੇ ਸਮੇਂ ਤੋਂ ਮਰਦ ਨੂੰ ਆਪਣਾ ਮਾਲਕ ਮੰਨਿਆ ਹੋਇਆ ਹੈ, ਉਹ ਆਦਮੀ ਤੋਂ ਬਿਨਾਂ ਬੇਵੱਸ ਮਹਿਸੂਸ ਕਰਦੀ ਹੈ, ਉਹ ਆਦਮੀ ਤੋਂ ਬਿਨਾਂ ਬੇਕਾਰ ਮਹਿਸੂਸ ਕਰਦੀ ਹੈ, ਉਹ ਮਰਦ ਤੋਂ ਬਿਨਾਂ ਆਪਣਾ ਜੀਵਨ ਨਹੀਂ ਸੰਭਾਲ ਸਕਦੀ, ਉਹ ਮਰਦ ਤੋਂ ਬਿਨਾਂ ਗਰੀਬ ਅਤੇ ਸਹਿਮੀ ਹੋਈ ਮਹਿਸੂਸ ਕਰਦੀ ਹੈ।

ਜਦੋਂ ਤੱਕ ਖੁਦ ਇਸ ਮਰਦ ਪ੍ਰਧਾਨ ਦੇ ਪਰਛਾਵੇਂ ਤੋਂ ਬਾਹਰ ਨਹੀਂ ਆਉਂਦੀ, ਉਹ ਆਪਣੇ ਆਪ ਨੂੰ ਜੀਣਾ, ਆਪਣੀ ਰੱਖਿਆ ਕਰਨਾ ਅਤੇ ਆਪਣੇ ਲਈ ਲੜਨਾ ਨਹੀਂ ਸਿੱਖ ਸਕਦੀ।

ਦੂਜਾ, ਇੱਕ ਔਰਤ ਦੂਜੀ ਔਰਤ ਲਈ ਹੀ ਕਈ ਵਾਰ ਵੈਰੀ ਬਣ ਉਸ ਦੇ ਰਾਹ ਦਾ ਰੋੜਾਂ ਬਣ ਜਾਂਦੀ ਹੈ, ਉਹ ਦੂਜੀਆਂ ਔਰਤਾਂ ਦੀ ਇੱਜ਼ਤ ਅਤੇ ਮਾਣ ਨਹੀਂ ਕਰਦੀ। ਜਿਸ ਦਾ ਸਮਾਜ ਤੇ ਮਰਦ ਫਾਇਦਾ ਉਠਾਉਂਦਾ ਹੈ, ਤੇ ਉਸ ਨੂੰ ਹਰ ਪਹਿਲੋਂ ਤੋਂ ਪਰਖਦੇ ਹੋਏ ਉਸ ਦੀ ਵਰਤੋਂ ਕਰਦਾ ਹੈ।

ਔਰਤ ਨੂੰ 21 ਵੀ ਸਦੀ ਦਾ ਹਾਣੀ ਮਰਦ ਦੇ ਬਰਾਬਰ ਖੜ੍ਹਾ ਕਰਨ ਲਈ ਉਸ ਇੱਕ ਔਰਤ ਅਤੇ ਉਸਦੇ ਮਾਪਿਆਂ ਨੂੰ ਪੰਜ ਮੁੱਖ ਗੱਲਾਂ 'ਤੇ ਧਿਆਨ ਦੇਣਾ ਚਾਹੀਦਾ ਹੈ:

ਸਿੱਖਿਆ- ਸਕੂਲਿੰਗ, ਬੁਨਿਆਦੀ ਗਿਆਨ, ਉੱਚ ਪੜ੍ਹਾਈ, ਕੰਪਿਊਟਿੰਗ ਹੁਨਰ, ਅਤੇ ਕੋਈ ਹੋਰ ਵਿਸ਼ੇਸ਼ ਖੇਤਰ (ਐਮਬੀਬੀਐਸ, ਪਾਇਲਟ, ਇੰਜੀਨੀਅਰ, ਉਦਯੋਗਪਤੀ, ਵਿਗਿਆਨੀ ਆਦਿ ਦੀ ਸਿੱਖਿਆ ਦੇਣੀ ਚਾਹਿੰਦੀ ਹੈ।

ਹੁਨਰ ਵਿਕਾਸ- ਜਿਹੜੇ ਲੋਕ ਕਮਜ਼ੋਰ ਵਿੱਤੀ ਪਿਛੋਕੜ ਜਾਂ ਸਹੂਲਤਾਂ ਦੀ ਘਾਟ ਕਾਰਨ ਉੱਚ ਪੜ੍ਹਾਈ ਨਹੀਂ ਕਰ ਸਕਦੇ, ਉਨ੍ਹਾਂ ਨੂੰ ਰੁਜ਼ਗਾਰ ਮੁਖੀ ਹੁਨਰਾਂ ਨਾਲ ਭਰਪੂਰ ਹੋਣਾ ਚਾਹੀਦਾ ਹੈ ਤਾਂ ਜੋ ਘੱਟੋ-ਘੱਟ ਉਨ੍ਹਾਂ ਨੂੰ ਵਧੀਆ ਨੌਕਰੀ ਮਿਲ ਸਕੇ।

ਸੁਤੰਤਰਤਾ- ਵੱਖਰਾ ਕਰੀਅਰ, ਆਪਣੀ ਆਮਦਨ, ਬੱਚਤ, ਉਸਦੇ ਖਰਚਿਆਂ ਦਾ ਭੁਗਤਾਨ ਕਰਨਾ। ਇੱਕ ਔਰਤ ਇੱਟਾਂ ਚੁੱਕਣ ਜਾਂ ਪੁਲਾੜ ਜਹਾਜ਼ ਉਡਾਉਣ ਤੋਂ ਲੈ ਕੇ ਕੁਝ ਵੀ ਕਰ ਸਕਦੀ ਹੈ। ਜੋ ਉਸ ਦਾ ਹੱਕ ਹੈ ਤੇ ਉਸ ਦੇ ਪੈਰਾਂ ਦੀ ਬੇੜੀ ਬਨਣ ਦਾ ਕਿਸੇ ਕੋਲ ਕੋਈ ਅਧਿਕਾਰ ਨਹੀਂ ਹੈ।

ਜਾਗਰੂਕਤਾ- ਕਾਨੂੰਨ, ਨਿਯਮ, ਹੈਲਪਲਾਈਨ, ਨੀਤੀਆਂ, ਅਧਿਕਾਰ, ਕਰਤੱਵ, ਭਲਾਈ ਪ੍ਰੋਗਰਾਮ ਜਨਤੱਕ ਹੋਣੇ ਚਾਹਿੰਦੇ ਹਨ ਜਿਸ ਨਾਲ ਔਰਤਾਂ ਨੂੰ ਤੇ ਆਮ ਲੋਕਾ ਨੂੰ ਔਰਤ ਦੇ ਅਧਿਕਾਰਾਂ ਵਾਰੇ ਜਾਣਕਾਰੀ ਹੋਵੇ, ਜਿਸ ਨਾਲ ਉਹ ਅਜ਼ਾਦ ਘੁੰਮ ਸਕੇ।

ਕਸਰਤ ਕਰਨਾ- ਔਰਤ ਕੋਈ ਗੁੱਡੀ ਨਹੀਂ ਹੈ, ਉਸ ਨੂੰ ਮਜ਼ਬੂਤ ਅਤੇ ਫਿੱਟ ਹੋਣਾ ਚਾਹੀਦਾ ਹੈ। ਜਿਸ ਲਈ ਉਸ ਨੂੰ ਖੇਡਾ ਵਿਚ ਤੇ ਆਪਣੇ ਆਪ ਨੂੰ ਮਜ਼ਬੂਤ ਬਣਾਉਣ ਲਈ ਕਸਰਤ ਤੇ ਹੋਰ ਕਈ ਤਰ੍ਹਾ ਦੇ ਆਪਣੇ ਆਪ ਨੂੰ ਕਿਸੇ ਵੀ ਮੁਸ਼ਕਲ ਦਾ ਸਾਹਮਣਾ


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editor | Gyan Singh, |
| Office Admin | Sajandeep Singh |
| Graphic Designer | Angrez Singh<br>Komal Matharu |
| Photographer | Kanwaljit Singh Kanwal |
| Distributer<br>Marketing: | Bhupinder Dhillon<br>Sajandeep Singh |


Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

ਪੂਰਨਮਾਸ਼ੀ ਜੋੜ ਮੇਲਾ ਢੁੱਡੀਕੇ

# ਪੂਰਨਮਾਸ਼ੀ ਦਾ ਚੰਦ ਸੀ ਜਸਵੰਤ ਸਿੰਘ ਕੰਵਲ

-ਪ੍ਰਿੰ. ਸਰਵਣ ਸਿੰਘ-

ਜਸਵੰਤ ਸਿੰਘ ਕੰਵਲ ਸੱਚਮੁੱਚ ਪੂਰਨਮਾਸ਼ੀ ਦਾ ਚੰਦ ਸੀ ਤੇ ਡਾ. ਜਸਵੰਤ ਗਿੱਲ ਪੁੰਨਿਆਂ ਦਾ ਚਾਨਣ। ਉਹਦੇ ਨਾਵਲ 'ਪੂਰਨਮਾਸ਼ੀ' ਵਿਚਲਾ 'ਨਵਾਂ ਪਿੰਡ' ਉਹਦਾ ਬਚਪਨ ਵਿਚ ਵੇਖਿਆ ਆਪਣਾ ਪਿੰਡ ਢੁੱਡੀਕੇ ਹੀ ਸੀ। ਨਾਵਲ ਦੇ ਆਰੰਭ 'ਚ ਜਿਹੜਾ ਖੂਹ ਚਲਦਾ ਵਿਖਾਇਆ ਗਿਐ ਉਹ ਉਨ੍ਹਾਂ ਦੇ ਬਾਹਰਲੇ ਘਰ ਨੇੜਲਾ ਖੂਹ ਸੀ ਜੋ ਹੁਣ ਪੂਰਿਆ ਜਾ ਚੁੱਕੈ। ਬੇਆ-ਬਾਦ ਹੋਇਆ ਉਹ ਖੂਹ ਨਾਵਲ 'ਪੂਰਨਮਾਸ਼ੀ' ਵਿਚ ਅਜੇ ਵੀ ਆਬਾਦ ਹੈ ਜਿਸ ਦੀ ਮੌਣ ਉਤੇ ਕਦੇ ਕੰਵਲ, ਕਦੇ ਬਲਰਾਜ ਸਾਹਨੀ ਤੇ ਉਨ੍ਹਾਂ ਤੋਂ ਪਹਿਲਾਂ ਢੁੱਡੀਕੇ ਦੇ ਗ਼ਦਰੀ ਬਾਬੇ ਬਹਿੰਦੇ ਰਹੇ ਤੇ ਬਾਬਾ ਰੂੜ ਸਿੰਘ ਦੇ ਪਿੰਡ ਚੂਹੜਚੱਕ ਵੱਲੋਂ ਚੜ੍ਹਦਾ ਪੂਰਨਮਾਸ਼ੀ ਦਾ ਚੰਦ ਵੇਖਦੇ ਰਹੇ।

ਕੰਵਲ ਪੰਜਾਬ ਦਾ ਰਸੂਲ ਹਮਜ਼ਾਤੋਵ ਸੀ। ਉਹ 'ਮੇਰਾ ਦਾਗਿਸਤਾਨ' ਵਾਂਗ 'ਮੇਰੇ ਪੰਜਾਬ' ਨੂੰ ਦਿਲੋਂ ਪਿਆਰ ਕਰਨ ਵਾਲਾ ਜਜ਼ਬਾਤੀ ਲੇਖਕ ਸੀ। ਕਈ ਉਸ ਨੂੰ 'ਪੰਜਾਬ ਦੀ ਪੱਗ', 'ਖੇਤਾਂ ਦਾ ਪੁੱਤ' ਤੇ ਕਈ ਵਗਦੀਆਂ 'ਵਾਵਾਂ ਨਾਲ ਹੁਲ੍ਹਾਰੇ ਖਾਣ ਵਾਲਾ 'ਸਰੂ ਦਾ ਰੁੱਖ' ਕਹਿੰਦੇ ਰਹੇ। ਉਹ ਲਹਿਰਾਂ ਨਾਲ ਚੱਲਣ ਵਾਲਾ ਲਹਿਰੀ ਲੇਖਕ ਸੀ। ਉਹਦੀਆਂ ਲਿਖਤਾਂ ਪਿਆਰ ਮੁਹੱਬਤ ਦੇ ਰੁਮਾਂਚਿਕ ਸੰਵਾਦਾਂ ਨਾਲ ਓਤ ਪੋਤ ਸਨ। ਪੰਜਾਬ, ਪੰਜਾਬੀ, ਪੰਜਾਬੀਅਤ ਤੇ ਵਾਰਸ ਦੀ ਹੀਰ ਦਾ ਆਸ਼ਕ ਹੋਣ ਨਾਲ ਉਹ ਪੰਜਾਬੀਆਂ ਦੇ ਹੱਕਾਂ ਦਾ ਨਗਾਰਚੀ ਸੀ। ਉਹਦੇ ਨਾਵਲਾਂ ਵਿੱਚ ਪੰਜਾਬ ਦੇ ਪੇਂਡੂ ਪਾਤਰ ਪਹਿਲੀ ਵਾਰ ਹੁੱਬ ਕੇ ਪੇਸ਼ ਹੋਏ। ਪੰਜਾਬੀਆਂ ਦਾ ਬਾਈ ਕਿਹਾ ਜਾਂਦਾ ਕੰਵਲ 100 ਸਾਲ 7 ਮਹੀਨੇ 4 ਦਿਨ ਜੀਵਿਆ। 27 ਜੂਨ 1919 ਨੂੰ ਉਸ ਨੇ ਢੁੱਡੀਕੇ ਦੀ ਆਬੋ ਹਵਾ ਵਿਚ ਪਹਿਲਾ ਸਾਹ ਲਿਆ ਸੀ ਤੇ ਢੁੱਡੀਕੇ ਵਿਚ ਹੀ 1 ਫਰਵਰੀ 2020 ਨੂੰ ਸਵੇਰੇ 7:40 ਵਜੇ ਆਖ਼ਰੀ ਸਾਹ ਲਿਆ। ਮੇਰਾ ਕੰਵਲ ਨਾਲ 62 ਸਾਲਾਂ ਦਾ ਮੇਲਜੋਲ ਸੀ ਜਿਨ੍ਹਾਂ 'ਚੋਂ ਤੀਹ ਸਾਲ ਮੈਂ ਢੁੱਡੀਕੇ ਕਾਲਜ ਵਿਚ ਪੜ੍ਹਾਇਆ। ਅਸੀਂ ਕਈ ਪੂਰਨਮਾਸ਼ੀਆਂ 'ਕੱਠੀਆਂ ਵੀ ਮਨਾਈਆਂ।

ਇਕ ਦਿਨ ਵਰਿਆਮ ਸਿੰਘ ਸੰਧੂ ਨਾਲ ਗੁਜ਼ਰ ਗਏ ਲੇਖਕਾਂ ਨੂੰ ਯਾਦ ਕਰਨ ਦੀਆਂ ਗੱਲਾਂ ਚੱਲੀਆਂ ਤਾਂ ਉਸ ਨੇ ਕਿਹਾ, "ਲੇਖਕ ਉਹੀ ਯਾਦ ਕੀਤੇ ਜਾਂਦੇ ਨੇ ਜਿਨ੍ਹਾਂ ਦੇ ਵਾਰਸ ਜੀਂਦੇ ਜਾਗਦੇ ਹੋਣ।"

ਸ਼ੁਕਰ ਹੈ ਕੰਵਲ ਦੇ ਵਾਰਸ ਜਿਊਂਦੇ ਜਾਗਦੇ ਨੇ, ਖ਼ਾਸ ਕਰਕੇ ਢੁੱਡੀਕੇ ਦੇ ਨੌਜੁਆਨ ਤੇ ਦੋਹਤਾ ਸੁਮੇਲ ਸਿੰਘ ਸਿੱਧੂ। ਉਨ੍ਹਾਂ ਨੇ ਕੰਵਲ ਦੀ ਯਾਦ ਵਿਚ ਪੂਰਨਮਾਸ਼ੀ ਪੰਜਾਬੀ ਮੇਲਾ ਜੋੜਿਆ ਜੋ ਐਤਕੀਂ 18-20 ਨਵੰਬਰ ਨੂੰ ਗ਼ਦਰੀ ਬਾਬਿਆਂ ਦੀ ਯਾਦਗਾਰ ਢੁੱਡੀਕੇ ਵਿਖੇ ਮਨਾਇਆ ਗਿਆ। ਪਹਿਲੇ ਦਿਨ ਕਹਾਣੀਕਾਰ ਗੁਰਦੇਵ ਰੁਪਾਣਾ, ਨਾਵਲਕਾਰ ਮੋਹਨ ਕਾਹਲੋਂ ਤੇ ਲੋਕ ਗਾਇਕ ਅਮਰਜੀਤ ਗੁਰਦਾਸਪੁਰੀ ਨੂੰ ਉਚੇਚਾ ਯਾਦ ਕੀਤਾ। ਜੋੜ ਮੇਲੇ ਵਿਚ ਹੀਰ ਗਾਇਣ ਤੇ ਰਜਬ ਅਲੀ ਦੀ ਕਵੀਸ਼ਰੀ ਸਣੇ ਕਈ ਸਾਹਿਤਕ ਤੇ ਸਭਿਆਚਾਰ ਸੈਸ਼ਨ ਹੋਏ। ਇਹ ਚੌਥਾ ਪੂਰਨਮਾਸ਼ੀ ਮੇਲਾ ਸੀ।

ਕੰਵਲ ਦੀ ਮੁੱਢਲੀ ਪਛਾਣ 'ਮਾਹਲੇ ਕਾ ਬੰਤਾ' ਸੀ। ਉਹਦਾ ਜਨਮ ਢੁੱਡੀਕੇ ਦੀ ਕਪੂਰਾ ਪੱਤੀ ਵਿੱਚ ਮਾਹਲਾ ਸਿੰਘ ਦੇ ਘਰ ਮਾਤਾ ਹਰਨਾਮ ਕੌਰ ਦੀ ਕੁੱਖੋਂ ਹੋਇਆ ਸੀ। 1940 ਵਿਚ ਉਸ ਨੇ ਪਹਿਲੀ ਪੋਥੀ 'ਜੀਵਨ ਕਣੀਆਂ' ਲਿਖੀ ਜੋ 1943 'ਚ ਛਪੀ। ਆਖ਼ਰੀ ਪੁਸਤਕ 'ਧੁਰ ਦਰਗਾਹ' 2017 ਵਿੱਚ ਛਪੀ ਜਿਸ ਦੇ ਸਰਵਰਕ ਉਪਰ ਛਪਿਆ ਹੈ:

ਦਿਲ ਦੇ ਤਾਰਿਓ! ਰੂਹ ਦੇ ਪਿਆਰਿਓ! ਵਿਛੜਨ ਦਾ ਵੇਲਾ ਧੱਕਾ ਦੇ ਕੇ ਆ ਗਿਆ ਏ। ਧੱਕੇ ਮਾਰਦੇ ਮੇਲੇ ਨੇ ਇੱਕ ਦਿਨ ਖਿਲਰਣਾ ਹੀ ਹੈ। ਆਓ ਰਲ ਮਿਲ ਕੇ ਇਸ ਮੇਲੇ ਨੂੰ ਯਾਦਗਾਰੀ ਬਣਾਈਏ।

ਯਾਰਾਂ ਦੋਸਤਾਂ, ਪਾਠਕਾਂ, ਲੇਖਕਾਂ ਤੇ ਅਨਾਦੀ ਮੇਲ ਮਿਲਾਪੀਆਂ ਨੂੰ, ਘੁੱਟ ਘੁੱਟ ਜੱਫੀਆਂ ਪਾ ਕੇ ਮਿਲੀਏ ਤੇ ਪਿਆਰ ਦੀਆਂ ਪੱਕੀਆਂ ਲੀਹਾਂ ਨੂੰ ਯਾਦਗਾਰੀ ਬਣਾਈਏ ...

ਉਸ ਦੀਆਂ ਸੌ ਕੁ ਪੁਸਤਕਾਂ ਵਿੱਚ ਤਿੰਨ ਦਰਜਨ ਦੇ ਕਰੀਬ ਨਾਵਲ ਹਨ। ਦਰਜਨ ਤੋਂ ਵੱਧ ਕਹਾਣੀ ਸੰਗ੍ਰਹਿ, ਕੁੱਝ ਰੇਖਾ ਚਿੱਤਰ ਸੰਗ੍ਰਹਿ, ਜੀਵਨ ਯਾਦਾਂ, ਕਾਵਿ ਸੰਗ੍ਰਹਿ ਅਤੇ ਕੁੱਝ ਨਿਬੰਧ ਸੰਗ੍ਰਹਿ ਹਨ। ਸਿਆਸੀ ਲੇਖਾਂ ਵੀ ਦੀਆਂ ਅੱਧੀ ਕੁ ਦਰਜਨ ਕਿਤਾਬਾਂ ਹਨ। ਉਹਦੀਆਂ ਪਾਠਕਾਂ ਨੂੰ ਲਿਖੀਆਂ ਚਿੱਠੀਆਂ 'ਕੱਠੀਆਂ ਕਰ ਲਈਆਂ ਜਾਣ ਤਾਂ ਚਿੱਠੀਆਂ ਦਾ ਹੀ ਗ੍ਰੰਥ ਬਣ ਸਕਦਾ ਹੈ। ਉਹਦੇ ਪਾਤਰਾਂ ਤੋਂ ਬੁਲਾਏ ਸੰਵਾਦਾਂ ਦੀ ਗਿਣਤੀ ਪੰਜਾਹ ਹਜ਼ਾਰ ਤੋਂ ਵੱਧ ਹੋਵੇਗੀ ਜੋ ਪਾਠਕਾਂ ਨੇ ਨੋਟ ਬੁੱਕਾਂ 'ਚ ਨੋਟ ਕੀਤੇ। ਉਹਦੀ ਕਲਮ ਨੇ ਪੰਜਾਹ ਲੱਖ ਤੋਂ ਵੱਧ ਲਫ਼ਜ਼ ਲਿਖੇ।

ਉਹਦੇ ਕਈ ਨਾਵਲਾਂ ਤੇ ਲੇਖ ਸੰਗ੍ਰਹਿਆਂ ਦੀਆਂ ਦਰਜਨ ਤੋਂ ਵੱਧ ਐਡੀਸ਼ਨਾਂ ਛਪੀਆਂ। ਉਹਦੀਆਂ ਕਿਤਾਬਾਂ ਦੀਆਂ ਕੁਲ ਕਾਪੀਆਂ ਦਸ ਲੱਖ ਤੋਂ ਵੀ ਵੱਧ ਛਪ ਚੁੱਕੀਆਂ ਹਨ। ਪੰਜਾਬੀ ਲੇਖਕਾਂ ਵਿੱਚੋਂ ਉਸ ਨੂੰ ਸਭ ਤੋਂ ਵੱਧ ਰਾਇਲਟੀ ਮਿਲਦੀ ਰਹੀ। ਵੀਹਵੀਂ ਸਦੀ ਦੇ ਪੰਜਾਬੀ ਲੇਖਕਾਂ 'ਚੋਂ ਉਹ ਸਭ ਤੋਂ ਵੱਧ ਪੜ੍ਹਿਆ ਗਿਆ।

1975-76 ਦੀ ਐਮਰਜੰਸੀ ਦੌਰਾਨ ਸਰਕਾਰ ਤੋਂ ਚੋਰੀ ਛਿੱਪੇ ਸਿੰਗਾਪੁਰੋਂ ਛਪਵਾਏ ਉਹਦੇ ਨਾਵਲ 'ਲਹੂ ਦੀ ਲੋਅ' ਨੂੰ ਪੰਜਾਬ ਭਾਸ਼ਾ ਵਿਭਾਗ ਨੇ 1977-78 ਵਿੱਚ ਪੁਰਸਕਾਰ ਐਲਾਨਿਆ ਤਾਂ ਅਸੀਂ ਵਧਾਈ ਦੇਣ ਗਏ। ਪਰ ਉਸ ਨੇ ਇਨਾਮ ਠੁਕਰਾਅ ਦਿੱਤਾ। ਕਿਹਾ ਕਿ ਜਿਹੜੀ ਸਰਕਾਰ 'ਲਹੂ ਦੀ ਲੋਅ' ਦੇ ਨਾਇਕਾਂ ਦੀ ਕਾਤਲ ਹੈ ਉਹਦਾ ਇਨਾਮ ਮੈਂ ਕਿਵੇਂ ਲੈ ਸਕਦਾ ਹਾਂ? ਇਹ ਵਰਣਨਯੋਗ ਹੈ ਕਿ ਉਸ ਦੇ ਬਣਾਏ ਸਾਹਿਤ ਟ੍ਰੱਸਟ ਢੁੱਡੀਕੇ ਨੇ ਸੌ ਕੁ ਲੇਖਕਾਂ ਨੂੰ ਬਾਵਾ ਬਲਵੰਤ, ਬਲਰਾਜ ਸਾਹਨੀ ਤੇ ਡਾ. ਜਸਵੰਤ ਗਿੱਲ ਦੇ ਨਾਂ 'ਤੇ ਅਵਾਰਡ ਦਿੱਤੇ। ਉਹ ਕੱਟੜਪੰਥੀ ਨਹੀਂ ਬਲਕਿ ਫਿਰਕਾਪ੍ਰਸਤੀ ਤੋਂ ਉਪਰ ਉਠਿਆ ਲੇਖਕ ਸੀ।

1986 ਵਿੱਚ ਉਸ ਨੂੰ ਕਰਤਾਰ ਸਿੰਘ ਧਾਲੀਵਾਲ ਅਵਾਰਡ ਲੈਣ ਲਈ ਮਸੀਂ ਮਨਾਇਆ ਗਿਆ ਸੀ। ਉਦੋਂ ਪੰਜਾਬੀ ਸਾਹਿਤ ਅਕਾਡਮੀ ਦੇ ਪ੍ਰਧਾਨ ਪ੍ਰੋ. ਪ੍ਰੀਤਮ ਸਿੰਘ ਨੇ ਅਕਾਡਮੀ ਦੇ ਜਨਰਲ ਸਕੱਤਰ ਪ੍ਰੋ. ਪ੍ਰਮਿੰਦਰ ਸਿੰਘ ਤੇ ਗੁਰਭਜਨ ਗਿੱਲ ਨੂੰ ਢੁੱਡੀਕੇ ਭੇਜਿਆ ਸੀ। ਉਹ ਮੇਰੇ ਕੋਲ ਆਏ ਤੇ ਕੰਵਲ ਨੂੰ ਮਨਾਉਣ ਲਈ ਨਾਲ ਲੈ ਕੇ ਗਏ। ਉਨ੍ਹਾਂ ਨੂੰ ਤੌਖਲਾ ਸੀ ਕਿਤੇ 'ਲਹੂ ਦੀ ਲੋਅ' ਦੇ ਇਨਾਮ ਵਾਂਗ ਨਾਂਹ ਨਾ ਕਰ ਦੇਵੇ। ਉੱਦਣ ਕੰਵਲ ਕਿਤੇ ਬਾਹਰ ਗਿਆ ਹੋਇਆ ਸੀ। ਉਹਦੇ ਪੁੱਤਰ ਸਰਬਜੀਤ, ਡਾ. ਜਸਵੰਤ ਗਿੱਲ ਤੇ ਮੈਂ, ਤਿੰਨਾਂ ਨੇ ਹਾਮੀ ਓਟ ਦਿੱਤੀ ਸੀ ਕਿ ਕੰਵਲ ਨੂੰ ਲੁਧਿਆਣੇ ਲਿਆਵਾਂਗੇ। ਪਰ ਕੰਵਲ ਫਿਰ ਵਿਹਰ ਗਿਆ। ਅਵਾਰਡ ਪੰਜਾਬ ਦੇ ਰਾਜਪਾਲ ਹੱਥੋਂ ਦਿਵਾਇਆ ਜਾਣਾ ਸੀ। ਕੰਵਲ ਨਹੀਂ ਸੀ ਚਾਹੁੰਦਾ ਕਿ ਅਵਾਰਡ ਨੂੰ ਸਰਕਾਰੀ ਹੱਥ ਲੱਗੇ। ਪ੍ਰੋ. ਪ੍ਰੀਤਮ ਸਿੰਘ ਨੂੰ ਦਲੀਲ ਦੇਣੀ ਕਿ ਗਵਰਨਰ ਰਾਜ ਦਾ ਕੇਵਲ ਸੰਵਿਧਾਨਕ ਮੁਖੀ ਹੁੰਦਾ ਹੈ। ਇੰਜ 1986 ਵਿੱਚ ਉਹ ਪਹਿਲੀ ਵਾਰ ਸਾਹਿਤਕ ਇਨਾਮ ਲੈਣ ਦੇ ਰਾਹ ਪਿਆ।



ਕੰਵਲ ਦੇ ਦੇਹਾਂਤ ਤੋਂ 4 ਦਿਨ ਪਹਿਲਾਂ ਢੁੱਡੀਕੇ ਖੇਡ ਮੇਲੇ ਦੇ ਦਿਨ 28 ਜਨਵਰੀ 2020 ਨੂੰ ਢੁੱਡੀਕੇ ਵਿਖੇ ਕੰਵਲ ਨਾਲ ਸਰਵਣ ਸਿੰਘ, ਉਹਦਾ ਪੁੱਤਰ ਸਰਬਜੀਤ ਸਿੰਘ ਤੇ ਨੂੰਹ ਬੀਬੀ ਗੁਰਪ੍ਰੀਤ ਕੌਰ।

ਫਿਰ 1990 ਵਿੱਚ ਭਾਸ਼ਾ ਵਿਭਾਗ ਪੰਜਾਬ ਦਾ ਸ਼੍ਰੋਮਣੀ ਪੰਜਾਬੀ ਸਾਹਿਤਕਾਰ ਪੁਰਸਕਾਰ ਤੇ 1997 ਵਿੱਚ ਭਾਰਤੀ ਸਾਹਿਤ ਅਕਾਡਮੀ ਦੇ ਅਵਾਰਡ ਮਿਲੇ। 1997 ਵਿੱਚ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਨੇ ਉਸ ਨੂੰ ਸਰਵਸ੍ਰੇਸ਼ਟ ਸਾਹਿਤਕਾਰ ਪੁਰਸਕਾਰ ਪਰਦਾਨ ਕੀਤਾ। 2000 ਵਿੱਚ ਗਿਆਨੀ ਲਾਲ ਸਿੰਘ ਯਾਦਗਾਰੀ ਪੁਰਸਕਾਰ ਅਤੇ ਸੰਤ ਸਿੰਘ ਸੇਖੋਂ ਯਾਦਗਾਰੀ ਅਵਾਰਡ ਮਿਲੇ। 2008 ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੇ ਉਸ ਨੂੰ ਡੀਲਿੱਟ ਦੀ ਆਨਰੇਰੀ ਡਿਗਰੀ ਨਾਲ ਸਨਮਾਨਿਤ ਕੀਤਾ। ਫਿਰ ਭਾਸ਼ਾ ਵਿਭਾਗ ਪੰਜਾਬ ਦਾ ਸਾਹਿਤ ਰਤਨ ਅਵਾਰਡ ਅਤੇ ਸਾਹਿਤ ਅਕਾਡਮੀ ਦਿੱਲੀ ਰਾਹੀਂ ਟੈਗੋਰ ਯਾਦਗਾਰੀ ਅਵਾਰਡ ਮਿਲੇ। 2018 ਵਿੱਚ ਉਸ ਦੇ ਸੌਵੇਂ ਜਨਮ ਦਿਨ 'ਤੇ ਪੰਜਾਬ ਕਲਾ ਪ੍ਰੀਸ਼ਦ ਨੇ ਪੰਜਾਬ ਗੌਰਵ ਦੇ ਮਾਨ ਨਾਲ ਸਨਮਾਨਿਆ। ਉਸ ਨੇ ਦਰਜਨ ਤੋਂ ਵੱਧ ਦੇਸ਼ਾਂ ਦਾ ਭਰਮਣ ਕੀਤਾ।

ਦੇਸ਼ ਵਿਦੇਸ਼ ਦੀਆਂ ਸਾਹਿਤ ਸਭਾਵਾਂ ਵੱਲੋਂ ਮਿਲੇ ਮਾਨ ਸਨਮਾਨਾਂ ਦਾ ਕੋਈ ਅੰਤ ਨਹੀਂ। ਪਰ ਉਹ ਸਭ ਤੋਂ ਵੱਡਾ ਮਾਨ ਸਨਮਾਨ ਪਾਠਕਾਂ ਦੇ ਹੁੰਗ੍ਹਾਰੇ ਨੂੰ ਮੰਨਦਾ ਰਿਹਾ ਜੋ ਉਸ ਨੂੰ ਪੌਣੀ ਸਦੀ ਤੋਂ ਪੜ੍ਹਦੇ ਆ ਰਹੇ ਸਨ।

ਉਹਦੀ ਵਿਚਾਰਧਾਰਾ ਨਾਲ ਕੋਈ ਸਹਿਮਤ ਹੋਵੇ ਜਾਂ ਨਾ ਹੋਵੇ, ਪਰ ਇਹ ਤੱਥ ਸਭ ਮੰਨਦੇ ਸਨ ਕਿ ਉਸ ਨੇ ਸਭ ਤੋਂ ਵੱਧ ਪਾਠਕ ਪੰਜਾਬੀ ਪੁਸਤਕਾਂ ਪੜ੍ਹਨ ਲਾਏ। ਕਦੇ ਉਸ ਨੂੰ 'ਪੂਰਨਮਾਸ਼ੀ' ਵਾਲਾ ਕੰਵਲ, ਕਦੇ 'ਰਾਤ ਬਾਕੀ ਹੈ' ਵਾਲਾ ਤੇ ਕਦੇ 'ਲਹੂ ਦੀ ਲੋਅ' ਵਾਲਾ ਲੇਖਕ ਕਹਿ ਕੇ ਵਡਿਆਇਆ ਜਾਂਦਾ ਰਿਹਾ। ਕਦੇ ਨਾਵਲਕਾਰ ਨਾਨਕ ਸਿੰਘ ਦਾ ਵਾਰਸ ਕਿਹਾ ਜਾਂਦਾ। ਉਸ ਨੇ ਮਲਾਇਆ ਵਿੱਚ ਜਾਗੇ ਦੀ ਨੌਕਰੀ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਕਲੱਰਕੀ ਤੇ ਘਰ ਦੀ ਖੇਤੀ ਵਾਹੀ ਕੀਤੀ। ਪਿੰਡ ਦੀ ਸਰਪੰਚੀ ਤੋਂ ਲੈ ਕੇ ਭਾਸ਼ਾ ਵਿਭਾਗ ਪੰਜਾਬ ਦੇ ਸਲਾਹਕਾਰ ਬੋਰਡ ਦੀ ਮੈਂਬਰੀ, ਕੇਂਦਰੀ ਪੰਜਾਬੀ ਲੇਖਕ ਸਭਾ ਦੀ ਜਨਰਲ ਸਕੱਤਰੀ, ਪ੍ਰਧਾਨਗੀ ਤੇ ਸਰਪ੍ਰਸਤੀ ਕੀਤੀ। ਉਹ ਦੇਸ ਵਿਦੇਸ ਵਿਸ਼ਵ ਪੰਜਾਬੀ ਕਾਨਫ੍ਰੰਸਾਂ 'ਤੇ ਕਨਵੈਸ਼ਨਾਂ 'ਤੇ ਵੀ ਜਾਂਦਾ ਰਿਹਾ।

ਉਹ ਚਾਰ ਜਮਾਤਾਂ ਢੁੱਡੀਕੇ ਪੜ੍ਹ ਕੇ ਅੱਠਵੀਂ ਤਕ ਨਾਨਕੀਂ ਚੂਹੜਚੱਕ ਪੜ੍ਹਿਆ ਸੀ। ਲਛਮਣ ਸਿੰਘ ਗਿੱਲ ਵੀ ਉਥੇ ਪੜ੍ਹਦਾ ਸੀ ਜੋ 1967 ਵਿਚ ਪੰਜਾਬ ਦਾ ਮੁੱਖ ਮੰਤਰੀ ਬਣਿਆ।

ਉਸ ਨੇ ਪੰਜਾਬ ਰਾਜ ਭਾਸ਼ਾ ਐਕਟ ਪਾਸ ਕਰਵਾ ਕੇ ਪੰਜਾਬੀ ਸਾਰੇ ਸਰਕਾਰੀ ਦਫਤਰਾਂ ਵਿਚ ਅਮਲੀ ਤੌਰ 'ਤੇ ਲਾਗੂ ਕੀਤੀ। ਲਛਮਣ ਸਿੰਘ ਗਿੱਲ ਤੇ ਕੰਵਲ ਦਾ ਹਾਣੀ ਗਿਆਨੀ ਲਾਲ ਸਿੰਘ ਗੁਆਂਢੀ ਪਿੰਡ ਦੌਧਰ ਦੇ ਸਕੂਲ ਵਿਚ ਪੜ੍ਹਿਆ ਸੀ। ਇਸ ਨੂੰ ਸਬੱਬ ਹੀ ਸਮਝੋ ਕਿ ਢੁੱਡੀਕੇ, ਚੂਹੜਚੱਕ ਤੇ ਦੌਧਰ ਦੇ ਉਹ ਤਿੰਨੇ ਵਿਦਿਆਰਥੀ ਪੰਜਾਬੀ ਭਾਸ਼ਾ ਦੇ ਵੱਡੇ ਥੰਮ੍ਹ ਬਣੇ। ਲਛਮਣ ਸਿੰਘ ਗਿੱਲ ਨੇ ਪੰਜਾਬੀ ਨੂੰ ਰਾਜ ਭਾਸ਼ਾ ਦਾ ਦਰਜਾ ਦਿਵਾਇਆ, ਗਿਆਨੀ ਲਾਲ ਸਿੰਘ ਨੇ ਪੰਜਾਬ ਦੇ ਸਰਕਾਰੀ ਦਫਤਰਾਂ ਵਿਚ ਪੰਜਾਬੀ ਭਾਸ਼ਾ ਲਾਗੂ ਕਰਨ ਦਾ ਕਾਰਜ ਨਿਭਾਇਆ ਅਤੇ ਜਸਵੰਤ ਸਿੰਘ ਕੰਵਲ ਨੇ ਸਾਹਿਤ ਸਭਾਵਾਂ ਤੇ ਪੰਜਾਬੀ ਕਨਵੈਨਸ਼ਨਾਂ ਕਰਵਾ ਕੇ ਅਤੇ ਭਰਪੂਰ ਪੰਜਾਬੀ ਸਾਹਿਤ ਰਚ ਕੇ ਪੰਜਾਬੀ ਸਾਹਿਤ ਤੇ ਭਾਸ਼ਾ ਨੂੰ ਅਮੀਰ ਬਣਾਇਆ।

ਢੁੱਡੀਕੇ ਦੇ ਖੇਡ ਮੇਲੇ ਸਮੇਂ ਸਾਡਾ ਹਰ ਸਾਲ ਮੇਲ ਹੁੰਦਾ ਸੀ। 2019 ਵਿਚ ਕੈਨੇਡਾ ਪਰਤਣ ਤੋਂ ਪਹਿਲਾਂ ਮੈਂ ਉਸ ਨੂੰ ਮਿਲਣ ਗਿਆ ਤਾਂ ਉਹ ਇਕੋ ਸ਼ਿਅਰ ਮੁੜ ਮੁੜ ਦੁਹਰਾਈ ਗਿਆ ਸੀ:

ਹਮ ਜੋ ਗਏ ਤੋ ਰਾਹ ਗੁਜ਼ਰ ਨਾ ਥੀ,
ਤੁਮ ਜੋ ਆਏ ਤੋ ਮੰਜ਼ਲੇਂ ਲਾਏਂ...।

ਰਾਤ ਮੈਂ ਉਹਦੇ ਕੋਲ ਹੀ ਰਿਹਾ ਸੀ ਤੇ ਅਸੀਂ ਦੇਰ ਤਕ ਗੱਲਾਂ ਕਰਦੇ ਰਹੇ ਸਾਂ। ਉਹਦਾ ਚੇਤਾ ਕਾਫੀ ਘਟ ਗਿਆ ਸੀ। ਕੱਲ੍ਹ ਦੀ ਗੱਲ ਅੱਜ ਤੇ ਸਵੇਰ ਦੀ ਸ਼ਾਮ ਨੂੰ ਚੇਤੇ ਨਹੀਂ ਸੀ ਰਹਿੰਦੀ। ਰਾਤ ਵਾਲਾ ਸ਼ਿਅਰ 'ਹਮ ਜੋ ਗਏ ਤੇ ਤੁਮ ਜੋ ਆਏ' ਸਵੇਰ ਨੂੰ ਭੁੱਲ ਚੁੱਕਾ ਸੀ। 28 ਜਨਵਰੀ 2020 ਨੂੰ ਸਾਡਾ ਆਖ਼ਰੀ ਮੇਲ ਹੋਇਆ, ਸਿਆਣ ਲਿਆ ਤੇ ਫੋਟੋ ਵੀ ਖਿਚਾ ਲਈ। ਮੁੜ ਮਿਲਣ ਦੇ ਵਾਇਦੇ ਨਾਲ ਵਿਦਾਇਗੀ ਵੀ ਦੇ ਦਿੱਤੀ। ਪਰ 1 ਫਰਵਰੀ 2020 ਨੂੰ ਸਵੇਰੇ ਹੀ ਸਰਬਜੀਤ ਦਾ ਫੋਨ ਆ ਗਿਆ, "ਬਾਪੂ ਜੀ ਨਹੀਂ ਰਹੇ!" 27 ਜੂਨ 2019 ਨੂੰ ਜਦੋਂ ਕੰਵਲ ਸੌ ਸਾਲਾਂ ਦਾ ਹੋਇਆ ਤਾਂ ਪੰਜਾਬ ਸਰਕਾਰ ਨੇ ਇਲਾਜ ਲਈ ਪੰਜ ਲੱਖ ਰੁਪਏ ਦਾ ਚੈੱਕ ਭੇਜਿਆ ਸੀ ਜੋ ਪਰਿਵਾਰ ਨੇ ਧੰਨਵਾਦ ਕਰਦਿਆਂ ਮੋੜ ਦਿੱਤਾ ਸੀ ਕਿ ਉਨ੍ਹਾਂ ਦੇ ਬਾਪੂ ਜੀ ਬਿਮਾਰ ਨਹੀਂ। ਬੁਢਾਪੇ ਕਾਰਨ ਕਮਜ਼ੋਰ ਹੋ ਰਹੇ ਹਨ ਅਤੇ ਅਸੀਂ ਸੇਵਾ ਸੰਭਾਲ ਕਰਨ ਦੇ ਯੋਗ ਹਾਂ। ਕੰਵਲ ਉਦੋਂ ਢੁੱਡੀਕੇ ਦਾ ਸਰਪੰਚ ਸੀ ਜਦੋਂ ਲਾਜਪਤ ਰਾਏ ਖੇਡ ਮੇਲਾ ਸ਼ੁਰੂ ਕੀਤਾ ਸੀ।

ਉਹ ਹਰ ਸਾਲ ਮੇਲੇ 'ਚ ਹਾਜ਼ਰੀ ਭਰਦਾ ਰਿਹਾ। 2019 ਵਿਚ ਮੈਂ ਮੱਲੋਮੱਲੀ ਮੇਲੇ 'ਚ ਲਿਜਾ ਕੇ ਝੰਡੀ ਕਰਵਾ ਆਇਆ ਸਾਂ। 28 ਜਨਵਰੀ ਨੂੰ 2020 ਦਾ ਮੇਲਾ ਵਿਖਾਉਣ ਲਈ ਵੀ ਕਿਹਾ, "ਓੜਕ ਨੂੰ ਮਰ ਜਾਣਾ, ਚੱਲ ਮੇਲੇ ਚੱਲੀਏ...।" ਪਰ ਉਹ ਜਾਂਦੀ ਵਾਰ ਦਾ ਮੇਲਾ ਵੇਖਣ ਜੋਗਾ ਨਹੀਂ ਸੀ।

ਉਹ ਉਮਰ ਦੀ ਇਕੋਤਰੀ ਮਾਰਨ ਦੇ ਰਾਹ ਉਤੇ ਸੀ ਜਿਸ 'ਚ ਸਿਰਫ਼ ਪੰਜ ਮਹੀਨੇ ਬਾਕੀ ਸਨ। ਪਰ ਕੁਦਰਤ ਨੂੰ ਜੋ ਮਨਜ਼ੂਰ ਸੀ ਉਹੀ ਹੋਇਆ। ਕੰਵਲ ਦੀ ਦੇਹ ਦਾ ਹੀ ਅੰਤ ਹੋਇਐ, ਉਹਦੀਆਂ ਲਿਖਤਾਂ ਦਾ ਨਹੀਂ। ਉਹਦੇ ਲਿਖੇ ਲੱਖਾਂ ਲਫ਼ਜ਼ ਤਾਰਿਆਂ ਹਾਰ ਜਗਦੇ ਰਹਿਣਗੇ ਤੇ ਪੂਰਨਮਾਸ਼ੀ ਵਾਂਗ ਹਨ੍ਹੇਰੀਆਂ ਰਾਤਾਂ ਰੁਸ਼ਨਾਉਂਦੇ ਰਹਿਣਗੇ।

# ਵਡਭਾਗੀ ਤਿਹਿ ਜਨ ਕਉ ਜਾਨਹੁ ਜੋ ਹਰਿ ਕੇ ਗੁਨ ਗਾਵੈ॥ ਜਨਮ ਜਨਮ ਕੇ ਪਾਪ ਖੋਇਕੈ ਫੁਨਿ ਬੈਕੁੰਠਿ



ਕਰਨੈਲ ਸਿੰਘ ਟੋਰਾਂਟੋ
416-746-7642

ਵਡਭਾਗੀ ਤਿਹਿ ਜਨ ਕਉ ਜਾਨਹੁ ਜੋ ਹਰਿ ਕੇ ਗੁਨ ਗਾਵੈ॥
ਜਨਮ ਜਨਮ ਕੇ ਪਾਪ ਖੋਇਕੈ ਫੁਨਿ ਬੈਕੁੰਠਿ ਸਿਧਾਵੈ॥ ਮਹਲਾ ੯॥
(ਪੰਨਾ ੯੦੧)

ਅਰਥ: ਉਸ ਪੁਰਸ਼ ਨੂੰ ਵਡਿਆਂ ਭਾਗਾਂ ਵਾਲਾ ਜਾਣੋਂ, ਜਿਹੜਾ ਹਰਿ ਸਮੇਂ ਸਿਮਰਨ ਕਰਦਾ ਹੈ। ਉਹ ਗੁਰਮੁਖਿ ਆਪਣੇਂ ਪਰਾਤਨ ਜਨਮਾਂ, ਜਨਮਾਂ ਦੇ ਪਾਪਾਂ ਨੂੰ ਲਹਾਕੇ ਬੈਕੁੰਠ ਧਾਮ ਵਿਚ ਚਲਾ ਗਿਆ। ਜਿੱਥੇ ਬਹੁਤ ਹੀ ਉਤਮ ਪੁਰਸ਼ ਰਹਿੰਦੇ ਹਨ।

ਤਥਾ: ਭਏ ਦਇਆਲ ਕ੍ਰਿਪਾਲ ਸੰਤ ਜਨ ਤਬ ਇਹ ਬਾਤ ਬਤਾਈ॥
ਸਰਬ ਧਰਮ ਮਾਨੋ ਤਿਹ ਕੀਏ ਜਿਹ ਪ੍ਰਭ ਕੀਰਤਿ ਗਾਈ॥੨॥
(ਪੰਨਾ ੯੦੨)

ਅਰਥ: ਸੰਤ ਜਨਾਂ ਨੇਂ ਦਿਆਲੂ ਹੋਕੇ ਕ੍ਰਿਪਾਲਤਾ ਕੀਤੀ, ਪ੍ਰਬਚਨ ਕੀਤਾ, ਕੇ ਜਿਨਾਂ ਨੇ ਪਰਮੇਸ਼ਰ ਦੀ ਕੀਰਤੀ=ਸਿਮਰਨ ਕੀਤਾ ਹੈ। ਗੁਰ ਉਪਦੇਸ਼ ਦਾ, ਉਹਨਾਂ ਸਾਰੇ ਹੀ ਧਰਮ ਵਾਲੇ ਕਰਮ ਕਰਿ ਲਏ ਹਨ।

ਤਥਾ: ਸਚੈ ਸਬਦਿ ਸਚੀ ਪਤਿ ਹੋਈ॥ ਬਿਨੁ ਨਾਵੈ ਮੁਕਤਿ ਨ ਪਾਵੈ ਕੋਈ॥
ਬਿਨ ਸਤਿਗੁਰ ਕੋ ਨਾਉ ਪਾਏ ਪ੍ਰਭਿ ਐਸੀ ਬਣਤ ਬਣਾਈ ਹੇ॥੯॥
(ਮਹਲਾ ੩॥ਪੰਨਾ ੧੦੪੬)

ਅਰਥ: ਗੁਰੂ ਦੇ ਦਿਤੇ ਸੱਚੇ ਸ਼ਬਦ ਕਰਕੇ ਸੱਚੀ ਪਤਿ ਇਜ਼ਤ ਹੁੰਦੀ ਹੈ, ਨਾਮ ਸਿਮਰਨ ਤੋਂ ਬਿਨਾਂ ਮੁਕਤੀ ਨਹੀਂ ਮਿਲਦੀ, ਪ੍ਰਭੂ ਨੇਂ ਐਸੀ ਬਣਤ ਬਣਾਈ ਹੈ। ਗੁਰੂ ਧਾਰਨ ਕੀਤੇ ਬਿਨਾਂ ਕੋਈ ਨਾਮ ਨੂੰ ਪਾ ਨਹੀਂ ਸਕਦਾ। (ਗੁਰੂ ਜੀ ਕਹਿੰਦੇ ਹਨ=ਪੰਡਿਤੁ=ਵਿਦਵਾਨ ਕੱਥਾ ਕੀਰਤਨ ਵਾਲਾ ਕੈਸਾ ਹੋਵੇ।)

ਸੋ ਪੰਡਿਤੁ ਜੋ ਤਿਹਾਂ ਗੁਣਾ ਕੀ ਪੰਡ ਉਤਾਰੈ॥ ਅਨ ਦਿਨੁ ਏਕੋ ਨਾਮੁ ਵਖਾਣੈ॥
ਸਤਿਗੁਰ ਕੀ ਓਹੁ ਦੀਖਿਆ ਲੇਇ॥
ਸਤਿਗੁਰ ਆਗੈ ਸੀਸੁ ਧਰੇਇ॥

ਅਰਥ: ਅਸਲ ਪੰਡਿਤ ਓਹੀ ਹੈ, ਜੋ ਰਜੋ, ਸਤੋ, ਤਮੋ=ਤਿਨਾਂ ਗੁਣਾ ਵਾਲੀ ਮਾਇਆ ਦੀ ਪੰਡ ਨੂੰ ਉਤਾਰਦਾ ਹੈ। ਮਾਇਆ ਦਾ ਤਿਆਗ ਕਰਕੇ ਅਨ ਦਿਨ=ਦਿਨ ਰਾਤ ਨਾਮ ਨੂੰ ਜਪਦਾ ਹੋਵੇ। ਗੁਰੂ ਧਾਰਨ ਕਰਕੇ ਗੁਰੂ ਦੀ ਸਿੱਖਿਆ ਲੈਕੇ, ਗੁਰੂ ਨੂੰ ਆਪਣਾਂ ਸੀਸ ਅਰਪਨ ਕਰਦਾ ਹੈ।

ਤਥਾ: ਸਦਾ ਅਲਗੁ ਰਹੈ ਨਿਰਬਾਣੁ॥ ਸੋ ਪੰਡਿਤੁ ਦਰਗਹ ਪਰਵਾਣੁ॥
(ਪੰਨਾ ੧੨੬੧)

ਅਰਥ: ਸਦਾ ਹੀ ਸੰਸਾਰ ਤੋਂ ਅਲੱਗ ਰਹਿੰਦਾ ਹੈ, ਉਹ ਅਸਲ ਪੰਡਿਤ=ਵਿਦਵਾਨ ਹੈ, ਪ੍ਰਭੂ ਦੀ ਦਰਗਾਹ ਵਿਚ ਪਰਵਾਨ ਹੁੰਦਾ ਹੈ। ਬਾਬਾ ਜੀ ਹੁਣ ਕਲਜੁਗ ਜ਼ੋਰਾਂ ਤੇ ਹੈ, ਹੁਣ ਤਾਂ ਇਹੋ ਜਿਹਾ ਕੱਥਾ ਕੀਰਤਨ ਕਰਨ ਵਾਲਾ ਮਿਲਦਾ ਹੀ ਨਹੀਂ ਵਿਦਵਾਨ ਪੰਡਿਤ। (ਗੁਰੂ ਸਾਹਿਬ ਹੁਣ=ਇਹੋ ਜਿਹੇ ਪੰਡਤੁ=ਵਿਦਵਾਨ ਮਿਲਦੇ ਹਨ)

ਤਥਾ: ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ॥
ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ॥

ਅਰਥ: ਕਲਜੁਗ ਵਿਚ ਫਕੀਰੈ=ਕੰਗਲਿਆਂ ਦਾ ਨਾਮ ਬਾਦਸ਼ਾਹ ਹੈ। ਮੂਰਖਾਂ ਦਾ ਨਾਮ ਪੰਡਿਤ=ਵਿਦਵਾਨ ਹੈ, ਕਹਿਣਗੇ ਇਹ ਬਹੁਤ ਵੱਡਾ ਕੱਥਾ ਬੱਕਤਾ ਹੈ। ਅਕਲ ਤੋਂ ਅੰਨਿਆਂ ਨੂੰ ਪਾਰਖੂ ਕਹਿਣਗੇ, ਪਰਖ ਕਰਨ ਵਾਲਾ ਹੈ।

ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ॥ ਮ:੧॥
(ਪੰਨਾ ੧੨੮੮)
ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ॥੧॥

ਅਰਥ: ਇਲਤ ਕਰਨ ਵਾਲੇ ਦਾ ਨਾਮ ਚੌਧਰੀ ਹੈ, ਕਲ ਜੁਗ ਵਿਚ। ਕੂੜੀ=ਝੂਠੀ ਇਸਤ੍ਰੀ ਮਰਣੇਂ ਪਰਣੇ ਤੋਂ ਆਗੂ ਹੋਕੇ ਮੂਰੇ ਬੈਠਦੀ ਹੈ। ਧਾਰਮਕ ਅਦਾਰਿਆਂ ਵਿਚ ਵੀ ਵਡੀ ਆਗੂ ਦਾ ਸਿਰੋਪਾਉ ਇਸ ਝੂਠੀ ਇਸਤ੍ਰੀ ਦੇ ਸਿਰਿ ਤੇ ਰਖਿਆ ਜਾਂਦਾ ਹੈ।

ਕਲ ਜੁਗ ਦਾ ਇਹ ਘੁਢੰਗਾ ਇਨਸਾਫ ਗੁਰਮੁਖਾਂ=ਪੂਰਿਆਂ ਗੁਰਾਂ ਦੁਆਰਾ ਜਾਣਿਆਂ ਜਾਂਦਾ ਹੈ, ਪੂਰਿਆਂ ਗੁਰਾਂ ਵਾਲਾ ਸਮਝਦਾ ਹੈ ਕਲ ਜੁਗ ਦੇ ਨਿਆਉ ਨੂੰ।

ਤਥਾ: ਸੋ ਪੜਿਆਂ ਸੋ ਪੰਡਿਤੁ ਬੀਨਾ ਜਿਨ੍ਹੀ ਕਮਾਣਾ ਨਾਉ॥
(ਪੰਨਾ ੧੨੮੮)

ਅਰਥ: ਓਹੀ ਪੜਿਆ ਹੋਇਆ ਬੀਨਾ=ਚਤੁਰ ਸਿਆਣਾਂ ਹੈ, ਜਿਸ ਨੇਂ ਪ੍ਰਭੂ ਦੇ ਨਾਮ ਨੂੰ ਕਮਾਉਣਾਂ ਕੀਤਾ ਹੈ। ਇਸ ਨੂੰ ਸੱਚੀ ਦਰਗਾਹ ਵਿਚ ਸਿਰੋਪਾ ਮਿਲੇਗਾ, ਇਹ ਝੂਠਿਆਂ ਦੇ ਸਿਰੋਪੇ ਨਹੀਂ ਲੈਂਦਾ।

ਤਥਾ: ਬ੍ਰਹਮੁ ਬਿੰਦੇ ਸੋ ਸਤਿਗੁਰੁ ਕਹੀਐ ਹਰਿ ਹਰਿ ਕਥਾ ਸੁਣਾਵੈ॥
ਤਿਸੁ ਗੁਰ ਕਉ ਛਾਦਲ ਭੋਜਨ ਪਾਟ ਪਟੰਬਰ ਬਹੁ ਬਿਧਿ ਸਤਿ
ਕਰਿ ਮੁਖਿ ਸੰਚਹੁ ਤਿਸੁ ਪੁੰਨ ਕੀ ਫਿਰਿ ਤੋਟਿ ਨ ਆਵੈ॥੪॥
(ਪੰਨਾ ੧੨੬੪)

ਅਰਥ: ਜੋ ਪੁਰਖ ਬ੍ਰਹਮ ਨੂੰ ਜਾਣਾ ਹੈ, ਬ੍ਰਹਮ ਨੇਸ਼ਟੀ ਹੈ, ਸਿੱਖ ਦੇ ਸੰਸਿਆਂ ਦੀ ਨਿਵਰਤੀ ਕਰਨ ਵਾਲੀ ਹਰੀ ਦੀ ਕਥਾ ਸੁਣਾਂਦਾ ਹੋਵੇ। ਤਿਸੁ ਗੁਰ ਕਉ=ਉਸ ਪੂਰੇ ਗੁਰੂ ਨੂੰ ਬਹੁਤ ਸੁੰਦਰ ਬੱਸਤਰ ਅਤੇ ਸੁੰਦਰ ਛੱਤੀ ਪਦਾਰਥ ਪ੍ਰਸ਼ਾਦਿ ਛਕਾਵੇ, ਬਹੁਤ ਤਰਾਂ ਦੀਆਂ ਸਮਗਰੀਆਂ ਉਸ ਗੁਰੂ ਦੇ ਮੁਖ ਵਿਚ ਪਾਵਉ। ਸਿਖ ਨੂੰ ਜੋ ਪੁੰਨ ਮਿਲੇਗਾ, ਉਸ ਪੁੰਨ ਦੀ ਕੱਦੇ ਤੋਟ ਨਹੀਂ ਆਵੇਗੀ।

ਤਥਾ: ਸਤਿਗੁਰ ਦੇਉ ਪਰਤਖ ਹਰਿ ਮੂਰਤਿ ਜੋ ਅੰਮ੍ਰਿਤ ਬਚਨ ਸੁਣਾਵੈ॥
ਨਾਨਕ ਭਾਗ ਭਲੇ ਤਿਸੁ ਜਨ ਕੇ ਜੋ ਹਰਿ ਚਰਣੀ ਚਿੱਤੁ ਲਾਵੈ॥
(ਪੰਨਾ ੧੨੬੪)

ਅਰਥ: ਉਹ ਸਤਿਪੁਰਖ ਪਰਤੱਖ ਹਰੀ ਦੀ ਮੂਰਤੀ ਹੈ, ਹਰੀ ਦਾ ਸਰੂਪ ਹਨ। ਜੋ ਅੰਮ੍ਰਿਤ ਰੂਪੀ ਮਿੱਠੇ ਬਚਨ ਸੁਣਾਂਦੇ ਹਨ। ਉਸ ਪੁਰਖ ਦੇ ਬਹੁਤ ਹੀ ਚੰਗੇ ਭਾਗ ਹਨ, ਜੋ ਹਰੀ ਸਰੂਪ ਗੁਰਾਂ ਚਰਨਾਂ ਤੇ ਮੱਥਾ ਟੇਕਦੇ ਹਨ।

ਤਥਾ: ਅਠਸਠਿ ਤੀਰਥ ਜਹ ਸਾਧ ਪਗ ਧਰਹਿ॥
ਤਹ ਬੈਕੁੰਠੁ ਜਹ ਨਾਮੁ ਉਚਰਹਿ॥
ਮਹਲਾ ੫॥
(ਪੰਨਾ ੮੯੦)

ਅਰਥ: ਜਿਸ ਜੱਗਾ ਤੇ ਪੂਰਨ ਸਾਧੂ ਆਪਣੇ ਚਰਨ ਰੱਖਦਾ ਹੈ, ਉਥੇ ਅਠਾਹਟ ਤੀਰਥ ਸਾਧੂ ਦੀ ਚਰਨ ਰੇਨ ਵਿਚ ਨਹਾਕੇ ਆਪਣੇ ਵਿਚ ਪਾਏ ਕੁਲ ਜੁਗੀ ਜਵਾਂ ਦੇ ਪਾਪਾਂ ਦੇ ਕਾਲੇਪਨ ਨੂੰ ਦੂਰ ਕਰਦੇ ਹਨ। ਜਾਂ ਉਥੇ ਅਠਾਹਟ ਤੀਰਥਾਂ ਦਾ ਫੱਲ ਮਿਲਦਾ, ਜੋ ਪੂਰਨ ਸਾਧੂਆਂ ਦੇ ਦਰਸ਼ਨ ਕਰਦੇ ਹਨ। ਜਿੱਥੇ ਬੈਠਕੇ ਸਾਧੂ ਨਾਮ ਦਾ ਸਿਮਰਨ ਕਰਦਾ ਹੈ, ਜਾਂ ਜੁਗਿਆਸੂਆ ਨੂੰ ਉਚਾਰਕੇ ਨਾਮ ਦਿੰਦਾ ਹੈ ਸਾਧੂ। ਓਥੇ ਬੈਕੁੰਠ ਹੀ ਸਮਝੋ।

ਧਾਰਨਾਂ: ਅਠ ਸਠਿ ਤੀਰਥ ਨਿਵਾਸ਼ ਓਥੇ ਰਖਦੇ ਨੇਂ, ਜਿਥੇ ਸਾਧੂ ਪਰ ਧਰੇ॥੨॥
ਅੰਤਰਾ: ਮੇਰੇ ਪਿਆਰੇ ਜੀ ਜਿੱਥੇ ਸਾਧੂ ਪੈਰ ਧਰਹਿ॥੨॥
ਧਾਰਨਾਂ: ਅਠ ਅਠਸਠਿ ਤੀਰਤ ਨਿਵਾਸ਼ ਓਥੇ ਰਖਦੇ ਨੇਂ ਜਿਥੇ ਸਾਧੂ ਪੈਰ ਧਰਹਿ੍

ਤਥਾ: ਸੋ ਪੰਡਿਤੁ ਗੁਰ ਸਬਦੁ ਕਮਾਇ॥ ਤ੍ਰੈਗੁਣ ਕੀ ਓਸੁ ਉਤਰੀ ਮਾਇ॥
ਚਤੁਰ ਬੇਦੁ ਪੂਰਨ ਹਰਿ ਨਾਇ॥
ਨਾਨਕ ਤਿਸੁ ਕੀ ਸਰਣੀ ਪਾਇ॥
ਮਹਲਾ ੫॥
(ਪੰਨਾ ੮੮੮)

ਅਰਥ: ਅਸਲ ਪੰਡਿਤੁ ਜਾਂ ਵਿਦ-ਵਾਨ ਓਹੀ ਹੈ, ਜੋ ਗੁਰਉਪਦੇਸ਼=ਗੁਰਮੰਤ੍ਰ ਦੀ ਕਮਾਈ ਕਰਦਾ ਹੈ। ਉਸ ਪੰਡਿਤੁ ਦੇ ਹਿਰਦੇ ਵਿਚੋਂ ਤਿਨਾਂ ਗੁਣਾਂ ਵਾਲੀ ਮਾਇਆ ਦੀ ਤ੍ਰਿਸ਼ਨਾਂ ਮਿੱਟ ਜਾਂਦੀ ਹੈ। ਜਿਸ ਹਰੀ ਦੇ ਨਾਮ ਕਰਕੇ ਚਾਰੇ ਬੇਦ ਪੂਰਨ ਹਨ, ਉਸ ਹਰੀ ਦੀ ਸ਼ਰਨ ਵਿਚ ਤੂੰ ਆਪਣੇਂ ਆਪ ਨੂੰ ਪਾਉਣਾਂ ਕਰ।

ਤਥਾ: ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ॥
ਨਾਨਕ ਜਿਉ ਮਥਨਿ ਮਾਧਾਣੀਆਂ ਤਿਉ ਮਥੇ ਧਰਮ ਰਾਇ॥
(ਪੰਨਾ ੧੪੨੫)

ਅਰਥ: ਪਾਪੀ ਪੁਰਸ਼ ਜ਼ਿਆਦਾ ਧਨ ਕਮੌਣ ਲਈ, ਪਾਪ ਕਰਦੇ ਨੇ। ਜਦੋਂ ਮਰਕੇ ਜਮਾਂ ਦੀ ਮਾਰ ਪੈਂਦੀ ਹੈ, ਫੇਰ ਹਾਏ ਹਾਏ ਕਰਕੇ ਰੋਂਦੇ ਹਨ। ਜਿਵੇਂ ਮਧਾਣੀਆਂ ਚਾਟੀ ਵਿਖੇ ਦਹੀਂ ਨੂੰ ਕੁੱਟ-ਕੁੱਟ ਕੇ ਮੱਖਣ ਕੱਢਦਿਆਂ ਹਨ, ਤਿਵੇਂ ਧਰਮ ਰਾਜਾ ਨਰਕਾਂ ਵਿਚ ਸੁਟਕੇ ਲੋਹੇ ਦੇ ਡੰਡਿਆਂ ਨਾਲ ਕਟਾਈ ਕਰਦਾ ਹੈ, ਪਾਪਾਂ ਰੂਪੀ ਮੱਖਣ ਕੱਢਦਾ ਹੈ।

ਤਥਾ: ਕਰਮੀ ਆਪੋ ਆਪਣੀ ਆਪੇ ਪਛੁਤਾਣੀ॥
ਅਜਰਾ ਈਲ ਫਰੇਸਤਾ ਤਿਲ ਪੀੜੇ ਘਾਣੀ॥
(ਪੰਨਾ ੩੧੫)

ਅਰਥ: ਕਰਮਾਂ ਵਿਚ ਬਹੁਤ ਸਾਰੇ ਪਾਪ ਬੀਜ ਕੇ ਆਪਹੀ ਪਛਤਾਉਣਾ ਪੈਂਦਾ ਹੈ। ਅਜਰਾਈਲ ਫਰੇਸ਼ਤਾ ਘਾਣੀਂ ਵਿਚ ਪੀੜਕੇ ਜਾਂ ਘਲਾੜੀ ਵਾਂਗ ਪਾਪਾਂ ਰੂਪੀ ਤੇਲ ਨਚੋੜ ਦਿੰਦਾ ਹੈ।

ਤਥਾ: ਨਰਕ ਘੋਰ ਬਹੁ ਦੁਖ ਘਣੇ ਅਕਿਰਤਘਣਾ ਕਾ ਥਾਨੁ॥
ਤਿਨਿ ਪ੍ਰਭਿ ਮਾਰੇ ਨਾਨਕਾ ਹੋਇ ਹੋਇ ਮੁਏ ਹਰਾਮੁ॥੧॥
(ਪੰਨਾ ੩੧੫)

ਅਰਥ: ਕੁੰਭੀ ਨਰਕ ਵਿਚ ਬਹੁਤ ਘਣੇਂ ਜ਼ਿਆਦਾ ਤਸੀਹੇ ਦਿਤੇ ਜਾਂਦੇ ਹਨ। ਅਕ੍ਰਿਤਘਣ=ਉਨਾਂ ਨੂੰ ਕਹਿੰਦੇ ਹਨ, ਜੋ ਹੀਰਾ ਜਨਮ ਦੇਣ ਵਾਲੇ ਪ੍ਰਮਾਤਮਾਂ ਨੂੰ ਭੁੱਲ ਜਾਣ। ਪ੍ਰਮਾਤਮਾਂ ਨਾਲ ਭੀ ਝੂਠੇ ਡਰਾਮੇਂ ਕਰਨ ਲੱਗ ਜਾਣ, ਉਹ ਲੋਕ ਪ੍ਰਭੂ ਦੇ ਮਾਰੇ ਹੋਏ ਨੇਂ। ਉਨ੍ਹਾਂ ਨੂੰ ਅਕ੍ਰਿਤ ਘਣਾਂ ਵਾਲੇ ਘੋਰ ਨਰਕ ਵਿਚ ਰਖਿਆ ਜਾਂਦਾ ਹੈ। ਉਹ ਪ੍ਰਮਾਤਮਾਂ ਦਾ ਡਰ ਨਹੀਂ ਮੰਨਦੇ, ਕਹਿੰਦੇ ਹਨ ਉਤੇ ਕਿੱਥੇ ਹੈ ਨਰਕ ਨਰਕ ਸੁਰਗ ਤਾਂ ਐਥੇ ਹੀ ਹੈ, ਉਹ ਹਰਾਮਦੇ ਹੋਕੇ ਮਰਦੇ ਹਨ।

ਗੋਇੰਦਵਾਲ ਵਿਚ ਇਕ ਤਪਾ ਗੁਰੂ ਅਮਰਦਾਸ ਨਾਲ ਈਰਖਾ ਕਰਦਾ ਸੀ। ਜਦੋਂ ਉਹ ਮਰਕੇ ਧਰਮਰਾਜੇ ਕੋਲ ਗਿਆ, ਗੁਰੂ ਰਾਮਦਾਸ ਜੀ ਦਸਦੇ ਹਨ:-

ਤਥਾ: ਧਰਮ ਰਾਇ ਜਮ ਕੰਕਰਾਂ ਨੋ ਆਖਿ ਛਡਿਆ,
ਏਸੁ ਤਪੇ ਨੋ ਤਿਥੈ ਖੜਿ ਪਾਇਹੁ ਜਿਥੈ ਮਹਾਂ ਮਹਾਂ ਹਤਿਆਰਿਆ॥

ਅਰਥ: ਧਰਮ ਰਾਜੇ ਨੇਂ ਜਮਦੂਤਾਂ ਨੂੰ ਕਿਹਾ ਏਸੁ ਤੱਪੇ ਨੂੰ, ਓਥੇ ਪਾਉ ਜਿਥੇ ਮਹਾਂ=ਬੜੇ ਬੜੇ ਹਤਿਆਰੇ ਪਾਏ ਹਨ। ਕਿਉਂਕਿ ਅਕਾਲ ਪੁਰਖ ਦੀ ਆਪਣੀਂ ਜੋਤਿ ਗੁਰੂ ਅਮਰਦਾਸ ਨਾਲ ਈਰਖਾ ਕਰਦਾ ਸੀ। ਗੁਰੂ ਗ੍ਰੰਥ ਵੀ ਉਹਨਾਂ ਦੀ ਗਿਆਰਵੀਂ ਜੋਤਿ ਹੈ, ਏਨ੍ਹਾਂ ਨਾਲ ਚੁਸਤੀ ਚਲਾਕੀ ਕਰਨ ਵਾਲੇ ਏਸ ਨਰਕ ਵਿਚ ਪਾਏ ਜਾਂਦੇ ਹਨ। ਇਹ ਸਤਿਗੁਰੂ ਦੇ ਫਿਟਕਾਰੇ ਹਨ।

ਇਕਿ ਕਹਿ ਜਾਣਨਿ ਕਹਿਆ ਬੁਝਨਿ ਤੇ ਨਰ ਸੁਘੜ ਸਰੂਪ॥
ਇਕਾਨਾ ਨਾਦੁ ਨ ਬੇਦੁ ਨ ਗੀਮਾ ਰੁਸ, ਰਸੁ ਕਸੁ ਨ ਜਾਨੰਤ॥
(ਪੰਨਾ ੧੪੧੧)

ਅਰਥ: ਇਕ ਗੁਰਾਂ ਦੇ ਦਿਤੇ ਸ਼ੁਭ ਉਪਦੇਸ਼ ਨੂੰ ਜਾਣਦੇ ਹਨ, ਇਕ ਕਹੇ ਹੋਏ ਗੁਰ ਉਪਦੇਸ਼ ਨੂੰ ਬੁਝਦੇ ਹਨ, ਇਹ ਦੋਵੇਂ ਪੁਰਸ਼ ਸੁਘੜ ਸਰੂਪ ਚਤੁਰ ਹਨ।

ਤਥਾ: ਇਕਨਾ ਸਿਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ॥
ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤ॥੧੫॥
(ਪੰਨਾ ੧੪੧੧)

ਅਰਥ: ਇਕਨਾਂ ਨੂੰ ਨਾਂ ਕੋਈ ਸਿਧੀ ਪ੍ਰਾਪਤ ਹੈ, ਨਾ ਹੀ ਰਿਧੀ ਹੈ ਨਾ ਹੀ ਸ੍ਰੇਬਟ ਬੁਧੀ ਦੀ ਪ੍ਰਾਪਤੀ ਹੈ, ਨਾਂ ਹੀ ਚੰਗੀ ਅਕਲ ਥਔਂ ਸਿਰਿ ਹੈ। ਗੁਰਬਾਣੀ ਦੇ ਅਖਰਾਂ ਦਾ ਵੀ ਕੋਈ ਗਿਆਨੁ ਨਹੀਂ। ਗੱਲਾਂ ਬਾਤਾਂ ਬਹੁਤ ਕਰਦਾ ਹੈ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ:- ਉਹ ਪੁਰਸ਼ ਅਸਲ ਖਰ=ਗਧਾ ਹੈ। ਜਿਹੜੇ ਸ਼ੁਭ ਗੁਣਾਂ ਤੋਂ ਬਿਨਾਂ ਹੀ ਗਰਬੁ=ਹੰਕਾਰ ਕਰਦੇ ਹਨ।

(ਨਿਗੁਰੇ ਕਾ ਹੈ ਨਾਉ ਬੁਰਾ)

ਤਥਾ: ਗੁਰ ਮੰਤ੍ਰ ਹੀਣਸ੍ਹ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ॥
ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ॥੩੩॥
(ਮਹਲਾ ੫॥ਪੰਨਾ ੧੩੫੭)

ਅਰਥ: ਖਲਹ=ਮੂਰਖ ਨਿਗੁਰਾ ਪੁਰਸ਼=ਕੁੱਤਾ, ਸੂਰ, ਗਧਾ, ਕਾਕਹ=ਕਾਂ=ਸਰਪਨਹ=ਸੱਪ, ਇਹਨਾਂ ਪੰਜਾਂ ਜੀਵਾ ਦੇ ਬਰਾਬਰ ਦੇ ਹਨ ਨਿਗੁਰੇ। ਪੈਹਲੇ 4 ਗੰਧਾ ਖਾਣ ਵਾਲੇ ਭ੍ਰਿਸ਼ਟੇ ਜੀਵ ਹਨ, ਪੰਜਵਾਂ ਸੱਪ ਹੈ, ਜਿਹੜਾ ਆਪਣੀਂ ਜ਼ਹਿਰ ਨਾਲ ਸੜਦਾ ਬਲਦਾ ਰਹਿੰਦਾ ਹੈ। ਪ੍ਰਮਾਤਮਾਂ ਨੇਂ ਪੈਰ ਵੀ ਨਹੀਂ ਦਿਤੇ, ਸਾਰੀ ਦਿਹਾੜੀ ਖੁੱਡ ਵਿਚ ਰਹਿੰਦਾ ਹੈ।

ਹੋਈਆਂ ਭੁੱਲਾਂ ਦੀ ਮਾਫੀ ਚਾਉਂਦਾ ਹਾਂ ਜੀ। ਕਰਨੈਲ ਸਿੰਘ ਟੋਰਾਂਟੋ-416-746-7642

# ਗੁਰੂ ਤੇਗ ਬਹਾਦਰ ਸਗਲ ਸ੍ਰਿਸਟ ਕੀ ਚਾਦਰ

## ਗੁਰੂ ਤੇਗ ਬਹਾਦਰ ਦੀ ਸ਼ਹੀਦੀ

ਔਰੰਗਜੇਬ ਨੇ ਜਦੋਂ ਸੀ ਹਿੰਦ ਅੰਦਰ,
ਥਾਂ ਥਾਂ ਹਿੰਦੂਆਂ 'ਤੇ ਅਤਿਆਚਾਰ ਕੀਤਾ।
ਨਹੀਂ ਸੀ ਕਿਸੇ ਦੀ ਕੋਈ ਵੀ ਪੇਸ਼ ਜਾਂਦੀ,
ਹਿੰਦੂ ਧਰਮ ਨੂੰ ਬੜਾ ਲਾਚਾਰ ਕੀਤਾ।
ਪੱਤ ਰੋਲਦੇ ਦਿਨ ਦਿਹਾੜੇ ਹੈ ਸੀ,
ਧੀਆਂ ਭੈਣਾਂ ਨੂੰ ਬੜਾ ਖੁਆਰ ਕੀਤਾ।
ਜੰਞੂ ਸਵਾ ਮਣ ਲਾਹ ਕੇ ਖਾਏ ਰੋਟੀ,
ਏਨਾ ਉਸ ਨੇ ਸੀ ਆਵਾਜ਼ਾਰ ਕੀਤਾ।
ਡੱਰਦਾ ਉਸਦੇ ਅੱਗੇ ਨਾ ਕੋਈ ਬੋਲੇ,
ਹੱਦੋਂ ਵੱਧ ਕੇ ਜ਼ੁਲਮ ਕਮਾਂਦਾ ਸੀ ਉਹ।
ਜ਼ਬਰੀ ਮੁਸਲਮਾਨ ਕਰਦਾ ਸੀ ਹਿੰਦੂਆਂ ਨੂੰ,
ਬੇਖ਼ੌਫ ਹੋ ਮੰਦਰ ਢਾਂਦਾ ਸੀ ਉਹ।

ਦੁਖੀ ਹੋ ਕੇ ਕਸ਼ਮੀਰ ਦੇ ਕੁਝ ਪੰਡਤ,
ਪਹੁੰਚੇ ਆਣ ਕੇ ਗੁਰੂ ਦਰਬਾਰ ਅੰਦਰ।
ਰੋ ਰੋ ਕੇ ਦੱਸਿਆ ਉਨ੍ਹਾਂ ਹਾਲ ਸਾਰਾ,
ਜੋ ਜੋ ਬੀਤਿਆ ਹੈ ਸੀ ਪਰਿਵਾਰ ਅੰਦਰ।
ਉਹਦੇ ਜ਼ੁਲਮ ਨੂੰ ਵੇਖਕੇ ਛਿੜੇ ਕੰਬਣੀ,
ਹਾ ਹਾ ਮੱਚ ਗਈ ਸਾਰੇ ਸੰਸਾਰ ਅੰਦਰ।
ਹਿੰਦੂ ਧਰਮ ਅੱਜ ਡੁੱਬਦਾ ਜਾ ਰਿਹਾ ਏ,
ਜ਼ਿੰਦਗੀ ਘਿਰੀ ਹੋਈ ਏ ਮੰਝਧਾਰ ਅੰਦਰ।
ਅਸੀਂ ਆਪ ਦੀ ਚੱਲ ਕੇ ਸ਼ਰਨ ਆਏ,
ਹੋ ਕੇ ਸੱਭਨਾਂ ਦੇ ਕੋਲੋਂ ਨਿਰਾਸ਼ ਦਾਤਾ।
ਗੱਲ ਪੰਡਤਾਂ ਦੀ ਗਹੁ ਦੇ ਨਾਲ ਸੁਣਕੇ,
ਸਤਿਗੁਰ ਜੀ ਫੇਰ ਵਿਚਾਰਣ ਲੱਗੇ।
ਵਿਗੜੀ ਹੋਈ ਸੀ ਜਿਹੜੀ ਨਿਤਾਣਿਆਂ ਦੀ,
ਵੇਖੋ ਕਿਵੇਂ ਤਕਦੀਰ ਸਵਾਰਣ ਲੱਗੇ।
ਜ਼ੂਲਮ ਕਰ ਕਰ ਤਪਾਈ ਜੋ ਜ਼ਾਲਮਾ ਨੇ,
ਧੀਰਜ ਦੇ ਦੇ ਆਤਮਾ ਠਾਰਨ ਲੱਗੇ।
ਦਿੱਤਾ ਹੌਂਸਲਾ ਨਾਲੇ ਦਿਲਾਸਾ ਦਿੱਤਾ,
ਦਰ ਤੇ ਡਿੱਗਿਆਂ ਤਾਂਈ ਸਤਿਕਾਰਨ ਲੱਗੇ।
ਗੋਬਿੰਦ ਰਾਏ ਨੇ ਆਣ ਕੇ ਕਿਹਾ ਏਦਾਂ,
ਕੀ ਫਰਿਆਦ ਇਹ ਪਿਤਾ ਜੀ ਕਰ ਰਹੇ ਨੇ।
ਹੰਝੂ ਨੈਣਾਂ ਦੇ ਵਿੱਚੋਂ ਵਹਾ ਰਹੇ ਨੇ,
ਕਿਹੜੀ ਆਫਤ ਦੇ ਕੋਲੋਂ ਇਹ ਡਰ ਰਹੇ ਨੇ।

ਸਾਰੀ ਹਿੰਦ ਦੇ ਵਿੱਚ ਹੀ ਹਿੰਦੂਆਂ ਤੇ,
ਔਰੰਗਜੇਬ ਇਹ ਜ਼ੁਲਮ ਕਮਾ ਰਿਹਾ ਏ।
ਉਹਦੇ ਤੁਅੱਸਬ ਪੁਣੇ ਦੀ ਹੱਦ ਮੁੱਕ ਗਈ,
ਥਾਂ ਥਾਂ ਸ਼ਰਾ ਦੇ ਜਾਲ ਵਿਛਾ ਰਿਹਾ ਏ।
ਟਿੱਕੇ ਮੱਥਿਆਂ ਤੋਂ ਪੂੰਝੀ ਜਾ ਰਿਹਾ ਏ,
ਜੰਞੂ ਗਲਾਂ ਦੇ ਵਿੱਚੋਂ ਲੁਹਾ ਰਿਹਾ ਏ।
ਦਿਲੋਂ ਖੌਫ ਖ਼ੁੱਦਾ ਦਾ ਭੁਲਿਆ ਏ,
ਮੰਦਰ ਹਿੰਦੂਆਂ ਦੇ ਢਾਹੀ ਜਾ ਰਿਹਾ ਏ।
ਧਰਮ ਇਨ੍ਹਾਂ ਦਾ ਬੱਚਦਾ ਏ ਤਾਂ ਪੁੱਤਰ,
ਮਹਾਂਪੁਰਖ ਜੇ ਕੋਈ ਕੁਰਬਾਨ ਹੋਵੇ।
ਗੋਬਿੰਦ ਬੋਲਿਆ ਧਰਮ ਦੀ ਕਰੋ ਰੱਖਿਆ,
ਹਿੰਦੂ ਧਰਮ ਦਾ ਉੱਚਾ ਨਿਸ਼ਾਨ ਹੋਵੇ।

ਰਾਖੀ ਕਰਨ ਲਈ ਹੰਝੂਆਂ ਜੰਜੂਆਂ ਦੀ,
ਦੇ ਕੇ ਗੋਬਿੰਦ ਰਾਏ ਨੂੰ ਪਿਆਰ ਤੁਰਿਆ।
ਗੱਦੀ ਨਾਨਕ ਦੀ ਤੂੰ ਸੰਭਾਲਣੀ ਏ,
ਕਹਿ ਕੇ ਏਸ ਤਰ੍ਹਾਂ ਨੌਵਾਂ ਦਾਤਾਰ ਤੁਰਿਆ।
ਡੁੱਬਦਾ ਜਾ ਰਿਹਾ ਸੀ ਜਿਹੜਾ ਹਿੰਦੂਆਂ ਦਾ,
ਬੇੜਾ ਕਰਨ ਦੇ ਲਈ ਉਹ ਪਾਰ ਤੁਰਿਆ।
ਬਲੀ ਦੇਣ ਲਈ ਚਾਂਦਨੀ ਚੌਂਕ ਅੰਦਰ,
ਬਣਕੇ ਪੰਡਤਾਂ ਦਾ ਮਦਦਗਾਰ ਤੁਰਿਆ।
ਸੀਸ ਵਾਰਿਆ ਸੀ ਨਾ ਰਤਾ ਕੀਤੀ,
ਜ਼ਾਲਮਰਾਜ ਨੂੰ ਜੜ੍ਹੋਂ ਹਿਲਾ ਦਿੱਤਾ।
ਅੱਜ ਉਹ ਤੇਗ਼ ਬਹਾਦਰ ਨੂੰ ਭੁੱਲ ਗਏ ਨੇ,
ਹਿੰਦੂ ਧਰਮ ਨੂੰ ਜ਼ਿੰਨਾਂ ਬਚਾ ਲਿੱਤਾ।

ਪ੍ਰਿ ਗਿਆਨ ਸਿੰਘ ਘਈ
ਫ਼ੋਨ: 91-94635-72150

ਗੁਰੂ ਹਰਿ ਗੋਬਿੰਦ ਸਾਹਿਬ ਜੀ ਦੀ ਅਤੇ ਗੁਰੂ ਹਰਿ ਰਾਇ ਸਾਹਿਬ ਜੀ ਦੀ ਗੱਦੀ ਨਸ਼ੀਨੀ ਇਹ ਦੱਸਦੀ ਹੈ ਕਿ ਸਿੱਖ ਕੌਮ ਦੇ ਸਿਰਜਣਹਾਰੇ ਕਿੰਨੇ ਦੂਰ ਅੰਦੇਸ਼ ਸਨ। ਕੀ ਗੁਰੂ ਤੇਗ ਬਹਾਦਰ ਸਾਹਿਬ ਉਮਰ ਵਿਚ ਅਤੇ ਪੀਹੜੀ ਦਰ ਪੀਹੜੀ ਗੁਰੂ ਹਰਿ ਰਾਇ ਸਾਹਿਬ ਜੀ ਨਾਲੋਂ ਵੱਡੇ ਨਹੀਂ ਸਨ?ਜਦੋਂ ਗੁਰੂ ਹਰਿ ਰਾਇਜੀ ਨੂੰਗੁਰ-ਗੱਦੀ ਸੌਂਪੀ ਗਈ ਸੀ ਕੀ ਉਦੋਂ 'ਤਿਆਗ ਮੱਲ' 12 ਸਾਲ ਦੀ ਉਮਰੇਅੰਮ੍ਰਿਤਸਰ, ਅੱਜ-ਕੱਲ੍ਹ ਖਾਲਸਾ ਕੌਲਿਜ ਵਾਲੀ ਥਾਂ,ਦੀ ਲੜਾਈ ਵਿਚ ਆਪਣੀ ਤਲਵਾਰ ਦੇ ਜੌਹਰ ਵਿਖਾ ਕੇ 'ਤੇਗ ਬਹਾਦਰ' ਨਹੀਂ ਸੀ ਬਣ ਗਏ? ਕੀ ਉਸ ਵਕਤ ਤੇਗ ਬਹਾਦਰ ਗੁਰੂ ਬਣਨ ਦੇ ਯੋਗ ਨਹੀਂ ਸਨ? ਇਨ੍ਹਾਂ ਸਵਾਲਾਂ ਦੇ ਜਵਾਬ ਲੱਭਦਾ-ਲੱਭਦਾ ਮੈਂ ਇਸ ਸਿੱਟੇ ਤੇ ਪਹੁੰਚਿਆ ਹਾਂ ਕਿ ਗੁਰੂ ਅਰਜਨ ਪਾਤਸ਼ਾਹ ਦੀ ਸ਼ਹਾਦਤ ਤੋਂ ਬਾਅਦ ਇਹ ਯਕੀਨੀ ਬਣ ਗਿਆ ਸੀ ਕਿ ਜੋ ਵੀ ਗੁਰੂ ਪਦਵੀ ਧਾਰਣ ਕਰੇਗਾ ਉਸ ਨੂੰ ਸਰਕਾਰ ਵਲੋਂ ਮੌਤ ਦਾ ਫਤਵਾ ਦਿੱਤਾ ਜਾਣਾ ਅਵੱਸ਼ ਹੈ। ਇਸੇ ਕਰਕੇ ਹੀ ਤਾਂ ਗੁਰੂ ਅਰਜਨ ਪਾਤਸ਼ਾਹ ਦੀ ਸ਼ਹਾਦਤ ਤੋਂ ਬਾਅਦ ਕਿਸੇ ਨੇ ਗੁਰੂ ਬਣਨ ਲਈ ਗੁਰੂ ਹਰਿ ਗੋਬਿੰਦ ਸਾਹਿਬ ਜੀ ਦਾ ਵਿਰੋਧ ਨਹੀਂ ਕੀਤਾ।ਛੇਵੇਂ ਪਾਤਸ਼ਾਹ ਜੀ ਨੇ ਤੇਗ ਬਹਾਦਰ ਨੂੰ ਯੋਗ ਅਤੇ ਯੁੱਗ-ਪੁਰਸ਼ ਜਾਣ ਕੇ, ਦਿਲੀ ਸਰਕਾਰ ਦੀਆਂ ਨਜ਼ਰਾਂ ਤੋਂ ਦੂਰ, ਪ੍ਰਚਾਰ ਦੌਰਿਆਂ ਤੇ ਰਹਿਣ ਦੀ ਹਦਾਇਤ ਕੀਤੀ। ਆਪਣੇ ਪਿਤਾ, ਹਰਿ ਗੋਬਿੰਦ ਸਾਹਿਬ ਜੀ, ਦੇ ਜਿਉਂਦਿਆਂ-ਜਿਉਂਦਿਆਂ ਹੀ ਗੁਰੂ ਤੇਗਬਹਾਦਰ ਸਾਹਿਬ ਕੀਰਤਪੁਰ, ਕਰਤਾਰਪਰ, ਗੁਰੂ ਕਾ ਚੱਕ ਅਤੇ ਬਾਬਾ ਬਕਾਲਾ ਵਿਚ ਕਥਾ-ਵਾਰਤਾ ਕਰਦੇ ਰਹੇ ਹਨ।ਛੇਵੇਂ ਪਿਤਾ ਆਪਣੇ ਪੋਤਰੇ ਹਰਿ ਰਾਇ ਸਾਹਿਬ ਜੀ ਨੂੰਗੁਰ-ਗੱਦੀ ਸੌਂਪ ਕੇ, ਸ਼ਾਂਤ ਰਹਿਣ ਜਾਂ ਮੁਗਲੀਆ ਸਲਤਨਤ ਨਾਲ ਲੜਾਈਆਂ ਤੋਂ ਦੂਰ ਰਹਿਣ ਦਾ ਉਪਦੇਸ਼ ਦੇ ਕੇ,ਅਕਾਲ ਚਲਾਣਾ ਕਰ ਗਏ।

ਪਰ ਸਾਡੇ ਸਾਖੀਕਾਰਾਂ ਨੇ ਗੁਰੂ ਸਹਿਬਾਨ ਪ੍ਰਤੀ ਸਾਖੀਆਂ ਘੜ ਕੇ ਉਪਮਾ ਕਰਨ ਦੀ ਬਜਾਏ ਨਿੰਦਾ ਕੀਤੀ। ਲੋਕਾਂ ਨੂੰ ਖੰਡ ਵਿਚ ਲਪੇਟ ਕੇ ਜ਼ਹਿਰ ਦਿੱਤੀ, ਲੋਕਾਂ ਨੂੰ ਪਤਾ ਨਹੀਂ ਲੱਗਿਆ ਪਰ ਨਿਗਲ ਗਏ, ਮਰੇ ਨਹੀਂ ਪਰ ਮਰਿਆਂ ਨਾਲੋਂ ਵੱਧ ਮੂਰਸ਼ਤ ਕਰ ਦਿੱਤੇ ਗਏ ਅਤੇ ਅੱਜ ਵੀ ਬੇਹੋਸ਼ੀ ਅਤੇ ਬੇਸਮਝੀ ਦੀ ਹਾਲਤ ਵਿਚ ਸਿਰ ਸੁੱਟੀ ਜਿੰਦਗੀ ਬਸਰ ਕਰ ਰਹੇ ਹਨ। ਬੀਬੀ ਭਾਨੀ ਜੀ ਆਪਣੇ ਪਿਤਾ, ਤੀਸਰੇ ਪਾਤਸ਼ਾਹ ਜੀ, ਤੋਂ ਗੁਰ ਗੱਦੀ ਨੂੰ ਆਪਣੇ ਘਰ ਰੱਖਣ ਲਈ ਵਰ ਮੰਗਦੀ ਦਿਖਾ ਕੇ ਸਿੱਖ ਸਿਧਾਂਤ ਨੂੰ ਘੱਟੇ ਰੋਲਿਆ ਹੈ। ਜਦੋਂ ਕਿ ਸਿੱਖੀ ਵਿਚ ਨਾ ਵਰ ਨਾ ਸਰਾਪ। ਗੁਰੂ ਨਾਨਕ ਪਿਤਾ ਜੀਬਾਬਾ ਲਹਿਣਾ ਜੀ ਨੂੰ ਨਿਰਖ-ਪਰਖ ਕਰਕੇ ਗੁਰੁ-ਗੱਦੀ ਸੌਂਪਦੇ ਹਨ ਅਤੇ ਇਹ ਪ੍ਰੰਪਰਾ ਅੱਗੇ ਤੋਂ ਅੱਗੇ ਕਿਸੇ ਗੁਰੂ ਵਿਆਕਤੀ ਨੇ ਨਹੀਂ ਤੋੜੀ।ਗੁਰਿ ਚੇਲੇ ਰਹਰਾਸਿ ਕੀਈ ਨਾਨਕਿ ਸਲਾਮਤਿ ਥੀਵਦੈ ॥ ਸਹਿ ਟਿਕਾ ਦਿਤੋਸੁ ਜੀਵਦੈ ॥੧॥ {ਪੰਨਾ 966}ਅਤੇ ਸਿਖਾਂ ਪੁਤ੍ਰਾਂ ਘੋਖਿ ਕੈ ਸਭ ਉਮਤਿ ਵੇਖਹੁ ਜਿ ਕਿਓਨੁ ॥ ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ ॥੪॥ {ਪੰਨਾ 967} ਬਾਬਾ ਬੁੱਢਾ ਜੀ ਮਾਤਾ ਗੰਗਾ ਨੂੰ ਵਰ ਦਿੰਦੇ ਹਨ ਕਿ ਮੁਗਲਾਂ ਦੇ ਸਿਰ ਭੰਨਣ ਵਾਲਾ ਯੋਧਾ ਤੁਹਾਡੇ ਘਰ ਪੈਦਾ ਹੋਵੇਗਾ ਜਦੋਂ ਕਿ ਇਹ ਵਰ-ਸਰਾਪ ਦੀ ਕਹਾਣੀ, ਗੁਰਬਾਣੀ ਮੁਤਾਬਕ: "ਜੈਸੇ ਮਾਤ ਪਿਤਾ ਬਿਨੁ ਬਾਲੁ ਨ ਹੋਈ" ਵੀ ਝੂਠੀ ਹੈ। ਗੁਰੂ ਹਰਿਰਾਇ ਸਾਹਿਬ ਤੇਗ ਬਹਾਦਰ ਨੂੰ ਪ੍ਰਚਾਰ ਦੇ ਯੋਗ ਸਮਝ ਕੇ ਸਿੱਖੀ ਦੇ ਮੁੱਖ ਕੇਂਦਰ ਤੋਂ ਦੂਰ ਅਤੇ ਮੁਗਲ ਸਾਮਰਾਜ ਦੀਆ ਨਜ਼ਰਾਂ ਤੋਂ ਵੀ ਦੂਰ ਰਹਿਣ ਦਾ ਉਪਦੇਸ਼ ਦੇ ਕੇ ਪੂਰਬ ਵੱਲ ਨੂੰ ਤੋਰ ਦਿੰਦੇ ਹਨ। ਇਸਦੇ ਸਬੂਤ 'ਭੱਟ ਵਹੀ ਤਲਾਉਂਡਾ, ਪਰਗਣਾ ਜੀਂਦ' ਵਿਚੋਂ ਮਿਲਦੇ ਹਨ ਜਿਸ ਦੀ ਬਦੌਲਤ ਉਨ੍ਹਾਂ ਦੀ ਸ਼ਹਾਦਤ ਤੋਂ ਬਾਅਦ ਹਜ਼ਾਰਾਂ ਦੀ ਤੈਦਾਦ ਵਿਚ ਲੋਕ ਹਥਿਆਰ-ਬੰਦ ਹੋ ਕੇ ਅਨੰਦਪੁਰ ਵੱਲ ਵਹੀਰਾਂ ਘੱਤ ਕੇ ਆਏ। ਇਸ ਕਰਕੇ ਹੀ ਦਸਵੇਂ ਪਾਤਸ਼ਾਹ, ਬਾਈਧਾਰਦੇ ਪਹਾੜੀ ਰਾਜਿਆਂ ਨਾਲ,ਜੋ ਸਿੱਖ ਲਹਿਰ ਤੋਂ ਖਫਾ ਸਨ, ਅਨੰਦਪੁਰ ਅਤੇ ਆਸ-ਪਾਸ ਦੀਆਂ ਜੰਗਾਂ ਲੜ ਸਕੇ।

ਜਿਸ ਸਿੱਖ-ਲਹਿਰ ਦੇਬਾਨੀਆਂ ਨੇ ਖੁੱਡਾਂ ਵਿਚ ਵੜੇ ਸਿੱਧਾਂ, ਜੋਗੀਆਂ ਅਤੇ ਪੀਰਾਂ ਫਕੀਰਾਂ,ਡਾਕੂਆਂ ਅਤੇ ਲੁਟੇਰਿਆਂ ਨੂੰ ਬਾਹਰ ਕੱਢਕੇ ਲੋਕ-ਭਲਾਈ ਦੇ ਕੰਮ ਲਾਇਆ ਅੱਜ ਅਸੀਂ ਉਸੇ ਲਹਿਰ ਦੇ ਮੋਢੀਆਂ ਨੂੰ ਭੋਰਿਆਂ ਵਿਚ ਤਪ ਕਰਦੇ ਦਿਖਾ ਕੇ ਫਖਰ ਮਹਿਸੂਸ ਕਰਦੇ ਹਾਂ ਜਦੋਂ ਕਿ 'ਜਪ ਅਤੇ ਤਪ' ਨੂੰ ਸਿੱਖੀ ਵਿਚ ਕੋਈ ਥਾਂ ਹੀ ਨਹੀਂ। ਜਿਵੇ: ਕਿਆ ਜਪੁ ਕਿਆ ਤਪੁ ਕਿਆ ਬ੍ਰਤ ਪੂਜਾ ॥ ਜਾ ਕੈ ਰਿਦੈ ਭਾਉ ਹੈ ਦੂਜਾ ॥੧॥ ਪੰਨਾ 324॥ ਕਿਸੇ ਲਿਖਾਰੀ ਨੇ 22 ਸਾਲ ਅਤੇ ਕਿਸੇ 25-26 ਸਾਲ ਗੁਰੂ ਤੇਗ ਬਹਾਦਰ ਜੀ ਨੂੰ ਭੋਰੇ ਵਿਚ ਤਪ ਕਰਨ ਲਈ ਵਾੜ ਦਿੱਤਾ। ਜੋ ਸਰਾ-ਸਰ ਗਲਤ ਅਤੇ ਮਨਘੜਤ ਹੈ। ਭੋਰਿਆਂ ਵਿਚ ਬੈਠਣ ਵਾਲੇ ਕੌਮਾਂ ਨਹੀਂ ਸਿਰਜ ਸਕਦੇ, ਸਮਾਜ ਸੁਧਾਰ ਲਈ ਆਪਣੀ ਚੀਚੀ ਦੇ ਨਹੁੰ ਤੇ ਝਰੀਟਵੀ ਨਹੀਂ ਸਹਾਰ ਸਕਦੇ, ਕੌਮ ਦੀ ਖਾਤਰ ਅਤੇ ਲੋਕਾਂ ਦੇ ਜ਼ਮੂਹਰੀ ਹੱਕਾਂ ਲਈ ਬਲੀਦਾਨ ਦੇਣਾ ਤਾਂ ਦੂਰ ਦੀ ਗੱਲ। ਅੱਜ ਦੇ ਕਿਸੇ ਸਾਧੜੇ ਨੂੰ ਦੇਖ ਲਓ। ਇਸ ਦੀ ਮਸਾਲ ਅੱਜ ਢੱਡਰੀਆਂ ਵਾਲਾ ਹੈ ਜਿਹੜਾ ਹਰ ਰੋਜ਼ ਲੱਖ ਕੁ ਰੁਪੈ ਦੀ ਬਰਦੀ ਬਦਲਦਾ ਹੈ ਆਪਣੇ ਮੂਰਖ ਚੇਲਿਆਂ ਨੂੰ 500-500 ਡਾਲਰ ਮੱਥਾ ਟੇਕਣ ਲਈ ਕਹਿੰਦਾ ਹੈ।ਲੋਕ ਸਰਕਾਰੀ ਅੱਤਿਆਚਾਰ ਕਰਕੇ ਤੜਫ ਰਹੇ ਹੁੰਦੇ ਹਨ ਪਰ



ਬਾਬਾ ਜੀ 'ਵਾਹਿ ਗੁਰੂ' ਦਾ ਜਾਪ ਕਰਨ ਦੀ ਗੱਲ ਕਰਕੇ ਪੱਲਾ ਝਾੜ ਕੇ ਤੁਰਦੇ ਬਣਦੇ ਹਨ। ਲੋਕੋ ! ਚਾਹੇ ਤੁਸੀਂ ਗੱਲ 1984 ਦੀ ਕਰੋ ਤੇ ਚਾਹੇ ਅੱਜ, "ਕਰੋਨਾ ਵਾਇਰਸ" ਦੀ, ਲੋਕਾਂ ਦਿਆਂ ਟੁਕੜਿਆਂ ਤੇ ਪਲਣ ਵਾਲਿਆਂ ਕਦੀ ਕਿਸੇ ਦੀ ਕੋਈ ਮੱਦਦ ਨਹੀਂ ਕੀਤੀ। ਢੱਢਰੀਆਂ ਵਾਲਾ ਤਾਂ ਸਗੋਂ ਕਿਸਾਨ ਅੰਦੋਲਨ ਦੇ ਉਲਟ ਹੀ ਭੁਗਤ ਰਿਹਾ ਹੈ। ਕੀ ਇਸ ਨੇ ਕਿਸੇ ਨੂੰ ਇਕ ਕੱਪ ਚਾਹ ਦਾ ਪਿਲਾਇਆਹੈ ? ਨਹੀਂ।

ਦੂਸਰੇ ਪਾਸੇ ਗੁਰੂ ਤੇਗ ਬਹਾਦਰ ਜੀ ਲੋਕਾਂ ਨੂੰ ਸ਼ਿਕਾਰ ਕਰਨਾ ਸਿਖਾਉਂਦੇ ਹਨ ਜਦੋਂ ਕਿ ਸਰਕਾਰ ਨੇ ਹਥਿਆਰ ਰੱਖਣੇ ਅਤੇ ਸ਼ਿਕਾਰ ਕਰਨ ਦੀ ਮਨਾਹੀ ਕੀਤੀ ਹੋਈ ਹੈ। ਇਸੇ ਵਜ੍ਹਾ ਕਰਕੇ 1665 ਈ: ਵਿਚ ਗੁਰੂ ਜੀ ਧਮਤਾਨ ਦੇ ਅਸਥਾਨ ਤੋਂ ਗ੍ਰਿਫਤਾਰ ਕੀਤੇ ਗਏ ਪਰ ਜੈਪੁਰੀਏ ਰਾਜੇ, ਰਾਮ ਸਿੰਘ, ਦੀ ਸ਼ਿਫਾਰਸ਼ ਕਰਨ ਉਪਰੰਤ ਗੁਰੂ ਜੀ ਨੂੰ ਛੱਡ ਦਿਤਾ ਗਿਆ। ਇਸ ਤੋਂ ਬਾਅਦ 1670 ਵਿਚ ਜਦੋਂ ਗੁਰੂ ਜੀ ਪੂਰਬੀ ਇਲਾਕਿਆਂ ਵਿਚ ਪ੍ਰਚਾਰ ਕਰਕੇ ਵਾਪਸ ਆ ਰਹੇ ਸਨ ਤਾਂ ਆਗਰੇ ਤੋਂ ਗ੍ਰਿਫਤਾਰ ਕਰ ਲਏ ਗਏ ਇਸ ਵਾਰ ਵੀ ਜੈਪੁਰੀਆਂ ਦੀ ਮੱਦਦ ਨਾਲ ਗੁਰੂ ਜੀ ਨੂੰ ਰਿਹਾ ਕਰ ਦਿੱਤਾ ਗਿਆ। ਪਰ 1675 ਈ: ਵਿਚ ਜਦੋਂ ਔਰੰਗਜੇਬ ਜ਼ਬਰਨ ਲੋਕਾਂ ਨੂੰ ਹਿੰਦੂ ਬਣਾ ਰਿਹਾ ਸੀ ਤਾਂ ਕਸ਼ਮੀਰੀ ਪੰਡਿਤਾਂ ਨੇ ਗੁਰੂ ਜੀ ਕੋਲ 25 ਮਈ 1675 ਈ: ਨੂੰ ਅਨੰਦਪੁਰ ਆ ਕੇ ਫਰਿਆਦ, " ਸਾਨੂੰ ਬਚਾਓ, ਸਾਡੀ ਮੱਦਦ ਕਰੋ, ਸਾਡੀ ਬਾਂਹ ਪਕੜੋ " ਕੀਤੀ। ਇਸ ਵਕਤ ਔਰੰਗਜੇਬ ਦੱਖਣ ਦੀ ਮੁਹਿੰਮ ਤੇ ਗਿਆ ਹੋਇਆ ਸੀ। ਪਰ ਕਸ਼ਮੀਰ ਦੇ ਸੂਬੇਦਾਰ ਨੇਸੂਹੀਏ ਰਾਹੀਂਇਹ ਖਬਰ ਦਿੱਲੀ ਦਰਬਾਰ ਪਹੁੰਚਦੀ ਕਰ ਦਿੱਤੀ ਅਤੇ ਗੁਰੂ ਤੇਗ ਬਹਾਦਰ ਸਾਹਿਬ ਨੂੰ ਗ੍ਰਿਫਤਾਰ ਕਰਨ ਦੇ ਹੁਕਮ ਵੀ ਜਾਰੀ ਹੋ ਗਏ। ਇਸ ਤੋਂ ਪਹਿਲਾਂ ਕਿ ਮੁਗਲ ਹਕੂਮਤ ਦੇ ਕਰਿੰਦੇ ਗੁਰੂ ਜੀ ਨੂੰ ਆ ਕੇ ਪਕੜਦੇ ਗੁਰੂ ਜੀ ਆਪ ਹੀ 10 ਜੁਲਾਈ 1675 ਈ: ਨੂੰ ਦਿੱਲੀ ਵੱਲ ਨੂੰ ਚੱਲ ਪਏ ਅਤੇ ਅਗਲੇ ਦਿਨ ਗੁਰੂ ਜੀ ਨੂੰ ਮਲਕਪੁਰ ਰੰਘੜਾਂ ਤੋਂ ਮੋਰਿੰਡੇ ਦੀ ਪੁਲਸ ਨੇ ਗ੍ਰਿਫਤਾਰ ਕਰ ਲਿਆ। ਮੋਰਿੰਡੇ ਦੇ ਥਾਣੇਦਾਰ ਨੂਰ ਮੁਹੰਮਦ ਹਸਨ ਨੇ ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ ਜੀ ਦੇ ਸਮੇਤ ਗੁਰੂ ਜੀ ਨੂੰ ਗ੍ਰਿਫਤਾਰ ਕਰਕੇ ਸੂਬਾ ਸਰਹਿੰਦ ਦੇ ਹੁਕਮ ਅਨੁਸਾਰ ਬੱਸੀ ਪਠਾਣਾਂ ਦੇ ਕਿਲੇ ਵਿਚ ਬੰਦ ਕਰ ਦਿੱਤਾ। ਨਕਸ਼ਬੰਦੀ ਫਿਰਕੇ ਦੇ ਸਰਹਿੰਦ ਦੇ ਕਾਜ਼ੀ, "ਸ਼ੈਖ ਸੈਫ-ਉਦ-ਦੀਨ" ਵਾਰਤਾਲਾਪ ਕਰਕੇ ਗੁਰੂ ਜੀ ਨੂੰ ਮੁਸਲਮਾਨ ਬਣਾਉਣ ਵਿਚ ਜਦੋਂ ਨਾਕਾਮਯਾਬ ਰਹੇ ਤਾਂ ਉਸ ਨੇ ਦਿੱਲੀ ਦਰਬਾਰ ਨੂੰ ਲਿਖ ਭੇਜਿਆ ਕਿ ਗੁਰੂ ਜੀ ਗੱਲਾਂ-ਬਾਤਾਂ ਨਾਲ ਮੁਸਲਮਾਨ ਧਰਮ ਕਬੂਲ ਨਹੀਂ ਕਰਨਗੇ। ਸ਼ਾਇਦ ਤਲਵਾਰ ਦੇ ਡਰ ਨਾਲ ਮਨਾਏ ਜਾ ਸਕਣ। ਕਾਫੀ ਲੰਮੀ ਚਰਚਾ-ਵਾਰਤਾ ਅਤੇ ਤਸੀਹੇ ਦੇਣ ਤੋਂ ਬਾਅਦ 3 ਨਵੰਬਰ 1675 ਈ: ਗੁਰੂ ਜੀ, ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਨੂੰ ਦਿੱਲੀ ਕੋਤਵਾਲੀ ਵਿਚ ਬੰਦ ਕਰ ਦਿਤਾ ਗਿਆ। 11 ਨਵੰਬਰ ਨੂੰ ਗੁਰੂ ਜੀ ਦੀਆਂ ਅੱਖਾਂ ਦੇ ਸਾਹਮਣੇ ਭਾਈ ਦਿਆਲਾ ਜੀ ਨੂੰ ਚਾਂਦਨੀ ਚੌਕ ਵਿਚ, ਪਾਣੀ ਨਾਲ ਭਰੀ ਵੱਡੀ ਦੇਗ ਵਿਚ ਬੰਨ ਕੇ, ਉਬਾਲ ਕੇ ਸ਼ਹੀਦ ਕਰ ਦਿੱਤਾ ਗਿਆ। ਇਸ ਤੋਂ ਮਗਰੋਂ ਭਾਈ ਮਤੀ ਦਾਸ ਨੂੰ ਦੋ ਲੱਕੜਾਂ ਦੇ ਸ਼ਿਕੰਜੇ ਵਿਚ ਬੰਨ ਕੇ ਆਰੇ ਨਾਲ ਚੀਰ ਦਿੱਤਾ ਅਤੇ ਭਾਈ ਸਤੀ ਦਾਸ ਨੂੰ ਰੂੰ ਵਿਚ ਲਪੇਟ ਕੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਸ਼ਾਮ ਦੇ ਵਕਤ ਕਾਜ਼ੀ ਦੇ ਆਖਰੀ ਫਤਵੇ ਮਗਰੋਂ ਜੱਲਾਦ, ਜਲਾਲ-ਉਦ-ਦੀਨ, (ਸਮਾਣੇ ਵਾਲੇ) ਨੇ ਗੁਰੂ ਜੀ ਨੂੰ ਤਲਵਾਰ ਦੇ ਇਕੋ ਝਟਕੇ ਨਾਲ ਸ਼ਹੀਦ ਕਰ ਦਿਤਾ।

ਗੁਰੂ ਸਾਹਿਬ ਦੀ ਸ਼ਹਾਦਤ ਨੂੰ 'ਸਿਰੀ ਗੁਰੁ ਸੋਭਾ' ਗ੍ਰੰਥ ਦਾ ਲਿਖਾਰੀ, ਕਵੀ ਸੈਨਾਪਤਿ ਜਾਂ ਸੈਣਾ ਸਿੰਘ ਆਪਣੇ ਲਫਜਾਂ ਵਿਚ ਇੰਜ ਬਿਆਨ ਕਰਦਾ ਹੈ: ਪ੍ਰਗਟ ਭਏ ਗੁਰੁ ਤੇਗ ਬਹਾਦਰ। ਸਗਲ ਸ੍ਰਿਸਟ ਪੈ ਜਾਕੀ ਚਾਦਰ। ਕਰਮ ਧਰਮ ਕੀ ਜਿਨਿ ਪਤਿ ਰਾਖੀ। ਅਟਲ ਕਰੀ ਕਲਿਯੁਗ ਮੈਂ ਸਾਖੀ॥ 14॥ ਪੰਨਾ 10॥

ਅਤੇ ਗੁਰ ਪੰਥ ਪ੍ਰਕਾਸ਼ ਦਾ ਲਿਖਾਰੀ ਇਉਂ ਲਿਖਦਾ ਹੈ: ਤੇਗ ਬਹਾਦਰ ਫਿਰ ਗੁਰ ਭਯੋ ਪਰਸਵਾਰਥ ਹਿਤਿ ਜਿਨਿ ਸਿਰ ਦਯੋ॥ ਕਲਯੁਗ ਮੈ ਬਡ ਸਾਕਾ ਕੀਯਾ ਧਰਮ ਕਰਮ ਰਖ ਹਿੰਦੂ ਲੀਯਾ॥ ਇਹ ਵੀ ਗਲਤ ਹੈ। ਸਿਰਫ ਹਿੰਦੂ ਧਰਮ ਲਈ ਸ਼ਸ਼ਹਾਦਤ ਦੇਣੀ ਗੁਰੂ ਜੀ ਦੀ ਸ਼ਹਾਦਤ ਨੂੰ ਛੁਟਿਆਉਣਾ ਹੈ। ਇਹ ਨਿਰਮਲੇ ਕਵੀਆਂ ਦੀ ਚਾਲ ਹੈ ਜਿਸ ਨੂੰ ਅਸੀਂ ਸਮਝ ਨਹੀਂ ਸਕੇ।

ਪਰ ਬਚਿਤ੍ਰ ਨਾਟਿਕ ਦੇ ਲਿਖਾਰੀ ਕਵੀ ਸਿਯਾਮ ਨੇ ਤਾਂ ਗੁਰੂ ਜੀ ਦੀ ਸ਼ਹਾਦਤ ਨੂੰ ਮਿੱਟੀ-ਘੱਟੇ ਹੀ ਰੋਲ ਦਿਤਾ। ਜਿਵੇ: ਤਿਲਕ ਜੰਞੂ ਰਾਖਾ ਪ੍ਰਭ ਤਾਕਾ॥ ਕੀਨੋ ਬਡੋਕਲੂ ਮਹਿ ਸਾਕਾ॥ਸਾਧਨ ਹੇਤਿਇਤੀ ਜਿਨਿ ਕਰੀ॥ਸੀਸੁ ਦੀਆ ਪਰੁ ਸੀ ਨ ਉਚਰੀ॥ਦ.ਗ੍ਰ. ਪੰਨਾ 54॥ ਜਿਸ ਤਿਲਕ-ਜੰਞੂ ਨਾਲ ਸਿੱਖ ਲਹਿਰ ਦਾ ਗੁਰੂ ਨਾਨਕ ਪਾਤਸ਼ਾਹ ਦੇ ਵੇਲੇ ਤੋਂ ਕੋਈ ਸਬੰਧ ਨਹੀਂ ਉਸ ਦੀ ਖਾਤਰ ਗੁਰੂ ਜੀ ਅਤੇ ਬਾਕੀ ਸਿੱਖਾਂ ਨੇ ਕੁਰਬਾਨੀਆ ਕਿਉਂ ਦੇਣੀਆਂ ਸਨ? ਸਭ ਲੋਕਾਂ ਦੇ ਹੱਕਾਂ ਲਈ ਲੜਨ ਮਰਨ ਵਾਲੀ ਸਿੱਖ-ਲਹਿਰ ਨੂੰ ਕਿਸੇ ਇਕ ਧਰਮ ਦੀ ਰਾਖੀ ਲਈ ਜਾਨਾਂ ਕੁਰਬਾਨ ਕਰਦਿਆਂ ਦਿਖਾਉਣਾ ਇਕ ਸਾਜਿਸ਼ ਹੈ। ਸਿੱਖ-ਲਹਿਰ ਦੀਆਂ ਲੱਖਾਂ ਸ਼ਹਾਦਤਾਂ ਲੋਕਾਂ ਦੇ ਹੱਕਾਂਅਤੇ 'ਸੱਚ ਧਰਮ' ਨੂੰ ਬਹਾਲ ਕਰਾਉਣ ਲਈ ਦਿੱਤੀਆਂ ਗਈਆਂ ਹਨ ਜਿਨ੍ਹਾਂ ਨੂੰ ਅਸੀਂ ਅੱਜ ਭੁੱਲ ਚੁੱਕੇ ਹਾਂ।ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥ਪੰਨਾ 1427॥

*ਗੁਰੂ ਦੇ ਪੰਥ ਦਾ ਦਾਸ,*
*ਗੁਰਚਰਨ ਸਿੰਘ ਜਿਉਣ ਵਾਲਾ*
*(+647 966 3132)*
*WWW.SINGHSABHACANADA.COM*

## ਇੱਛਾ ਮੌਤ ਦੀ ਮੰਗ ਕਿੱਥੋਂ ਤੱਕ ਜਾਇਜ਼

-ਦੀਪਿਕਾ ਅਰੋੜਾ

'ਮਰਸੀ ਕਿਲਿੰਗ' ਜਾਂ 'ਦਇਆ ਮੌਤ' ਮੁੱਢਲੇ ਕਾਲ ਤੋਂ ਇੱਕ ਵਿਵਾਦਤ ਸਵਾਲ ਰਿਹਾ ਹੈ। ਮੌਤ-ਅਧਿਕਾਰ ਉੱਤੇ ਕੇਂਦਰਿਤ ਇਹ ਮੁੱਦਾ ਕੌਮਾਂਤਰੀ ਪੱਧਰ ਉੱਤੇ ਬਹਿਸ ਦਾ ਵਿਸ਼ਾ ਬਣਿਆ ਹੋਇਆ ਹੈ। 'ਇੱਛਾ ਮੌਤ' ਭਾਵ 'ਯੂਥੇਨੇਸੀਆ' ਮੂਲ ਤੌਰ ਉੱਤੇ ਇੱਕ ਯੂਨਾਨੀ ਸ਼ਬਦ ਹੈ ਜਿਸ ਦਾ ਸ਼ਾਬਦਿਕ ਅਰਥ ਹੈ 'ਚੰਗੀ ਮੌਤ'। ਡਾਕਟਰੀ ਵਿੱਚ ਇਸ ਦਾ ਭਾਵ ਹੈ 'ਸਵੈ-ਇੱਛੁਕ ਮੌਤ', 'ਡਾਕਟਰ ਦੀ ਮਦਦ' ਨਾਲ ਕੀਤੀ ਗਈ ਖੁਦਕੁਸ਼ੀ ਜਾਂ ਦੁੱਖਾਂ ਦੀ ਮੁਕਤੀ ਦੇ ਆਧਾਰ ਉੱਤੇ ਸਵੈ-ਇੱਛਾ ਨਾਲ ਮੌਤ ਅੰਗੀਕਾਰ ਕਰਨ ਦਾ ਫੈਸਲਾ।

'ਇੱਛਾ ਮੌਤ' ਨੂੰ ਵੱਖ-ਵੱਖ ਸ਼ਾਖਾਵਾਂ ਵਿੱਚ ਪ੍ਰਗਟ ਕਰ ਸਕਦੇ ਹਾਂ। ਸਵੈ-ਇੱਛੁਕ-ਰੋਗੀ ਦੀ ਮਨਜ਼ੂਰੀ ਤੋਂ ਬਾਅਦ ਜਾਣ-ਬੁੱਝ ਕੇ ਅਜਿਹੀਆਂ ਦਵਾਈਆਂ ਦੇਣੀਆਂ, ਜਿਸ ਨਾਲ ਉਸ ਦੀ ਮੌਤ ਸੰਭਵ ਹੋ ਸਕੇ। ਅਣਇੱਛੁਕ ਅਜਿਹੀ ਵਿਵਸਥਾ ਜਦੋਂ ਰੋਗੀ ਮਾਨਸਿਕ ਤੌਰ ਉੱਤੇ ਆਪਣੀ ਮੌਤ ਦੀ ਮਨਜ਼ੂਰੀ ਦੇ ਸਕਣ ਵਿੱਚ ਅਸਮਰਥ ਹੋਵੇ। ਅਸਹਿਣਸ਼ੀਲਤਾ ਦੁੱਖ ਤੋਂ ਮੁਕਤੀ ਕਰਨ ਲਈ ਉਸ ਨੂੰ ਇਰਾਦਤਨ ਦਵਾਈਆਂ ਦੇਣੀਆਂ। ਸਿੱਟਾ: ਰੋਗੀ ਦੀ ਮੌਤ ਸੰਭਵ ਬਣਾਉਣ ਲਈ ਇਲਾਜ ਬੰਦ ਕਰਨਾ ਜਾਂ ਜੀਵਨ ਰੱਖਿਅਕ ਪ੍ਰਣਾਲੀ ਹਟਾਉਣਾ। ਸਹਾਇਕ ਖੁਦਕੁਸ਼ੀ: ਪਹਿਲਾਂ ਸਹਿਮਤੀ ਦੇ ਆਧਾਰ ਉੱਤੇ ਡਾਕਟਰ ਵੱਲੋਂ ਰੋਗੀਆਂ ਨੂੰ ਅਜਿਹੀਆਂ ਦਵਾਈਆਂ ਦਿੱਤੀਆਂ ਜਾਣੀਆਂ, ਜਿਨ੍ਹਾਂ ਦੀ ਵਰਤੋਂ ਨਾਲ ਉਨ੍ਹਾਂ ਦੀ ਮੌਤ ਹੋ ਜਾਵੇ।

ਦਰਅਸਲ 'ਇੱਛਾ ਮੌਤ' ਔਖਾ ਤੇ ਬਹੁਤ ਹੀ ਨਾਜ਼ੁਕ ਮੁੱਦਾ ਹੈ। ਕਾਨੂੰਨੀ ਮਾਮਲੇ ਸਮੇਤ ਸਮਾਜਕ ਅਤੇ ਡਾਕਟਰੀ ਆਦਿ ਕਈ ਪਹਿਲੂ ਇਸ ਨਾਲ ਸੰਬੰਧਤ ਹਨ। ਇਹੀ ਕਾਰਨ ਹੈ ਕਿ ਇਸ ਦੀ ਜਾਇਜ਼ਤਾ ਨੂੰ ਲੈ ਕੇ ਸਾਰਿਆਂ ਦੀ ਆਪਣੀ ਵੱਖਰੀ ਰਾਏ ਹੈ। 'ਯੂਥੇਨੇਸੀਆ' ਸਮਰਥਕ 'ਸਨਮਾਨ ਜਨਕ ਮੌਤ' ਦੀ ਦਲੀਲ ਦੇ ਕੇ ਅਜਿਹੇ ਵਿਅਕਤੀ ਨੂੰ ਮੌਤ ਦੇ ਅਧਿਕਾਰ ਦੇਣ ਦੇ ਪੱਖ ਵਿੱਚ ਹਨ, ਜੋ ਦੁਖਦਾਈ ਅਤੇ ਲਾਇਲਾਜ ਰੋਗਾਂ ਤੋਂ ਗ੍ਰਸਤ ਹੈ ਜਾਂ ਨਾਮਾਤਰ ਜ਼ਿੰਦਾ ਹੈ।

ਪਿਛਲੇ ਕੁਝ ਸਮੇਂ ਤੋਂ 'ਇੱਛਾ ਮੌਤ' ਦੀ ਮੰਗ ਵਿਸ਼ਵ ਪੱਧਰ ਉੱਤੇ ਜ਼ੋਰ ਫੜਨ ਲੱਗੀ ਹੈ, ਪਰ ਇਸ ਦੀ ਮਾਮੂਲੀ ਇਜਾਜ਼ਤ ਨੀਦਰਲੈਂਡਸ, ਸਵਿੱਟਜ਼ਰਲੈਂਡ, ਬੈਲਜੀਅਮ, ਅਮਰੀਕਾ, ਭਾਰਤ ਵਰਗੇ ਕੁਝ ਦੇਸ਼ਾਂ ਵਿੱਚ ਵਿਸ਼ੇਸ਼ ਹਾਲਤ ਅਤੇ ਸ਼ਾਖਾਈ ਆਧਾਰ ਉੱਤੇ ਮਿਲਣੀ ਸੰਭਵ ਹੋਈ ਹੈ। ਘੱਟ ਵਿਵਾਦਤ ਤੌਰ ਉੱਤੇ ਲਾਚਾਰ ਅਵਸਥਾ ਦੌਰਨ ਰੋਗੀ ਦਾ ਇਲਾਜ ਬੰਦ ਕਰਨ ਜਾਂ ਜੀਵਨ ਰੱਖਿਅਕ ਪ੍ਰਣਾਲੀਆਂ ਹਟਾਉਣ ਨੂੰ ਸੰਭਵ ਪੱਧਰੀ ਸਮਰਥਨ ਮਿਲ ਸਕਿਆ।

ਲੰਬੇ ਸਮੇਂ ਤੱਕ 'ਇੱਛਾ ਮੌਤ' ਅਤੇ 'ਦਇਆ ਮੌਤ' ਦੇ ਸਮਰਥਨ ਨੂੰ ਗੈਰ-ਕਾਨੂੰਨੀ ਮੰਨ ਕੇ ਭਾਰਤੀ ਦੰਡ ਕਾਨੂੰਨ ਦੀ ਧਾਰਾ 309 ਹੇਠ ਇਸ ਨੂੰ ਖੁਦਕੁਸ਼ੀ ਵਰਗੇ ਸਜ਼ਾ ਯੋਗ ਅਪਰਾਧਾਂ ਵਿੱਚ ਰੱਖਿਆ ਗਿਆ, ਪਰ 41 ਸਾਲਾ ਅਮਰੀਕੀ ਔਰਤ ਟੇਰੀ ਸ਼ਿਯਾਵੋ ਵਿਸ਼ਵ ਪੱਧਰੀ ਚਰਚਾ ਦਾ ਵਿਸ਼ਾ ਬਣੀ, ਜਿਸ ਨੇ 'ਇੱਛਾ ਮੌਤ' ਦਾ ਮਾਮਲਾ ਗਰਮਾ ਦਿੱਤਾ। ਹਾਰਟ ਅਟੈਕ ਤੋਂ ਬਾਅਦ ਦਿਮਾਗੀ ਤੌਰ ਉੱਤੇ ਬੇਸੁਰਤ ਪਈ ਪਤਨੀ ਨੂੰ ਤ੍ਰਾਸਦੀ ਪੂਰਨ ਜ਼ਿੰਦਗੀ ਤੋਂ ਮੁਕਤੀ ਦਿਵਾਉਣ ਦੇ ਲਈ ਸੱਤ ਸਾਲ ਲੰਬੀ ਕਾਨੂੰਨੀ ਲੜਾਈ ਪਿੱਛੋਂ ਟੇਰੀ ਦੇ ਪਤੀ ਨੂੰ ਉਸ ਦੀ ਭੋਜਨ ਨਾਲੀ ਹਟਾਉਣ ਦੀ ਇਜਾਜ਼ਤ ਮਿਲ ਗਈ, ਜਦੋਂ 18 ਜਨਵਰੀ 2006 ਨੂੰ ਅਮਰੀਕਾ ਦੀ ਸੁਪਰੀਮ ਕੋਰਟ ਨੇ ਪੂਰੇ ਅਮਰੀਕਾ ਵਿੱਚ 'ਇੱਛਾ ਮੌਤ' ਨੂੰ ਕਾਨੂੰਨੀ ਤੌਰ ਉੱਤੇ ਜਾਇਜ਼ ਕਰਾਰ ਦੇ ਦਿੱਤਾ। ਟੇਰੀ ਸ਼ਿਯਾਵੋ ਕੇਸ ਉੱਤੇ ਬਹਿਸ ਭਾਰਤ ਵਿੱਚ ਵੀ ਸੁਣਾਈ ਦੇਣ ਲੱਗੀ। ਕਈ ਕੇਸਾਂ ਵਿੱਚ ਰੋਗੀ ਨੇ ਖੁਦ ਜਾਂ ਆਪਣੇ ਰਿਸ਼ਤੇਦਾਰਾਂ ਰਾਹੀਂ 'ਦਇਆ ਮੌਤ' ਦੀ ਇੱਛਾ ਪ੍ਰਗਟਾਈ। ਮਾਰਚ ਨੌਂ 2018 ਨੂੰ 'ਨਿਸ਼-ਕ੍ਰਿਆ ਇੱਛਾ ਮੌਤ' ਉੱਤੇ ਬਹੁਤ ਲੰਬੇ ਸਮੇਂ ਤੋਂ ਉਡੀਕਿਆ ਜਾ ਰਿਹਾ ਫੈਸਲਾ ਸੁਣਾਉਂਦੇ ਹੋਏ ਵਿਸ਼ੇਸ਼ ਮਾਮਲਿਆਂ ਵਿੱਚ 'ਇੱਛਾ ਮੌਤ' ਨੂੰ ਕਾਨੂੰਨੀ ਜਾਇਜ਼ਤਾ ਦੇ ਕਰ ਦਿੱਤੀ ਗਈ, ਪਰ ਇਸ ਦੇ ਨਾਲ ਸੁਪਰੀਮ ਕੋਰਟ ਨੇ 'ਲਿਵਿੰਗ ਵਿਲ' ਦੀ ਬਜ਼ੁਰਗਾਂ ਨੂੰ ਬੋਝ ਮੰਨਣ ਵਾਲੇ ਕੇਸਾਂ ਦੇ ਸੰਬੰਧ ਵਿੱਚ 'ਦੁਰਵਰਤੋਂ' ਹੋਣ ਦਾ ਸ਼ੱਕ ਪ੍ਰਗਟਾਇਆ, ਜੋ ਨਿਰਾਧਾਰ ਨਹੀਂ। ਚਿੰਤਾ ਦਾ ਵਿਸ਼ਾ ਹੈ ਕਿ ਕਾਨੂੰਨੀ ਜਾਇਜ਼ਤਾ ਦੀ ਆਹਟ ਵਿੱਚ ਆਪਣਿਆਂ ਵੱਲੋਂ ਅਣਡਿੱਠ ਕੀਤੇ ਜਾਣ ਤੋਂ ਪ੍ਰੇਸ਼ਾਨ ਬਜ਼ੁਰਗਾਂ ਦੀ ਪੈੜ-ਚਾਲ ਵੀ ਉਭਰਨ ਲੱਗੀ, ਜੋ ਪਰਵਾਰ ਅਤੇ ਵਿਵਸਥਾ ਉੱਤੇ ਖੁਦ ਨੂੰ ਬੋਝ ਮੰਨ ਕੇ ਆਪਣੇ ਲਈ 'ਇੱਛਾ ਮੌਤ' ਦੇ ਚਾਹਵਾਨ ਹਨ। ਅਜਿਹੀ 'ਦਿਲ ਕੰਬਾਊ ਮੰਗ' ਯਕੀਨੀ ਤੌਰ ਉੱਤੇ ਸੰਪੂਰਨ ਵਿਵਸਥਾ ਉੱਤੇ ਬੜਾ ਵੱਡਾ ਸਵਾਲੀਆ ਚਿੰਨ੍ਹ ਹੈ। ਵਿਸ਼ੇ ਦੀ ਗੰਭੀਰਤਾ ਨਾਲ ਮਹਿਸੂਸ ਕਰਦੇ ਹੋਏ ਇਸ ਨੂੰ ਰਾਸ਼ਟਰੀ ਪੱਧਰ ਉੱਤੇ ਉਠਾਉਣਾ ਜ਼ਰੂਰੀ ਹੈ।

ਬਜ਼ੁਰਗ ਪਰਵਾਰਕ, ਸਮਾਜਕ ਤੇ ਕੌਮੀ ਜ਼ਿੰਮੇਵਾਰੀ ਹਨ, ਬੋਝ ਨਹੀਂ। ਉਨ੍ਹਾਂ ਨੂੰ ਇਹ ਅਹਿਸਾਸ ਕਰਵਾਉਣ ਲਈ ਸਮਾਜ ਤੇ ਸਰਕਾਰਾਂ ਨੂੰ ਸਮੁੱਚਾ ਨਜ਼ਰੀਆ ਅਪਣਾਉਣਾ ਹੋਵੇਗਾ। ਕਾਨੂੰਨ ਤੋਂ ਆਸ ਹੈ ਕਿ ਬਜ਼ੁਰਗਾਂ ਨੂੰ ਸਨਮਾਨ ਜਨਕ ਕੌਮੀ ਵਿਰਾਸਤ ਦਾ ਦਰਜਾ ਦੇ ਕੇ ਉਨ੍ਹਾਂ ਵਿਰੁੱਧ ਅਪਰਾਧਕ ਜਾਂ ਘਟੀਆ ਸਲੂਕ ਦੇ ਮਾਮਲੇ ਵਿੱਚ ਦੋਸ਼ੀਆਂ ਪ੍ਰਤੀ ਸਖਤ ਨੋਟਿਸ ਲੈਣ। ਬਜ਼ੁਰਗਾਂ ਦੀਆਂ ਹਿੱਤ-ਧਾਰਕ ਯੋਜਨਾਵਾਂ ਦੀ ਪਹੁੰਚ ਹਰੇਕ ਲਾਭਪਾਤਰੀ ਤੱਕ ਯਕੀਨੀ ਬਣਾਉਣਾ ਸਰਕਾਰਾਂ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਹੈ। ਉਨ੍ਹਾਂ ਦੀ ਸਹਾਇਤਾ ਲਈ ਬਣਾਏ ਕਾਨੂੰਨ ਅਤੇ ਉਨ੍ਹਾਂ ਨੂੰ ਮਿਲਦੀਆਂ ਸਹੂਲਤਾਂ ਸੰਬੰਧੀ ਜਾਣਕਾਰੀ ਦਾ ਵਿਆਪਕ ਪੱਧਰ ਉੱਤੇ ਪ੍ਰਚਾਰ-ਪ੍ਰਸਾਰ ਹੋਵੇ। ਕਾਨੂੰਨੀ ਪ੍ਰਕਿਰਿਆ ਸੁਖਾਲੀ ਤੇ ਸਾਰਿਆਂ ਲਈ ਸੁਲਭ ਬਣੇ। ਜ਼ਿੰਦਗੀ ਗੁਜ਼ਾਰਨ ਦਾ ਸਹੀ ਸਰੋਤ ਨਾ ਹੋਣ ਦੀ ਦਸ਼ਾ ਵਿੱਚ ਉਨ੍ਹਾਂ ਦੀ ਮੁਕੰਮਲ ਦੇਖਭਾਲ ਦੀ ਜ਼ਿੰਮੇਵਾਰੀ ਨਿਰਵਿਵਾਦਤ ਤੌਰ ਉੱਤੇ ਸਰਕਾਰਾਂ ਵੱਲੋਂ ਲਈ ਜਾਵੇ। ਸੰਭਾਵਿਤ ਤੌਰ ਉੱਤੇ ਥੋੜ੍ਹਾ ਔਖਾ ਜ਼ਰੂਰ ਲੱਗਦਾ ਹੈ, ਪਰ ਜੇ ਸਮਾਜ ਤੇ ਸਰਕਾਰਾਂ ਸੰਯੁਕਤ ਤੌਰ ਉੱਤੇ ਆਪਣੀ ਜ਼ਿੰਮੇਵਾਰੀ ਪ੍ਰਤੀ ਦ੍ਰਿੜ੍ਹ ਸੰਕਲਪ ਹੋ ਜਾਣ ਤਾਂ ਕੁਝ ਵੀ ਅਸੰਭਵ ਨਹੀਂ।

ਬਜ਼ੁਰਗ ਸਮਾਜ ਰੂਪੀ ਵੱਡੇ ਰੁੱਖ ਦੀਆਂ ਜੜ੍ਹਾਂ ਹਨ। ਗੈਰ ਸੰਵੇਦਨਸ਼ੀਲਤਾ 'ਇੱਛਾ ਮੌਤ' ਦੇ ਰੂਪ ਵਿੱਚ ਵਾਰ ਕਰੇ ਜਾਂ ਅਸਮਰੱਥਾ ਦਾ ਬੋਧ 'ਇੱਛ ਮੌਤ' ਦੀ ਮੰਗ ਦਾ ਕਾਰਨ ਬਣੇ, ਦੋਵੇਂ ਹੀ ਅਵਸਥਾਵਾਂ ਸਮਾਜ ਤੇ ਰਾਸ਼ਟਰੀ ਲਈ ਖਤਰਨਾਕ ਤੇ ਸ਼ਰਮਨਾਕ ਹਨ। ਇਹ ਵੀ ਨਹੀਂ ਭੁੱਲਣਾ ਚਾਹੀਦਾ ਕਿ ਜਿਸ ਰਫਤਾਰ ਨਾਲ ਭਾਰਤ ਵਿੱਚ ਅੰਗ ਬਦਲਣ ਨੂੰ ਲੈ ਕੇ ਕਾਨੂੰਨ ਦੀ ਆੜ ਵਿੱਚ ਨਾਜਾਇਜ਼ ਧੰਦਾ ਪੈਰ ਪਸਾਰ ਰਿਹਾ ਹੈ ਉਸੇ ਤਰ੍ਹਾਂ 'ਇੱਛਾ ਮੌਤ-ਅਧਿਕਾਰ' ਦੀ ਦੁਰਵਰਤੋਂ ਵੀ ਸੰਭਾਵਿਤ ਹੈ। 'ਇੱਛਾ ਮੌਤ' ਦੀ ਵਿਵਸਥਾ ਸਿਰਫ ਉਥੇ ਲਾਗੂ ਹੋ ਸਕੇ ਜਿੱਥੇ ਕੋਈ ਹੋਰ ਬਦਲ ਨਾ ਬਚਿਆ ਹੋਵੇ, ਹਰੇਕ ਪੱਧਰ ਉੱਤੇ ਸਾਨੂੰ ਇਹ ਯਕੀਨੀ ਬਣਾਉਣਾ ਹੋਵੇਗਾ।

## ਉੱਡਣੇ ਬਾਜ਼ ਦੀ ਪਰਵਾਜ਼

-ਪ੍ਰਿੰਸੀਪਲ ਸਰਵਣ ਸਿੰਘ

ਗੁਰਬਚਨ ਸਿੰਘ ਰੰਧਾਵਾ ਹਰਡਲਾਂ ਦੀ ਦੌੜ ਦਾ ਉੱਡਣਾ ਬਾਜ਼ ਸੀ। ਕਿਸੇ ਸਮੇਂ ਭਾਰਤ ਦੇ ਚਾਰ ਨੈਸ਼ਨਲ ਰਿਕਾਰਡ ਉਹਦੇ ਨਾਂਅ ਸਨ। ਜੇ ਕਿਤੇ ਉਹ ਅਮਰੀਕਾ ਵਿੱਚ ਜੰਮਿਆ ਹੁੰਦਾ ਤਾਂ ਨਾ ਜਿਮ ਥੋਰਪੇ ਤੋਂ ਘੱਟ ਰਹਿੰਦਾ ਅਤੇ ਨਾ ਜੈਸੀ ਓਵੇਨਸ ਤੋਂ। ਉਹ ਦੌੜਦਾ ਨਹੀਂ, ਹਰਡਲਾਂ ਉੱਤੇ ਉੱਡਦਾ ਸੀ। ਜਿਵੇਂ ਮਿਲਖਾ ਸਿੰਘ ਨੂੰ 'ਫਲਾਇੰਗ ਸਿੱਖ' ਦਾ ਖਿਤਾਬ ਮਿਲਿਆ ਸੀ, ਉਵੇਂ ਗੁਰਬਚਨ ਸਿੰਘ ਨੂੰ 'ਉੱਡਣੇ ਬਾਜ਼' ਦਾ ਖਿਤਾਬ ਮਿਲਣਾ ਚਾਹੀਦਾ ਸੀ। ਖੈਰ! ਉਹ ਨਵਦੀਪ ਸਿੰਘ ਗਿੱਲ ਨੇ ਉਹਦੀ ਜੀਵਨ ਗਾਥਾ ਲਿਖ ਕੇ ਦੇ ਦਿੱਤਾ ਹੈ। ਅਥਲੈਟਿਕਸ ਗੁਰਬਚਨ ਸਿੰਘ ਦੇ ਖ਼ੂਨ ਵਿੱਚ ਸੀ। ਇਹਦੇ ਵਿੱਚ ਅੱਗੇ ਤੋਂ ਅੱਗੇ ਆਉਣ ਲਈ ਉਹਨੇ ਦਿਨ ਰਾਤ ਮੁੜ੍ਹਕਾ ਡੋਲ੍ਹਿਆ। ਅਸੀਂ ਉਹਨੂੰ ਹਰਡਲਾਂ ਉੱਤੇ ਬਾਜ਼ ਵਾਂਗ ਉਡਦਾ ਵੇਖਦੇ ਰਹੇ ਹਾਂ, ਪਰ ਦੇਸ਼ ਵਿੱਚ ਗੁਰਬਚਨ ਸਿੰਘ ਨੂੰ ਓਨੀ ਪ੍ਰਸਿੱਧੀ ਨਹੀਂ ਮਿਲੀ, ਜਿੰਨੀ ਦਾ ਹੱਕਦਾਰ ਸੀ। ਕ੍ਰਿਕਟ ਦੇ ਚੌਕੇ-ਛਿੱਕੇ ਮਾਰਨ ਵਾਲੇ ਕ੍ਰਿਕਟਰ ਉਸ ਤੋਂ ਕਿਤੇ ਵੱਧ ਪ੍ਰਸਿੱਧੀ ਅਤੇ ਮਾਇਆ ਖੱਟ ਗਏ। ਨਵਦੀਪ ਸਿੰਘ ਨੇ ਚੰਗਾ ਕੀਤਾ, ਜੋ ਬਿਆਸੀ ਸਾਲਾਂ ਦੇ ਡਿਕਾਥਲੀਟ ਦੀ ਜਿਊਂਦੇ ਜੀਅ ਜੀਵਨ ਗਾਥਾ ਲਿਖ ਦਿੱਤੀ।

ਗੁਰਬਚਨ ਮੈਥੋਂ ਇੱਕ ਸਾਲ ਵੱਡਾ ਹੈ। ਉਹਦਾ ਜਨਮ ਜੂਨ 1939, ਨੰਗਲੀ, ਜ਼ਿਲਾ ਅੰਮ੍ਰਿਤਸਰ ਵਿੱਚ ਹੋਇਆ ਸੀ। ਮੈਂ ਉਹਨੂੰ 1962 ਤੋਂ ਜਾਣਦਾ ਹਾਂ। ਪਚਵੰਜਾ ਸਾਲ ਪਹਿਲਾਂ ਮੈਂ ਉਹਦਾ ਸ਼ਬਦ ਚਿੱਤਰ ਲਿਖਿਆ ਸੀ 'ਮੁੜ੍ਹਕੇ ਦਾ ਮੋਤੀ'। ਅੰਗਰੇਜ਼ੀ ਵਿੱਚ ਉਹਦੀ ਜੀਵਨੀ ਲਿਖਣ ਵਾਲੇ ਪੱਤਰਕਾਰ ਜੀ. ਰਾਜਾਰਮਨ ਨੇ ਆਪਣੀ ਪੁਸਤਕ ਦਾ ਨਾਂਅ ਰੱਖਿਆ ਸੀ 'ਆਊਟਸਪੋਕਨ ਓਲੰਪੀਅਨ'। ਗੁਰਬਚਨ ਸਿੰਘ ਦੀ ਚਿਰੋਕਣੀ ਇੱਛਾ ਸੀ ਕਿ ਉਹਦੀ ਜੀਵਨੀ ਮਾਂ ਬੋਲੀ ਪੰਜਾਬੀ ਵਿੱਚ ਵੀ ਲਿਖੀ ਜਾਵੇ। ਨਵਦੀਪ ਨੇ ਗੁਰਬਚਨ ਦੀ ਗਾਥਾ ਪੰਜਾਬੀ ਵਿੱਚ ਲਿਖ ਕੇ ਉਹਦੀ ਇੱਛਾ ਪੂਰੀ ਕਰ ਦਿੱਤੀ ਤੇ ਮੇਰਾ ਵੀ ਉਲਾਂਭਾ ਲਾਹ ਦਿੱਤਾ। ਮੈਨੂੰ ਯਾਦ ਹੈ 'ਮੁੜ੍ਹਕੇ ਦਾ ਮੋਤੀ' 'ਆਰਸੀ' ਵਿੱਚ ਛਪਣ ਪਿੱਛੋਂ 'ਆਰਸੀ' ਵਿੱਚ ਖਿਡਾਰੀਆਂ ਦੇ ਸ਼ਬਦ ਚਿੱਤਰਣ ਛਪਣ ਦੀ ਲਾਮਡੋਰੀ ਲੱਗ ਗਈ ਸੀ। ਕਦੇ ਧਰਤੀ-ਧੱਕ, ਅੱਗ ਦੀ ਨਾਲ, ਅਲਸੀ ਦਾ ਫੁੱਲ, ਸ਼ਹਿਦ ਦਾ ਘੁੱਟ, ਕਲਹਿਰੀ ਮੋਰ, ਪੌਣ ਦਾ ਹਾਣੀ, ਪੱਤੋ ਵਾਲਾ, ਦੌੜ ਦਾ ਬਾਦਸ਼ਹ, ਦਲਾਂ ਦਾ ਮੋਹਰੀ, ਹੀਰਾ ਹਿਰਨ, ਜੰਗਲੀ ਮੋਰ ਤੇ ਕਦੇ ਗੁਰੂ ਨਾਨਕ ਦਾ ਗਰਾਈਂ। ਉਦੋਂ ਵਰਿਆਮ ਸਿੰਘ ਸੰਧੂ ਵਰਗੇ ਨਵੇਂ ਉਠਦੇ ਲੇਖਕ ਆਏ ਮਹੀਨੇ ਬਸ ਚੜ੍ਹਦੇ ਅਤੇ ਅੰਬਰਸਰੋਂ ਨਵਾਂ 'ਆਰਸੀ' ਖਰੀਦ ਕੇ ਲਿਆਉਂਦੇ।

ਗੁਰਬਚਨ ਦੀ ਗੱਲ ਕਰਦਿਆਂ ਮੈਨੂੰ ਨਵੀਂ ਦਿੱਲੀ ਦਾ ਨੈਸ਼ਨਲ ਸਟੇਡੀਅਮ ਯਾਦ ਆ ਗਿਆ ਹੈ। ਅਸੀਂ ਦਿੱਲੀ ਯੂਨੀਵਰਸਿਟੀ ਦੇ ਅਥਲੀਟ ਹਫਤੇ ਵਿੱਚ ਇੱਕ ਦੋ ਵਾਰ ਨੈਸ਼ਨਲ ਸਟੇਡੀਅਮ ਵਿੱਚ ਪ੍ਰੈਕਟਿਸ ਕਰਨ ਜਾਂਦੇ ਸਾਂ। 1962 ਵਿੱਚ ਜਕਾਰਤਾ ਦੀਆਂ ਏਸ਼ੀਆਈ ਖੇਡਾਂ ਲਈ ਭਾਰਤ ਦੇ ਚੋਣਵੇਂ ਅਥਲੀਟਾਂ ਦਾ ਕੋਚਿੰਗ ਕੈਂਪ ਉਥੇ ਹੀ ਲੱਗਾ ਸੀ। ਉਸੇ ਕੋਚਿੰਗ ਕੈਂਪ ਵਿੱਚ ਮੇਰਾ ਪਹਿਲੀ ਵਾਰ ਇੰਡੀਆ ਦੇ ਸਟਾਰ ਅਥਲੀਟਾਂ ਨੂੰ ਮਿਲਣ ਦਾ ਸਬੱਬ ਬਣਿਆ ਜਿੱਥੋਂ ਮੈਂ ਖੇਡਾਂ ਤੇ ਖਿਡਾਰੀਆਂ ਬਾਰੇ ਲਿਖਣ ਲਈ ਪ੍ਰੇਰਿਆ ਗਿਆ। ਉਥੇ ਗੁਰਬਚਨ ਨੂੰ ਲੱਤ ਚੁੱਕ ਕੇ ਤਾੜੀ ਮਾਰਦਾ ਤੇ ਖਿੜ-ਖਿੜ ਹੱਸਦਾ ਮੈਂ ਪਹਿਲੀ ਵਾਰ ਵੇਖਿਆ ਸੀ। ਸਾਲ 1966 ਵਿੱਚ ਮੈਂ ਖਬਰ ਪੜ੍ਹੀ ਕਿ ਐੱਨ ਆਈ ਐੱਸ ਪਟਿਆਲੇ ਕਿੰਗਸਟਨ ਦੀਆਂ ਕਾਮਨਵੈੱਲਥ ਖੇਡਾਂ ਲਈ ਅਥਲੀਟਾਂ ਦਾ ਕੋਚਿੰਗ ਕੈਂਪ ਲੱਗਾ ਹੈ। ਉਨ੍ਹੀਂ ਦਿਨੀਂ ਗਾਰਗੀ ਦੀ ਪੁਸਤਕ 'ਨਿੰਮ ਦੇ ਪੱਤੇ' ਛਪੀ ਸੀ। ਉਸ ਵਿਚਲੇ ਲੇਖਕਾਂ ਦੇ ਰੇਖਾ ਚਿੱਤਰਾਂ ਨੇ ਮੈਨੂੰ ਖਿਡਾਰੀਆਂ ਦੇ ਰੇਖਾ ਚਿੱਤਰ ਲਿਖਣ ਨੂੰ ਟੁੰਬ ਦਿੱਤਾ ਸੀ। ਖਬਰ ਪੜ੍ਹ ਕੇ ਮੇਰੇ ਮਨ ਵਿੱਚ ਆਈ ਕਿ ਕੋਚਿੰਗ ਕੈਂਪ ਵਿੱਚ 'ਕੱਠੇ ਹੋਏ ਨਾਮੀ ਅਥਲੀਟਾਂ ਨਾਲ ਮੇਲ ਮਿਲਾਪ ਦਾ ਸੁਨਹਿਰੀ ਮੌਕਾ ਹੈ ਤੇ ਮੈਂ ਪਟਿਆਲੇ ਚਲਾ ਗਿਆ।

ਇੱਕ ਸ਼ਾਮ ਟਰੈਕ ਦੀਆਂ ਪੌੜੀਆਂ ਉੱਤੇ ਬੈਠਾ ਕੁਝ ਨੋਟ ਕਰ ਰਿਹਾ ਸੀ ਕਿ ਨੇੜੇ ਹੀ ਇਕੱਠੇ ਹੋਏ ਅਥਲੀਟ ਗੱਲਾਂ ਕਰਨ ਲੱਗੇ। ਅਜਮੇਰ ਮਸਤ ਕਹਿਣ ਲੱਗਾ, "ਉਹ ਜਿਹੜਾ ...ਜਿਹਾ ਅਫਸਰ ਐ ਨਾ, ਟੁੱਟੇ ਜੇ ਲੱਕ ਆਲਾ, ਸਫਰ ਥਰਡ ਕਲਾਸ ਵਿੱਚ ਕਰਦਾ, ਟੀ ਏ ਫਸਟ ਕਲਾਸ ਦਾ ਲੈਂਦਾ। ਸਾਨੂੰ ਪਾਈਆ ਦੁੱਧ ਵਧਾਉਂਦੇ ਦੀ ਜਾਨ ਨਿਕਲਦੀ ਆ।" ਮੇਰੀ ਡਾਇਰੀ ਖੋਲ੍ਹੀ ਹੋਈ ਸੀ। ਗੁਰਬਚਨ ਰੰਧਾਵੇ ਦੀ ਨਿਗ੍ਹਾ ਮੇਰੇ ਉੱਤੇ ਪਈ ਤਾਂ ਉੱਚੀ ਦੇਣੀ ਬੋਲਿਆ, "ਵੀਰਾ ਕਿਤੇ ਇਹ ਨਾ ਲਿਖ ਦੇਈਂ। ਅਸੀਂ ਤਾਂ ਹੱਸਦੇ ਆਂ, ਅਫਸਰ ਚੰਗੇ ਆ, ਹੋਰ ਨਾ ਕਿਤੇ ਪਾਈਏ ਦੁੱਧ ਤੋਂ ਵੀ ਜਾਈਏ।" ਮੈਂ ਸਭ ਤੋਂ ਪਹਿਲਾਂ ਗੁਰਬਚਨ ਸਿੰਘ ਦਾ ਸ਼ਬਦ ਚਿੱਤਰ ਉਲੀਕਿਆ, ਜੋ ਉਸ ਸਮੇਂ ਏਸ਼ੀਆ ਦਾ ਬੈਸਟ ਅਥਲੀਟ ਸੀ। ਉਹ ਡਿਕਾਥਲੋਨ ਦਾ ਏਸ਼ੀਆ ਚੈਂਪੀਅਨ ਸੀ ਅਤੇ ਹਰਡਲਾਂ ਦੀ ਦੌੜ ਵਿੱਚੋਂ ਟੋਕੀਓ ਦੀਆਂ ਓਲੰਪਿਕ ਖੇਡਾਂ ਵਿੱਚੋਂ ਪੰਜਵੇਂ ਨੰਬਰ ਉੱਤੇ ਆਇਆ ਸੀ।

ਸਕੂਲ ਵਿੱਚ ਉਹ ਵਾਲੀਬਾਲ ਖੇਡਣ ਲੱਗਾ ਸੀ। ਇੱਕ ਦਿਨ ਉਸ ਨੂੰ ਪੀ ਟੀ ਮਾਸਟਰ ਨੇ ਬੈਡਮਿੰਟਨ ਦਾ ਨੈੱਟ ਟੱਪਦਿਆਂ ਵੇਖਿਆ ਤਾਂ ਉਸ ਤੋਂ ਉੱਚੀਆਂ ਛਾਲਾਂ ਲੁਆਉਣ ਲੱਗਾ। ਫਿਰ ਉਹ ਵੱਡੇ ਭਰਾ ਹਰਭਜਨ ਸਿੰਘ ਨਾਲ ਖਾਲਸਾ ਕਾਲਜ ਅੰਮ੍ਰਿਤਸਰ ਦਾਖਲ ਹੋ ਗਿਆ, ਜਿੱਥੇ ਯੂਨੀਵਰਸਿਟੀ ਦਾ ਚੈਂਪੀਅਨ ਬਣਦਾ ਪੰਜਾਬ ਚੈਂਪੀਅਨ ਬਣ ਗਿਆ ਤੇ ਸੈਂਟਰਲ ਰਿਜ਼ਰਵ ਪੁਲਸ ਵਿੱਚ ਭਰਤੀ ਹੋ ਗਿਆ।

ਕੋਚਿੰਗ ਕੈਂਪ ਵਿੱਚ ਗੱਲਾਂ ਚੱਲੀਆਂ, "ਡਿਸਕਸ ਥਰੋਅਰ ਬਲਦੇਵ ਦੁੱਧ ਦੀ ਬਾਲਟੀ ਪੀ ਗਿਆ। ਪ੍ਰਦੁੱਮਣ ਸਾਬਤਾ ਬੱਕਰਾ ਖਾ ਗਿਆ। ਪਰਵੀਨ ਰੂਹ ਅਫਜ਼ੇ ਦੀ ਬੋਤਲ ਘੜੇ ਵਿੱਚ ਘੋਲ ਕੇ ਇੱਕੋ ਚਿੱਘੀ ਪੀ ਗਿਆ। ਸ਼ਾਟਪੁੱਟਰ ਜੋਗੀ ਸਾਰਿਆਂ ਦੀ ਰੈਫਰੈਸ਼ਮੈਂਟ ਸਮੇਟ ਗਿਆ। ਬਾਬਾ ਗੁਰਦੀਪ ਮੀਟ ਦਾ ਦੇਗਾ ਚਟਮ ਕਰ ਗਿਆ। ਗੁਰਬਚਨ ਕਹਿਣ ਲੱਗਾ- "ਹੋਰ ਥਰੋਅਰਾਂ ਨੇ ਕੀ ਕਰਨਾ ਸੀ? ਕਿਸੇ ਦੀ ਕੱਟੀ ਚੁੰਘ ਲਈ, ਕਿਸੇ ਦੀ ਵੱਛੀ। ਏਨਾ ਸ਼ੁਕਰ ਆ ਪਈ ਅਜੇ ਤੱਕ ਇਨ੍ਹਾਂ ਕੋਈ ਬੰਦਾ ਨੀ ਖਾਧਾ।"

ਗੁਰਬਚਨ ਨੂੰ ਕਿਤਾਬਾਂ ਪੜ੍ਹਨ ਦਾ ਵੀ ਸ਼ੌਕ ਹੈ। ਸਫਰ ਦੌਰਾਨ ਇੱਕ ਦੋ ਕਿਤਾਬਾਂ ਹਮੇਸ਼ਾ ਉਸ ਕੋਲ ਹੁੰਦੀਆਂ ਹਨ। ਉਸ ਨੂੰ ਸ਼ਿਕਾਰ ਖੇਡਣ ਤੇ ਫੋਟੋਗਰਾਫੀ ਦਾ ਵੀ ਸ਼ੌਕ ਹੈ। ਕਿਤਾਬਾਂ ਪੜ੍ਹਦਿਆਂ ਉਹ ਮਨਭਾਉਂਦੀਆਂ ਸਤਰਾਂ ਹੇਠ ਲਕੀਰਾਂ ਲਾ ਲੈਂਦਾ ਹੈ। ਕਾਰਨ ਪੁੱਛਿਆ ਤਾਂ ਕਹਿੰਦਾ, "ਇਹ ਚਿੱਠੀਆਂ ਲਿਖਣ ਦੇ ਕੰਮ ਆਉਂਦੀਆਂ ਨੇ।" ਉਹ ਕਹਿੰਦਾ ਹੁੰਦਾ ਸੀ, "ਸਾਡੇ ਅੱਜ ਦੇ ਰਿਕਾਰਡ ਆਉਣ ਵਾਲੇ ਅਥਲੀਟਾਂ ਦੇ ਮੁੱਢਲੇ ਸਟੈਂਡਰਡ ਹੋਣਗੇ। ਬੰਦੇ ਦੀ ਤਾਕਤ ਦਾ ਕੋਈ ਸਿਰਾ ਨਹੀਂ। ਮੇਰਾ ਯਕੀਨ ਆ ਪੰਜਾਬ ਦੇ ਅਥਲੀਟ ਕਿਸੇ ਦਿਨ ਦੁਨੀਆ ਦਾ ਜੇਤੂ ਬਣਨਗੇ।" ਉਸ ਦੀ ਭਵਿੱਖਬਾਣੀ ਅਜੇ ਸੱਚੀ ਨਹੀਂ ਹੋਈ, ਪਰ ਇਹ ਸੱਚ ਹੈ ਕਿ ਉਸ ਦੇ ਪਿਤਾ ਟਹਿਲ ਸਿੰਘ ਦਾ ਰਿਕਾਰਡ ਪੁੱਤਰ ਗੁਰਬਚਨ ਨੇ ਤੋੜਿਆ ਅਤੇ ਪੁੱਤਰ ਦਾ ਪੋਤਰੇ ਰਣਜੀਤ ਨੇ ਮਾਤ ਪਾਇਆ।

ਗੋਲਾ ਸੁੱਟਣ ਵਿੱਚ ਏਸ਼ੀਆ ਦਾ ਚੈਂਪੀਅਨ ਜੋਗਿੰਦਰ ਜੋਗੀ ਮੇਜਰ ਵਜੋਂ ਸੇਵਾਮੁਕਤ ਹੋਇਆ ਤਾਂ ਦਿੱਲੀ ਵਿੱਚ ਘਰ ਬਣਾਉਣ ਲੱਗਾ। ਗੁਰਬਚਨ ਉਦੋਂ ਆਸਾਮ ਵਿੱਚ ਸੀ। ਅਚਾਨਕ ਅਸੀਂ ਨਹਿਰੂ ਸਟੇਡੀਅਮ ਦਿੱਲੀ ਵਿੱਚ ਇਕੱਠੇ ਹੋਏ। ਗੁਹਾਟੀ ਤੋਂ ਗੁਰਬਚਨ ਰੰਧਾਵਾ ਪਹੁੰਚ ਗਿਆ ਤੇ ਬੰਬਈ ਤੋਂ ਮਹਾਭਾਰਤ ਦਾ ਭੀਮ ਬਣਿਆ ਪ੍ਰਵੀਨ ਕੁਮਾਰ, ਜੋ ਡਿਸਕਸ ਥ੍ਰੋਅ ਦਾ ਏਸ਼ੀਆ ਚੈਂਪੀਅਨ ਸੀ। ਪ੍ਰੋਗਰਾਮ ਬਣ ਗਿਆ, ਜੋਗੀ ਦੇ ਨਵੇਂ ਘਰ ਦੀ ਚੱਠ ਕੀਤੀ ਜਾਵੇ। ਰੰਧਾਵਾ ਉਦੋਂ ਸੀ ਆਰ ਪੀ ਐਫ ਦਾ ਕਮਾਂਡੈਂਟ ਸੀ। ਮੈਂ ਉਹਦੇ ਨਾਲ ਜੀਪ ਵਿਚ ਬਹਿ ਗਿਆ ਤੇ ਜੋਗਿੰਦਰ ਜੋਗੀ ਰੋਡੇ ਜੇ ਸਕੂਟਰ 'ਤੇ ਅੱਗੇ ਚੱਲ ਪਿਆ। ਰਾਹ ਵਿੱਚ ਬੁੱਢੇ ਸਕੂਟਰ ਦਾ ਸਾਹ ਚੜ੍ਹ ਗਿਆ। ਅਸੀਂ ਬਰਾਬਰ ਆਏ ਤਾਂ ਪਾੜਛਾ ਲਾਹੀ ਬੈਠਾ ਸੀ। ਰੰਧਾਵੇ ਨੇ ਸੁਖਨ ਅਲਾਇਆ, 'ਤੈਨੂੰ ਵੀਹ ਵਾਰ ਕਿਹਾ, ਏਸ ਮਾਮੇ ਨੂੰ ਸੁੱਟ ਪਰ੍ਹੇ ਕਬਾੜੀਆਂ ਦੇ। ਰੋ ਬੈਠਾ ਇਹਦੇ ਜਣਦਿਆਂ ਨੂੰ।' ਜੋਗਿੰਦਰ ਪੁਰਜ਼ੇ ਟੋਂਹਦਾ ਬੋਲਿਆ, "ਅੱਗੇ ਤੋਂ ਭੰਬੀਰੀ ਬਣਿਆ ਫਿਰਦਾ ਸੀ, ਅੱਜ ਪਤਾ ਨੀਂ ਥੋਡੇ ਵਿੱਚੋਂ ਕੀਹਦੀ ਨਜ਼ਰ ਲੱਗ-ਗੀ।" ਜਦੋਂ ਜੋਗਿੰਦਰ ਦੇ ਘਰ ਪੁੱਜੇ ਤਾਂ ਪਰਵੀਨ ਵੀ ਆ ਗਿਆ। ਛੇ ਫੁੱਟ ਸੱਤ ਇੰਚ ਉੱਚਾ ਪਰਵੀਨ, ਘਰ ਦੇ ਦਰਵਾਜ਼ਿਆਂ ਵਿੱਚ ਦੀ ਲੰਘਦਾ ਕਹੀ ਜਾਵੇ, "ਆਹ ਹੋਏ ਨਾ ਦਰਵਾਜ਼ੇ। ਅਸੀਂ ਵੀ ਧੌਣ ਸਿੱਧੀ ਕਰ ਕੇ ਲੰਘੀ ਜਾਨੇ ਆਂ।" ਕੱਦ ਜੋਗਿੰਦਰ ਦਾ ਵੇ ਛੇ ਫੁੱਟ ਪੰਜ ਇੰਚ ਸੀ। ਅੰਦਰ ਲੰਮੇ ਚੌੜੇ ਪਲੰਘਾਂ ਉਤੇ ਮਹਿਫਲ ਜੰਮੀ ਤਾਂ ਪੁਰਾਣੀਆਂ ਯਾਦਾਂ ਤਾਜ਼ਾ ਹੋਣ ਲੱਗੀਆਂ ਤੇ ਹਾਸੇ ਦੇ ਫੁਹਾਰੇ ਚੱਲਣ ਲੱਗੇ। ਜਦੋਂ ਗੱਲਾਂ ਰੁਮਾਂਟਿਕ ਹੋਈਆਂ ਤਾਂ ਜੋਗਿੰਦਰ ਕਹਿਣ ਲੱਗਾ, "ਓਏ ਹੌਲੀ ਬੋਲੋ, ਕਿਤੇ ਮੈਨੂੰ ਘਰੋਂ ਤਾਂ ਨੀ ਕਢਾਉਣਾ?"

ਮਿਲਖਾ ਸਿੰਘ ਓਲੰਪਿਕ ਖੇਡਾਂ ਵਿੱਚ ਚੌਥੇ ਨੰਬਰ ਉੱਤੇ ਆਇਆ ਸੀ ਤੇ ਗੁਰਬਚਨ ਸਿੰਘ ਪੰਜਵੇਂ ਨੰਬਰ ਉੱਤੇ। ਦੋਹੇਂ ਦੌੜਾਕ ਪੰਜਾਬ ਦਾ ਮਾਣ ਰਹੇ ਅਤੇ ਭਾਰਤ ਦੀ ਸ਼ਾਨ। ਜੁਗ-ਜੁਗ ਜੀਵੇ ਸਾਡਾ ਉੱਡਣਾ ਬਾਜ਼ ਗੁਰਬਚਨ ਰੰਧਾਵਾ ਤੇ ਜੁਗ-ਜੁਗ ਜੀਵੇ ਸਾਡਾ ਹੋਣਹਾਰ ਖੇਡ ਲੇਖਕ ਨਵਦੀਪ ਗਿੱਲ।




# ਮਾਨ ਸਰਕਾਰ ਬੁੱਢੇ ਨਾਲੇ ਦੀ ਤਰਜ਼ 'ਤੇ ਤਿਆਰ ਕਰੇਗੀ ਤੁੰਗ ਢਾਬ ਡਰੇਨ ਨੂੰ ਪ੍ਰਦੂਸ਼ਣ-ਮੁਕਤ ਕਰਨ ਦਾ ਪ੍ਰਾਜੈਕਟ

***ਪ੍ਰਾਜੈਕਟ ਨੇਪਰੇ ਚਾੜ੍ਹਨ ਲਈ ਮੁਕਾਮੀ ਲੋੜਾਂ ਦੀ ਪੂਰਤੀ ਲਈ ਜ਼ਿਲ੍ਹਾ ਪੱਧਰੀ ਸਾਂਝੀ ਕਮੇਟੀ ਬਣਾਉਣ ਦੇ ਨਿਰਦੇਸ਼**

ਚੰਡੀਗੜ੍ਹ, 24 ਨਵੰਬਰ (ਪੋਸਟ ਬਿਊਰੋ): ਪੰਜਾਬ ਸਰਕਾਰ ਨੇ ਫ਼ੈਸਲਾ ਕੀਤਾ ਹੈ ਕਿ ਬੁੱਢੇ ਨਾਲੇ ਦੀ ਤਰਜ਼ 'ਤੇ ਅੰਮ੍ਰਿਤਸਰ ਦੀ ਤੁੰਗ ਢਾਬ ਡਰੇਨ ਨੂੰ ਪ੍ਰਦੂਸ਼ਣ ਮੁਕਤ ਕਰਨ ਦਾ ਪ੍ਰਾਜੈਕਟ ਉਲੀਕਿਆ ਜਾਵੇਗਾ।

ਡਰੇਨ ਨੂੰ ਪ੍ਰਦੂਸ਼ਣ ਮੁਕਤ ਕਰਕੇ ਇਸ ਦੇ ਸੁੰਦਰੀਕਰਨ ਲਈ ਪ੍ਰਾਜੈਕਟ ਉਲੀਕਣ ਸਬੰਧੀ ਅਹਿਮ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸਥਾਨਕ ਸਰਕਾਰਾਂ ਬਾਰੇ ਮੰਤਰੀ ਡਾ. ਇੰਦਰਬੀਰ ਸਿੰਘ ਨਿੱਜਰ ਨੇ ਕਿਹਾ ਕਿ ਸੂਬੇ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਇੱਥੋਂ ਦੇ ਦਰਿਆਵਾਂ, ਨਦੀਆਂ ਅਤੇ ਮੌਸਮੀ ਨਾਲਿਆਂ ਦੀ ਸਾਫ਼-ਸਫ਼ਾਈ ਵੱਲ ਉਚੇਚਾ ਧਿਆਨ ਦਿੱਤਾ ਜਾਣਾ ਸਮੇਂ ਦੀ ਲੋੜ ਹੈ।

ਡਾ. ਨਿੱਜਰ ਨੇ ਡਰੇਨ ਦੀ ਸਫ਼ਾਈ ਲਈ ਗਠਿਤ ਸ਼ਹਿਰੀ ਤੇ ਪੇਂਡੂ ਖੇਤਰ ਦੀਆਂ ਕਮੇਟੀਆਂ ਨਾਲ ਮੀਟਿੰਗ ਦੌਰਾਨ ਤੁੰਗ ਢਾਬ ਡਰੇਨ ਨੂੰ ਸਾਫ਼ ਕਰਨ ਲਈ ਵੱਖ-ਵੱਖ ਪਹਿਲੂਆਂ 'ਤੇ ਧਿਆਨ ਕੇਂਦਰਿਤ ਕਰਦਿਆਂ ਕਿਹਾ ਕਿ ਇਸ ਪ੍ਰਾਜੈਕਟ ਨੂੰ ਤਿੰਨ ਹਿੱਸਿਆਂ 'ਚ ਵੰਡ ਕੇ ਸਨਅਤੀ, ਡੇਅਰੀ ਅਤੇ ਘਰੇਲੂ ਵੇਸਟ ਨੂੰ ਵੱਖੋ-ਵੱਖ ਟਰੀਟ ਕਰਕੇ ਹੀ ਡਰੇਨ ਦੀ ਸਫ਼ਾਈ ਯਕੀਨੀ ਬਣਾਈ ਜਾ ਸਕਦੀ ਹੈ।

ਅਧਿਕਾਰੀਆਂ ਨੇ ਕੈਬਨਿਟ ਮੰਤਰੀ ਨੂੰ ਦੱਸਿਆ ਕਿ ਸ਼ਹਿਰ ਵਿੱਚੋਂ ਲੰਘਦੀ ਕੁੱਲ 20 ਕਿਲੋਮੀਟਰ ਲੰਮੀ ਇਸ ਡਰੇਨ 'ਚ 39 ਸਨਅਤਾਂ ਮੌਜੂਦ ਹਨ, ਜਿਨ੍ਹਾਂ ਵਿੱਚੋਂ 19 ਪ੍ਰਦੂਸ਼ਤ ਪਾਣੀ ਵਾਲੀਆਂ ਸਨਅਤਾਂ ਹਨ ਅਤੇ ਇਨ੍ਹਾਂ ਦਾ



28 ਐਮ.ਐਲ.ਡੀ. ਸਨਅਤੀ ਵੇਸਟ ਪਾਣੀ ਤੁੰਗ ਡਰੇਨ ਵਿੱਚ ਪੈ ਰਿਹਾ ਹੈ। ਇਸੇ ਤਰ੍ਹਾਂ 17 ਪਿੰਡਾਂ ਦਾ ਘਰੇਲੂ ਸੀਵਰੇਜ ਡਰੇਨ ਵਿੱਚ ਡਿੱਗ ਰਿਹਾ ਹੈ। ਇਸ ਤੋਂ ਇਲਾਵਾ 176 ਡੇਅਰੀਆਂ 'ਚੋਂ ਪਸ਼ੂਆਂ ਦਾ ਗੋਹਾ ਅਤੇ ਹੋਰ ਰਹਿੰਦ-ਖੂੰਹਦ, ਜੋ ਕਰੀਬ 550 ਕੇ.ਐਲ.ਡੀ. ਬਣਦਾ ਹੈ, ਤੁੰਗ ਡਰੇਨ ਵਿੱਚ ਸੁੱਟਿਆ ਜਾ ਰਿਹਾ ਹੈ।

ਡਾ. ਨਿੱਜਰ ਨੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜ਼ਹਿਰੀਲੇ ਕੈਮੀਕਲ ਵਾਲੀ ਸਨਅਤੀ ਵੇਸਟ ਨੂੰ ਡਰੇਨ 'ਚ ਪੈਣ ਤੋਂ ਸਖ਼ਤੀ ਨਾਲ ਰੋਕਿਆ ਜਾਵੇ ਅਤੇ ਸਨਅਤਾਂ ਦੀ ਨਿਰੰਤਰ ਚੈਕਿੰਗ ਯਕੀਨੀ ਬਣਾਈ ਜਾਵੇ। ਸਥਾਨਕ ਸਰਕਾਰਾਂ ਬਾਰੇ ਮੰਤਰੀ ਨੇ ਡੇਅਰੀਆਂ ਦੀ ਵੇਸਟ ਡਰੇਨ 'ਚ ਪੈਣ ਤੋਂ ਰੋਕਣ ਲਈ ਨਗਰ ਨਿਗਮ ਅਤੇ ਪੇਂਡੂ ਵਿਕਾਸ ਵਿਭਾਗ ਦੇ ਅਧਿਕਾਰੀਆਂ ਨੂੰ ਡੇਅਰੀਆਂ ਤੋਂ ਗੋਹਾ ਤੇ ਹੋਰ ਵੇਸਟ ਇਕੱਤਰ ਕਰਨ ਦੀ ਹਦਾਇਤ ਕੀਤੀ। ਉਨ੍ਹਾਂ ਕਿਹਾ ਕਿ ਇਸ ਦੇ ਨਾਲ ਬਾਇਓ-ਗੈਸ ਪਲਾਂਟ ਲਾਉਣ ਲਈ ਤਜਵੀਜ਼ ਵੀ ਬਣਾਈ ਜਾਵੇ ਤਾਂ ਜੋ ਡੇਅਰੀਆਂ 'ਚੋਂ ਗੋਹਾ ਤੇ ਹੋਰ ਵੇਸਟ ਤੋਂ ਗੈਸ ਪੈਦਾ ਕਰਕੇ ਇਸ ਦੀ ਘਰੇਲੂ ਵਰਤੋਂ ਯਕੀਨੀ ਬਣਾਈ ਜਾ ਸਕੇ।

ਮੰਤਰੀ ਨੇ ਡਰੇਨੇਜ ਵਿਭਾਗ ਦੇ ਅਧਿਕਾਰੀਆਂ ਨੂੰ ਡਰੇਨ ਵਿੱਚ ਸਾਫ਼ ਪਾਣੀ ਛੱਡਣ ਲਈ ਛੇਤੀ ਤੋਂ ਛੇਤੀ ਤਜਵੀਜ਼ ਦੇਣ ਦੇ ਨਿਰਦੇਸ਼ ਦਿੰਦਿਆਂ ਆਖਿਆ ਕਿ ਇਹ ਵਿਧੀ ਡਰੇਨ ਦੀ ਸਫ਼ਾਈ ਨੂੰ ਪ੍ਰਦੂਸ਼ਣ-ਮੁਕਤ ਕਰਨ ਲਈ ਕਾਰਗਰ ਸਾਬਤ ਹੋਵੇਗੀ। ਉਨ੍ਹਾਂ ਸਥਾਨਕ ਸਰਕਾਰਾਂ ਵਿਭਾਗ ਦੇ ਸਕੱਤਰ ਨੂੰ ਡਰੇਨ ਦੇ ਸਫ਼ਾਈ ਸਬੰਧੀ ਪ੍ਰਾਜੈਕਟ ਨੂੰ ਨੇਪਰੇ ਚਾੜ੍ਹਨ ਲਈ ਮੁਕਾਮੀ ਲੋੜਾਂ ਦੀ ਪੂਰਤੀ ਅਤੇ ਸਮੱਸਿਆਵਾਂ ਦੇ ਹੱਲ ਲਈ ਜ਼ਿਲ੍ਹਾ ਪੱਧਰੀ ਸਾਂਝੀ ਕਮੇਟੀ ਬਣਾਉਣ ਦੇ ਨਿਰਦੇਸ਼ ਵੀ ਦਿੱਤੇ।

# ਅਕਾਲੀ ਦਲ ਚੰਡੀਗੜ੍ਹ ਦਾ ਇੱਕ ਇੰਚ ਵੀ ਹਰਿਆਣਾ ਨੂੰ ਨਹੀਂ ਦੇਣ ਦੇਵੇਗਾ

*** ਪੰਜਾਬ ਦਾ ਕੋਈ ਵਾਲੀ ਵਾਰਿਸ ਨਹੀਂ, ਲੋਕਾਂ ਵਿਚ ਦਹਿਸ਼ਤ ਦਾ ਮਾਹੌਲ : ਚੰਦੂਮਾਜਰਾ**

ਚੰਡੀਗੜ੍ਹ, 24 ਨਵੰਬਰ (ਪੋਸਟ ਬਿਊਰੋ): ਸ਼੍ਰੋਮਣੀ ਅਕਾਲੀ ਦਲ ਨੇ ਅੱਜ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ’ਤੇ ਦੋਸ਼ ਲਾਇਆ ਕਿ ਉਹ ਕੇਂਦਰ ਸਰਕਾਰ ਤੇ ਹਰਿਆਣਾ ਸਰਕਾਰ ਨਾਲ ਰਲ ਕੇ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ’ਤੇ ਇਸਦੇ ਕਾਨੂੰਨੀ ਤੇ ਸੰਵਿਧਾਨਕ ਹੱਕ ਨੂੰ ਖੋਰ੍ਹਾ ਲਾਉਣ ਲਈ ਕੰਮ ਕਰ ਰਹੀ ਹੈ।

ਕੇਂਦਰ ਸਰਕਾਰ ਵੱਲੋਂ ਚੰਡੀਗੜ੍ਹ ਵਿਚ ਇਕ ਥਾਂ ਹਰਿਆਣਾ ਨੂੰ ਵੱਖਰੀ ਵਿਧਾਨ ਸਭਾ ਲਈ ਬਦਲਵੇਂ ਤੌਰ ’ਤੇ ਦੇਣ ਦੀ ਕੇਂਦਰ ਦੀ ਤਜਵੀਜ਼ ਦਾ ਜ਼ੋਰਦਾਰ ਵਿਰੋਧ ਕਰਦਿਆਂ ਪਾਰਟੀ ਨੇ ਕਿਹਾ ਕਿ ਚੰਡੀਗੜ੍ਹ ਦੀ ਇਕ ਇੰਚ ਥਾਂ ਵੀ ਨਾ ਤਾਂ ਹਰਿਆਣਾ ਨੂੰ ਦੇਣ ਦਿੱਤੀ ਜਾਵੇਗੀ ਤੇ ਨਾ ਹੀ ਇਸਦਾ ਵਟਾਂਦਰਾ ਕਰਨ ਦਿੱਤਾ ਜਾਵੇਗਾ ਕਿਉਂਕਿ ਸਾਰੀ ਰਾਜਧਾਨੀ ਪੰਜਾਬ ਦੀ ਹੈ। ਇਹ ਗੱਲ ਸੰਸਦ ਦੇ ਦੋਵਾਂ ਸਦਨਾਂ ਨੇ ਵੀ ਮੰਨੀ ਹੈ ਤੇ ਸਮੇਂ ਦੀਆਂ ਕੇਂਦਰ ਸਰਕਾਰਾਂ ਨੇ ਵੀ ਮੰਨੀ ਹੈ। ਹਰਿਆਣਾ ਵੀ ਪੰਜਾਬ ਸਮਝੌਤੇ ਤਹਿਤ ਚੰਡੀਗੜ੍ਹ ਪੰਜਾਬ ਹਵਾਲੇ ਕਰਨ ਲਈ ਪਾਬੰਦ ਹੈ।

ਇਹ ਪ੍ਰਗਆਵਾ ਸੀਨੀਅਰ ਅਕਾਲੀ ਆਗੂ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਅੱਜ ਇਥੇ ਪਾਰਟੀ ਦੇ ਮੁੱਖ ਦਫਤਰ ਵਿਚ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕੀਤਾ। ਉਹਨਾਂ ਦੇ ਨਾਲ ਸੀਨੀਅਰ ਅਕਾਲੀ ਆਗੂ ਡਾ. ਦਲਜੀਤ ਸਿੰਘ ਚੀਮਾ, ਹੀਰਾ ਸਿੰਘ ਗਾਬੜੀਆ ਤੇ ਸਰਦਾਰ ਹਰਚਰਨ ਸਿੰਘ ਬੈਂਸ ਵੀ ਪ੍ਰੈਸ ਕਾਨਫਰੰਸ ਵਿਚ ਮੌਜੂਦ ਸਨ। ਇਹ ਪ੍ਰੈਸ ਕਾਨਫਰੰਸ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਹੇਠ ਹੋਈ ਪਾਰਟੀ ਦੇ ਸੀਨੀਅਰ ਆਗੂਆਂ ਦੀ ਮੀਟਿੰਗ ਤੋਂ ਬਾਅਦ ਕੀਤੀ ਗਈ। ਇਕ ਅਹਿਮ ਫੈਸਲਾ ਇਹ ਲਿਆ ਗਿਆ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਪਾਰਟੀ ਦਾ ਉੱਚ ਪੱਧਰੀ ਵਫਦ ਪੰਜਾਬ ਦੇ ਰਾਜਪਾਲ ਨਾਲ ਮੁਲਾਕਾਤ ਕਰੇਗਾ ਤੇ ਉਹਨਾਂ ਨੂੰ ਚੰਡੀਗੜ੍ਹ ਵਿਚ ਵੱਖਰੀ ਵਿਧਾਨ ਸਭਾ ਬਣਾਉਣ ਲਈ ਹਰਿਆਣਾ ਸਰਕਾਰਵੱਲੋਂ 10 ਏਕੜ ਥਾਂ ਅਲਾਟ ਕਰਨ ਦੀ ਕੀਤੀ ਮੰਗ ਰੱਦ ਕਰਨ ਦੀ ਅਪੀਲ ਕਰੇਗਾ।ਉਹਨਾਂ ਕਿਹਾ ਕਿ ਅਕਾਲੀ ਦਲ ਸ਼ਾਂਤੀਪੂਰਨ ਲੋਕ ਸੰਘਰਸ਼ ਛੇੜਨ ਅਤੇ ਕਾਨੂੰਨੀ ਵਿਕਲਪ ਵਿਚਾਰਨ ਸਮੇਤ ਸੂਬੇ ਦੇ ਹਿੱਤਾਂ ਦੀ ਰਾਖੀ ਵਾਸਤੇ ਹਰ ਚਾਰਾਜੋਈ ਕਰੇਗਾ।

ਪ੍ਰੋ. ਚੰਦੂਮਾਜਰਾ ਨੇ ਕਿਹਾ ਕਿ ਗੈਂਗਸਟਰਾਂ, ਹੱਤਿਆਰਿਆਂ ਤੇ ਲੁਟੇਰਿਆਂ ਕਾਰਨ ਪੰਜਾਬ ਦੇ ਲੋਕਾਂ ਵਿਚ ਦਹਿਸ਼ਤ ਦਾ ਮਾਹੌਲ ਹੈ।

# ਗੈਂਗਸਟਰ ਰਾਜਨ ਭੱਟੀ ਦੇ ਦੋ ਸਾਥੀ ਬਠਿੰਡਾ ਤੋਂ ਗ੍ਰਿਫ਼ਤਾਰ; ਦੋ ਨਜਾਇਜ਼ ਹਥਿਆਰ ਬਰਾਮਦ

ਚੰਡੀਗੜ੍ਹ, 24 ਨਵੰਬਰ (ਪੋਸਟ ਬਿਊਰੋ): ਪੰਜਾਬ ਪੁਲਿਸ ਨੇ ਬਠਿੰਡਾ ਦੀ ਸੁਸ਼ਾਂਤ ਸਿਟੀ ਵਿਖੇ ਛਾਪੇਮਾਰੀ ਦੌਰਾਨ ਗੈਂਗਸਟਰ ਰਾਜਨ ਭੱਟੀ ਦੇ ਦੋ ਸਾਥੀਆਂ ਨੂੰ ਗ੍ਰਿਫਤਾਰ ਕੀਤਾ ਹੈ। ਰਾਜਨ ਭੱਟੀ ਗੁਰਦਾਸਪੁਰ ਦੇ ਪਿੰਡ ਮੁਸਤਫਾਬਾਦ ਜੱਟਾਂ ਦਾ ਰਹਿਣ ਵਾਲਾ ਹੈ ਅਤੇ ਕੈਨੇਡਾ ਅਧਾਰਿਤ ਅੱਤਵਾਦੀ ਲਖਬੀਰ ਸਿੰਘ ਉਰਫ ਲੰਡਾ ਦਾ ਕਰੀਬੀ ਸਾਥੀ ਹੈ।

ਗ੍ਰਿਫ਼ਤਾਰ ਗਏ ਵਿਅਕਤੀਆਂ ਦੀ ਪਛਾਣ ਹਰਜਸਨੀਤ ਸਿੰਘ (32) ਵਾਸੀ ਪਿੰਡ ਕੋਟ ਸ਼ਮੀਰ, ਬਠਿੰਡਾ ਅਤੇ ਕਮਲਜੀਤ ਸਿੰਘ (26) ਵਾਸੀ ਪਿੰਡ ਗੁਲਾਬਗੜ੍ਹ, ਬਠਿੰਡਾ ਵਜੋਂ ਹੋਈ ਹੈ। ਪੁਲਸ ਨੇ ਇਨ੍ਹਾਂ ਦੇ ਕਬਜ਼ੇ 'ਚੋਂ .315 ਬੋਰ ਦੀ ਰਾਈਫਲ ਅਤੇ .30 ਬੋਰ ਦੀ ਸਟਾਰ ਮੇਕ ਪਿਸਤੌਲ ਸਮੇਤ ਗੋਲੀ ਸਿੱਕਾ ਵੀ ਬਰਾਮਦ ਕੀਤਾ।

ਵੇਰਵੇ ਦਿੰਦਿਆਂ ਏ.ਆਈ.ਜੀ. ਐਸ.ਐਸ.ਓ.ਸੀ. ਐਸ.ਏ.ਐਸ. ਅਸ਼ਵਨੀ ਕਪੂਰ ਨੇ ਦੱਸਿਆ ਕਿ ਸੂਬੇ ਵਿੱਚ ਅਮਨ-ਸ਼ਾਂਤੀ ਨੂੰ ਭੰਗ ਕਰਨ ਦੇ ਦੋਸ਼ ਵਿੱਚ ਲਖਬੀਰ ਲੰਡਾ ਖ਼ਿਲਾਫ਼ ਦਰਜ ਕੀਤੇ ਕੇਸ ਦੀ ਜਾਂਚ ਦੌਰਾਨ ਇੱਕ ਮੁਲਜ਼ਮ ਰਾਜਨ ਭੱਟੀ ਬਾਰੇ ਪਤਾ ਲੱਗਾ ਜੋ ਲਖਬੀਰ ਲੰਡਾ ਦੇ ਸਿੱਧੇ ਸੰਪਰਕ ਵਿੱਚ ਸੀ ਅਤੇ ਉਸ ਦੇ ਇਸ਼ਾਰੇ ’ਤੇ ਗੈਰ ਕਾਨੂੰਨੀ ਗਤੀਵਿਧੀਆਂ ਨੂੰ ਅੰਜਾਮ ਦਿੰਦਾ ਸੀ।

ਇਸ ਸਬੰਧੀ 23/08/2022 ਨੂੰ ਐਫ.ਆਈ.ਆਰ. ਨੰਬਰ 06 ਤਹਿਤ ਭਾਰਤੀ ਦੰਡਾਵਲੀ ਦੀ ਧਾਰਾ 153, 153-ਏ, 120-ਬੀ ਅਤੇ ਅਸਲਾ ਐਕਟ ਦੀ ਧਾਰਾ 25 ਤਹਿਤ ਲਖਬੀਰ ਸਿੰਘ ਲੰਡਾ ਅਤੇ ਉਸਦੇ ਹੋਰ ਸਾਥੀਆਂ ਵਿਰੁੱਧ ਪੁਲਿਸ ਥਾਣਾ ਐਸ.ਐਸ.ਓ.ਸੀ. ਐਸ.ਏ.ਐਸ. ਨਗਰ ਵਿਖੇ ਮਾਮਲਾ ਦਰਜ ਕੀਤਾ ਗਿਆ ਸੀ।

ਏ.ਆਈ.ਜੀ. ਅਸ਼ਵਨੀ ਕਪੂਰ ਨੇ ਦੱਸਿਆ ਕਿ ਮੁਲਜ਼ਮ ਰਾਜਨ ਭੱਟੀ, ਜਿਸ ਦਾ ਅਪਰਾਧਿਕ ਪਿਛੋਕੜ ਹੈ ਅਤੇ ਉਸ ਵਿਰੁੱਧ ਚੰਡੀਗੜ੍ਹ ਤੇ ਪੰਜਾਬ ਵਿੱਚ ਐਨ.ਡੀ.ਪੀ.ਐਸ. ਐਕਟ ਅਤੇ ਅਸਲਾ ਐਕਟ ਤਹਿਤ ਇਰਾਦਾ ਕਤਲ ਸਮੇਤ ਕਈ ਅਪਰਾਧਿਕ ਮਾਮਲੇ ਦਰਜ ਹਨ, ਦੀ ਐਸ.ਐਸ.ਓ.ਸੀ. ਪੁਲੀਸ ਦੀਆਂ ਟੀਮਾਂ ਵੱਲੋਂ ਨਿਗਰਾਨੀ ਕੀਤੀ ਜਾ ਰਹੀ ਹੈ ਅਤੇ ਉਸ ਦੇ ਟਿਕਾਣਿਆਂ ’ਤੇ ਵਾਰ-ਵਾਰ ਛਾਪੇਮਾਰੀ ਕੀਤੀ ਜਾ ਰਹੀ ਸੀ। ਉਨ੍ਹਾਂ ਦੱਸਿਆ ਕਿ ਭੱਟੀ ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਹਥਿਆਰਾਂ ਦੀ ਸਪਲਾਈ ਵਿੱਚ ਲੰਡਾ ਦੀ ਮਦਦ ਕਰਦਾ ਹੈ।

ਏ.ਆਈ.ਜੀ. ਨੇ ਦੱਸਿਆ ਕਿ ਬੁੱਧਵਾਰ ਨੂੰ ਪੁਲਿਸ ਪਾਰਟੀ ਨੇ ਸੁਸ਼ਾਂਤ ਸਿਟੀ ਬਠਿੰਡਾ ਵਿਖੇ ਛਾਪੇਮਾਰੀ ਕੀਤੀ ਜਿੱਥੋਂ ਰਾਜਨ ਭੱਟੀ ਦੇ ਦੋ ਸਾਥੀਆਂ ਨੂੰ ਦੋ ਨਾਜਾਇਜ਼ ਹਥਿਆਰਾਂ ਸਮੇਤ ਕਾਬੂ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਦੋਵਾਂ ਮੁਲਜ਼ਮਾਂ ਨੂੰ ਰਾਜਨ ਭੱਟੀ ਨੂੰ ਪਨਾਹ ਦੇਣ ਅਤੇ ਨਾਜਾਇਜ਼ ਹਥਿਆਰ ਰੱਖਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਗਿਆ। ਜ਼ਿਕਰਯੋਗ ਹੈ ਕਿ ਏ.ਆਈ.ਜੀ. ਅਸ਼ਵਨੀ ਕਪੂਰ ਨੇ ਦੱਸਿਆ ਕਿ ਰਾਜਨ ਭੱਟੀ ਨੂੰ ਗ੍ਰਿਫ਼ਤਾਰ ਕਰਨ ਲਈ ਪੁਲੀਸ ਟੀਮਾਂ ਛਾਪੇਮਾਰੀ ਕਰ ਰਹੀਆਂ ਹਨ।

# ਵਿਜੀਲੈਂਸ ਵੱਲੋਂ 10 ਹਜ਼ਾਰ ਰੁਪਏ ਰਿਸ਼ਵਤ ਲੈਂਦਾ ਮਾਲ ਪਟਵਾਰੀ ਰੰਗੇ ਹੱਥੀਂ ਗਿਰਫ਼ਤਾਰ

ਚੰਡੀਗੜ੍ਹ, 24 ਨਵੰਬਰ (ਪੋਸਟ ਬਿਊਰੋ): ਸੂਬੇ ਵਿੱਚ ਭ੍ਰਿਸ਼ਟਾਚਾਰ ਨੂੰ ਨੱਥ ਪਾਉਣ ਦੇ ਮਕਸਦ ਨਾਲ ਪੰਜਾਬ ਵਿਜੀਲੈਂਸ ਬਿਊਰੋ ਨੇ ਵੀਰਵਾਰ ਨੂੰ ਹੁਸ਼ਿਆਰਪੁਰ ਜ਼ਿਲ੍ਹੇ ਦੇ ਦਸੂਹਾ ਵਿਖੇ ਤਾਇਨਾਤ ਮਾਲ ਪਟਵਾਰੀ ਲਖਬੀਰ ਸਿੰਘ ਨੂੰ 10,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ। ਇਸ ਮਾਮਲੇ ਵਿੱਚ ਗਿਰਦ-ਾਵਰ ਤੇਜਿੰਦਰ ਸਿੰਘ ਗੋਲਡੀ ਨੂੰ ਵੀ ਨਾਮਜ਼ਦ ਕੀਤਾ ਗਿਆ ਹੈ ਅਤੇ ਜਲਦ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।



ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲ-ਾਰੇ ਨੇ ਦੱਸਿਆ ਕਿ ਉਕਤ ਪਟਵਾਰੀ ਨੂੰ ਜੁਗਰਾਜ ਸਿੰਘ ਵਾਸੀ ਪਿੰਡ ਉਸਮਾਨ ਸ਼ਹੀਦ, ਤਹਿਸੀਲ ਦਸੂਹਾ ਦੀ ਸ਼ਿਕਾਇਤ ’ਤੇ ਗ੍ਰਿਫਤਾਰ ਕੀਤਾ ਗਿਆ ਹੈ।

ਇਸ ਸਬੰਧੀ ਹੋਰ ਜਾਣਕਾਰੀ ਦਿੰਦੇ ਹੋਏ ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਾਇਆ ਕਿ ਉਕਤ ਪਟਵਾਰੀ ਅਤੇ ਗਿਰਦਾਵਰ ਉਸਦੀ ਜੱਦੀ ਖੇਤੀਯੋਗ ਜ਼ਮੀਨ ਦੀ ਤਕਸੀਮ ਅਤੇ ਨਿਸ਼ਾਨਦੇਹੀ ਕਰਨ ਲਈ 10,000 ਰੁਪਏ ਦੀ ਰਿਸ਼ਵਤ ਦੀ ਮੰਗ ਕਰ ਰਹੇ ਹਨ।

ਉਸਦੀ ਸ਼ਿਕਾਇਤ ਦੀ ਪੜਤਾਲ ਕਰਨ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਦੋਸ਼ੀ ਪਟਵਾਰੀ ਨੂੰ 10,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ ਅਤੇ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਉਸ ਕੋਲੋਂ ਰਿਸ਼ਵਤ ਦੀ ਰਾਸ਼ੀ ਨੂੰ ਬਰਾਮਦ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਦੋਵਾਂ ਦੋਸ਼ੀਆਂ ਖਿਲਾਫ ਵਿਜੀਲੈਂਸ ਬਿਓਰੋ ਦੇ ਥਾਣਾ ਜਲੰਧਰ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਦਿੱਤੀ ਗਈ ਹੈ।


ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥ ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥

ਆਪ ਜੀ ਨੂੰ ਬੜੇ ਹੀ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ 427 Reality Inc. ਵਾਲੇ ਅਵਤਾਰ ਮਿਨਹਾਸ ਜੀ ਦੇ ਪਿਤਾ ਸਰਦਾਰ ਗੁਰਮੀਤ ਸਿੰਘ ਮਿਨਹਾਸ ਜੀ ਬੀਤੀ 22 ਨਵੰਬਰ ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ।



ਸ. ਗੁਰਮੀਤ ਸਿੰਘ ਮਿਨਹਾਸ

ਉਨ੍ਹਾਂ ਦਾ ਅੰਤਿਮ ਸਸਕਾਰ 27 ਨਵੰਬਰ ਦਿਨ ਐਤਵਾਰ ਨੂੰ ਦੁਪਹਿਰ 1 ਵਜੇ ਤੋਂ 3 ਵਜੇ ਤੱਕ Brampton Crematorium & Visitation Centre , 30 Bramwin Ct, Brampton ਵਿਖੇ ਕੀਤਾ ਜਾਵੇਗਾ।

ਭੋਗ ਅਤੇ ਅੰਤਿਮ ਅਰਦਾਸ

27 ਨਵੰਬਰ, ਐਤਵਾਰ ਨੂੰ ਸ਼ਾਮ 4 ਵਜੇ ਤੋਂ 6 ਵਜੇ ਤੱਕ

Ontario Khalsa Darbar (Dixie Gurdwara),

7080 Dixie Rd, Mississauga

ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ 416-744-9393 ’ਤੇ ਸੰਪਰਕ ਕੀਤਾ ਜਾ ਸਕਦਾ ਹੈ।



Steinmetz & Associates

PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims

Protect yourself, Protect your family, Know your rights.

For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU

647.539.3020

1450 Meyerside Drive, Suite 308, Mississauga | 2 OFFICES TO SERVE YOU | 55 St. Clair Ave., West, Toronto

email: bsidhu@steinmetzlawyers.ca website: www.steinmetzlawyers.ca



## ਤਾਮਿਲਨਾਡੂ 'ਚ ਤੇਜ਼ੀ ਨਾਲ ਫੈਲ ਰਹੀ 'ਮਦਰਾਸ ਆਈ', ਹਰ ਰੋਜ਼ ਆ ਰਹੇ ਹਨ 4 ਹਜਾਰ ਤੋਂ ਵੱਧ ਮਾਮਲੇ



ਚੇਨਈ, 24 ਨਵੰਬਰ (ਪੋਸਟ ਬਿਊਰੋ)- ਤਾਮਿਲਨਾਡੂ ਵਿੱਚ ਵਧੇ ਮਾਨਸੂਨ ਦੇ ਦੌਰਾਨ, ਸਿਹਤ ਵਿਭਾਗ ਅਤੇ ਪ੍ਰਾਈਵੇਟ ਡਾਕਟਰਾਂ ਨੇ ਲੋਕਾਂ ਨੂੰ ਕੰਨਜਕਟਿਵਾਇਟਿਸ ਦੇ ਵੱਧ ਰਹੇ ਮਾਮਲਿਆਂ ਬਾਰੇ ਚੇਤਾਵਨੀ ਦਿੱਤੀ ਹੈ। ਸਿਹਤ ਮੰਤਰੀ ਐਮ ਸੁਬਰਾਮਨੀਅਨ ਨੇ ਕਿਹਾ ਕਿ ਤਾਮਿਲਨਾਡੂ ਵਿੱਚ ਹਰ ਰੋਜ਼ 4000-4500 ਮਾਮਲੇ ਸਾਹਮਣੇ ਆ ਰਹੇ ਹਨ। ਚੇਨਈ ਦੇ 10 ਸਰਕਾਰੀ ਅੱਖਾਂ ਦੇ ਕੇਂਦਰਾਂ ਵਿੱਚ, 80-100 ਲੋਕਾਂ ਨੂੰ ਕੰਨਜਕਟਿਵਾਇਟਿਸ ਦੀ ਜਾਂਚ ਕੀਤੀ ਗਈ ਹੈ। ਕੰਨਜਕਟਿਵਾਇਟਿਸ ਇੱਕ ਛੂਤ ਵਾਲੀ ਅੱਖ ਦੀ ਲਾਗ ਹੈ। ਇਸਨੂੰ ਆਮ ਤੌਰ 'ਤੇ ਮਦਰਾਸ ਆਈ ਵਜੋਂ ਵੀ ਜਾਣਿਆ ਜਾਂਦਾ ਹੈ।

ਸਿਹਤ ਵਿਭਾਗ ਨੇ ਲੋਕਾਂ ਨੂੰ ਸੰਕਰਮਿਤ ਹੋਣ 'ਤੇ ਆਪਣੇ ਆਪ ਨੂੰ ਅਲੱਗ-ਥਲੱਗ ਕਰਨ ਅਤੇ ਸਵੈ-ਦਵਾਈ ਨਾ ਲੈਣ ਦੀ ਸਲਾਹ ਦਿੱਤੀ ਹੈ। ਮਦਰਾਸ ਆਈ ਤੋਂ ਇਲਾਵਾ ਕੰਨਜਕਟਿਵਾਇਟਿਸ ਨੂੰ ਪਿੰਕ ਆਈ ਜਾਂ ਆਈ ਫਲੂ ਵੀ ਕਿਹਾ ਜਾਂਦਾ ਹੈ। ਇਸ ਦੇ ਆਮ ਲੱਛਣ ਹਨ ਅੱਖਾਂ ਦੇ ਆਲੇ-ਦੁਆਲੇ ਦਰਦ, ਅੱਖਾਂ ਦਾ ਲਾਲ ਹੋਣਾ, ਅੱਖਾਂ ਵਿੱਚ ਪਾਣੀ ਆਉਣਾ। ਡਾ. ਅਗਰਵਾਲ ਗਰੁੱਪ ਆਫ਼ ਆਈ ਹਸਪਤਾਲਾਂ ਦੇ ਕਾਰਜਕਾਰੀ ਨਿਰਦੇਸ਼ਕ ਡਾ. ਅਸ਼ਵਿਨ ਅਗਰਵਾਲ ਨੇ ਕਿਹਾ, "ਇਹਨਾਂ ਵਿੱਚੋਂ ਕੁਝ ਸਥਿਤੀਆਂ ਗੰਭੀਰ ਕੰਨਜਕਟਿਵਲ ਗਲਾਕੋਮਾ ਵਰਗੀਆਂ ਹੋਰ ਸਥਿਤੀਆਂ ਦੀ ਨਕਲ ਕਰ ਸਕਦੀਆਂ ਹਨ। ਇਸ ਸਥਿਤੀ ਵਿੱਚ, ਮਰੀਜ਼ ਨੂੰ ਨਜ਼ਦੀਕੀ ਨੇਤਰ ਦੇ ਡਾਕਟਰ ਤੋਂ ਜਾਂਚ ਕਰਵਾਉਣੀ ਚਾਹੀਦੀ ਹੈ।"

ਉਨ੍ਹਾਂ ਦੱਸਿਆ ਕਿ ਹਾਲਾਂਕਿ ਇਹ ਲਾਗ ਬਹੁਤ ਜ਼ਿਆਦਾ ਛੂਤ ਵਾਲੀ ਹੈ। ਇਹ ਸਿਰਫ਼ ਕਿਸੇ ਸੰਕਰਮਿਤ ਵਿਅਕਤੀ ਦੀਆਂ ਅੱਖਾਂ ਵਿੱਚ ਦੇਖਣ ਜਾਂ ਉਨ੍ਹਾਂ ਨਾਲ ਗੱਲ ਕਰਨ ਨਾਲ ਨਹੀਂ ਫੈਲਦਾ। ਜਦੋਂ ਕੋਈ ਵਿਅਕਤੀ ਅੱਖ ਨੂੰ ਛੂਹਦਾ ਹੈ ਅਤੇ ਫਿਰ ਕਿਸੇ ਸਤ੍ਹ ਨੂੰ ਛੂਹਦਾ ਹੈ ਜਾਂ ਹੱਥ ਮਿਲਾਉਂਦਾ ਹੈ ਤਾਂ ਇਹ ਸਿੱਧੇ ਤੌਰ 'ਤੇ ਅੱਖਾਂ ਦੇ ਰਕਤਾਵਾਂ ਰਾਹੀਂ ਫੈਲਦਾ ਹੈ। ਅਜਿਹੇ 'ਚ ਇਸ ਮੌਸਮ 'ਚ ਦਿਨ 'ਚ ਘੱਟੋ-ਘੱਟ ਅੱਠ ਵਾਰ ਆਪਣੇ ਹੱਥਾਂ ਅਤੇ ਚਿਹਰੇ ਨੂੰ ਧੋਣਾ ਬਿਹਤਰ ਹੈ।

ਡਾ. ਅਸ਼ਵਿਨ ਅਗਰਵਾਲ ਨੇ ਕਿਹਾ, "ਇਸ ਸਾਲ ਸ਼ਹਿਰ ਵਿੱਚ ਲੰਮੀ ਬਾਰਸ਼ ਨੇ ਕੇਸਾਂ ਦਾ ਭਾਰ ਹੋਰ ਵਧਾ ਦਿੱਤਾ ਹੈ। ਸਾਰੇ ਕੰਨਜਕਟਿਵਾਇਟਿਸ ਦਾ ਲਗਭਗ 90% ਐਡੀਨੋਵਾਇਰਸ ਕਾਰਨ ਹੁੰਦਾ ਹੈ।

## ਦਿੱਲੀ ਦੇ ਏਮਜ਼ ਦੇ ਸਰਵਰ ਹੈਕ ਦਾ ਮਾਮਲਾ ਦਰਜ, ਜਾਂਚ 'ਚ ਜੁਟੀ ਪੁਲਿਸ

ਨਵੀਂ ਦਿੱਲੀ, 24 ਨਵੰਬਰ (ਪੋਸਟ ਬਿਊਰੋ)- ਦਿੱਲੀ ਪੁਲਿਸ ਦੀ ਇੰਟੈਲੀਜੈਂਸ ਫਿਊਜ਼ਨ ਐਂਡ ਸਟ੍ਰੈਟਜਿਕ ਆਪ੍ਰੇਸ਼ਨਜ਼ (ਆਈਐਫਐਸਓ) ਯੂਨਿਟ ਨੇ ਦਿੱਲੀ ਦੇ ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਿਜ਼ (ਏਆਈਆਈਐਮਐਸ) ਦੇ ਸਰਵਰ ਨੂੰ ਹੈਕ ਕਰਨ ਦੇ ਮਾਮਲੇ ਵਿੱਚ ਅਣਪਛਾਤੇ ਲੋਕਾਂ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਏਮਜ਼ ਦੇ ਸਹਾਇਕ ਸੁਰੱਖਿਆ ਅਧਿਕਾਰੀ ਦੀ ਸ਼ਿਕਾਇਤ 'ਤੇ ਮਾਮਲਾ ਦਰਜ ਕੀਤਾ ਗਿਆ ਹੈ। ਦਿੱਲੀ ਪੁਲਿਸ ਇਸ ਮਾਮਲੇ ਦੀ ਜਾਂਚ ਵਿੱਚ ਲੱਗੀ ਹੋਈ ਹੈ।

ਏਮਜ਼ ਦਿੱਲੀ ਵਿਖੇ ਵਰਤਿਆ ਜਾਣ ਵਾਲਾ ਨੈਸ਼ਨਲ ਇਨਫੋਰਮੈਟਿਕਸ ਸੈਂਟਰ ਦਾ ਈ-ਹਸਪਤਾਲ ਸਰਵਰ ਬੁੱਧਵਾਰ ਸਵੇਰੇ 7 ਵਜੇ ਤੋਂ ਡਾਊਨ ਹੋ ਗਿਆ, ਜਿਸ ਨਾਲ ਆਊਟ ਪੇਸ਼ੈਂਟ ਡਿਪਾਰਟਮੈਂਟ ਅਤੇ ਸੈਂਪਲ



ਕਲੈਕਸ਼ਨ ਸੇਵਾਵਾਂ ਪ੍ਰਭਾਵਿਤ ਹੋਈਆਂ। ਏਮਜ਼ ਦੇ ਅਧਿਕਾਰੀਆਂ ਨੇ ਕਿਹਾ ਸੀ ਕਿ ਇਹ ਸਾਰੀਆਂ ਸੇਵਾਵਾਂ ਫਿਲਹਾਲ 'ਮੈਨੂਅਲ ਮੋਡ' 'ਤੇ ਕੰਮ ਕਰ ਰਹੀਆਂ ਹਨ।

ਏਮਜ਼ ਨੇ ਕੱਲ੍ਹ ਇੱਕ ਬਿਆਨ ਵਿੱਚ ਕਿਹਾ ਕਿ ਏਮਜ਼ ਵਿੱਚ ਕੰਮ ਕਰ ਰਹੇ ਰਾਸ਼ਟਰੀ ਸੂਚਨਾ ਵਿਗਿਆਨ ਕੇਂਦਰ (ਐਨਆਈਸੀ) ਦੀ ਇੱਕ ਟੀਮ ਨੇ ਸੂਚਿਤ ਕੀਤਾ ਹੈ ਕਿ ਇਹ ਇੱਕ ਰੈਨਸਮਵੇਅਰ ਹਮਲਾ ਹੋ ਸਕਦਾ ਹੈ। ਢੁਕਵੇਂ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀ ਇਸ ਦੀ ਜਾਂਚ ਕਰਨਗੇ। ਏਮਜ਼ ਦੇ ਇੱਕ ਅਧਿਕਾਰੀ ਨੇ ਕਿਹਾ ਸੀ, "ਸਰਵਰ ਬੰਦ ਹੋਣ ਨਾਲ ਸਮਾਰਟ ਲੈਬ, ਬਿਲਿੰਗ, ਰਿਪੋਰਟ ਬਣਾਉਣ ਅਤੇ ਨਿਯੁਕਤੀ ਪ੍ਰਣਾਲੀ ਸਮੇਤ ਓਪੀਡੀ ਅਤੇ ਆਈਪੀਡੀ ਡਿਜੀਟਲ ਹਸਪਤਾਲ ਸੇਵਾਵਾਂ ਪ੍ਰਭਾਵਿਤ ਹੋਈਆਂ ਹਨ।" ਇਕ ਹੋਰ ਅਧਿਕਾਰੀ ਨੇ ਕਿਹਾ ਕਿ ਓਪੀਡੀ ਅਤੇ ਨਮੂਨਾ ਇਕੱਠਾ ਕਰਨ ਦੀਆਂ ਸੇਵਾਵਾਂ 'ਮੈਨੁਅਲ ਮੋਡ' ਵਿਚ ਪ੍ਰਦਾਨ ਕੀਤੀਆਂ ਗਈਆਂ ਸਨ।

ਏਮਜ਼ ਨੇ ਬਿਆਨ ਵਿੱਚ ਕਿਹਾ ਸੀ ਕਿ ਡਿਜੀਟਲ ਸੇਵਾਵਾਂ ਨੂੰ ਬਹਾਲ ਕਰਨ ਲਈ ਕਦਮ ਚੁੱਕੇ ਜਾ ਰਹੇ ਹਨ ਅਤੇ ਭਾਰਤੀ ਕੰਪਿਊਟਰ ਐਮਰਜੈਂਸੀ ਰਿਸਪਾਂਸ ਟੀਮ (ਸੀਈਆਰਟੀ-ਇਨ) ਅਤੇ ਐਨਆਈਸੀ ਦੀ ਮਦਦ ਲਈ ਜਾ ਰਹੀ ਹੈ। ਬਿਆਨ ਵਿੱਚ ਕਿਹਾ ਗਿਆ ਹੈ, "ਏਮਜ਼ ਅਤੇ ਐਨਆਈਸੀ ਭਵਿੱਖ ਵਿੱਚ ਅਜਿਹੇ ਹਮਲਿਆਂ ਨੂੰ ਰੋਕਣ ਲਈ ਉਚਿਤ ਸਾਵਧਾਨੀ ਵਰਤਣਗੇ।

## ਅਸਾਮ-ਮੇਘਾਲਿਆ ਸਰਹੱਦ 'ਤੇ ਗੋਲੀਬਾਰੀ 'ਚ 6 ਦੀ ਮੌਤ, 7 ਜ਼ਿਲ੍ਹਿਆਂ 'ਚ ਇੰਟਰਨੈੱਟ ਬੰਦ

ਸ਼ਿਲਾਂਗ (ਮੇਘਾਲਿਆ) 24 ਨਵੰਬਰ (ਪੋਸਟ ਬਿਊਰੋ)- ਅਸਾਮ ਅਤੇ ਮੇਘਾਲਿਆ ਦੀ ਸਰਹੱਦ 'ਤੇ ਪੱਛਮੀ ਜੈਂਤੀਆ ਪਹਾੜੀਆਂ ਦੇ ਮੁਕਰੋਹ 'ਚ ਗੋਲੀਬਾਰੀ 'ਚ ਅਸਾਮ ਦੇ ਜੰਗਲਾਤ ਅਧਿਕਾਰੀ ਸਮੇਤ 6 ਲੋਕਾਂ ਦੀ ਮੌਤ ਹੋ ਗਈ। ਇਸ ਤੋਂ ਬਾਅਦ ਮੇਘਾਲਿਆ ਨੇ ਰਾਜ ਦੇ ਸੱਤ ਜ਼ਿਲ੍ਹਿਆਂ ਵਿੱਚ ਮੋਬਾਈਲ ਇੰਟਰਨੈੱਟ ਸੇਵਾਵਾਂ 48 ਘੰਟਿਆਂ ਲਈ ਮੁਅੱਤਲ ਕਰ ਦਿੱਤੀਆਂ ਹਨ। ਮੇਘਾਲਿਆ ਸਰਕਾਰ ਦੇ ਗ੍ਰਹਿ (ਪੁਲਿਸ) ਵਿਭਾਗ ਵੱਲੋਂ ਜਾਰੀ ਨੋਟੀਫਿਕੇਸ਼ਨ ਵਿੱਚ ਕਿਹਾ ਗਿਆ ਹੈ ਕਿ ਮੇਘਾਲਿਆ ਦੇ ਸੱਤ ਜ਼ਿਲ੍ਹਿਆਂ ਵਿੱਚ ਅੱਜ ਸਵੇਰੇ 10:30 ਵਜੇ ਤੋਂ ਮੋਬਾਈਲ ਇੰਟਰਨੈੱਟ/ਡਾਟਾ ਸੇਵਾਵਾਂ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ।

ਮੁੱਖ ਮੰਤਰੀ ਕੋਨਰਾਡ ਸੰਗਮਾ ਨੇ ਅੱਜ ਪੁਸ਼ਟੀ ਕੀਤੀ ਕਿ ਇਸ ਘਟਨਾ ਵਿੱਚ ਮੇਘਾਲਿਆ ਅਤੇ ਅਸਾਮ ਦੇ ਪੰਜ ਜੰਗਲਾਤ ਗਾਰਡਾਂ ਸਮੇਤ ਕੁੱਲ ਛੇ ਲੋਕਾਂ ਦੀ ਮੌਤ ਹੋ ਗਈ ਹੈ। ਮੁੱਖ ਮੰਤਰੀ ਨੇ ਕਿਹਾ, "ਜ਼ਖਮੀਆਂ ਨੂੰ ਹਸਪਤਾਲ



ਲਿਜਾਇਆ ਗਿਆ ਹੈ ਅਤੇ ਉਨ੍ਹਾਂ ਤੋਂ ਪੁੱਛ-ਗਿੱਛ ਕੀਤੀ ਜਾ ਰਹੀ ਹੈ। ਮੇਘਾਲਿਆ ਪੁਲਿਸ ਵੱਲੋਂ ਐਫਆਈਆਰ ਦਰਜ ਕੀਤੀ ਗਈ ਹੈ।"

ਇਸ ਦੌਰਾਨ, ਮੇਘਾਲਿਆ ਸਰਕਾਰ ਦੁਆਰਾ ਜਾਰੀ ਇੱਕ ਨੋਟੀਫਿਕੇਸ਼ਨ ਵਿੱਚ ਕਿਹਾ ਗਿਆ ਹੈ, "ਪੁਲਿਸ ਹੈੱਡਕੁਆਰਟਰ, ਮੇਘਾਲਿਆ, ਸ਼ਿਲਾਂਗ ਤੋਂ ਰਿਪੋਰਟ ਪ੍ਰਾਪਤ ਹੋਈ ਹੈ ਕਿ ਮੁਕਰੋਹ, ਪੱਛਮੀ ਜੈਂਤੀਆ ਪਹਾੜੀਆਂ, ਜੋਵਈ ਵਿਖੇ ਇੱਕ ਅਣਸੁਖਾਵੀਂ ਘਟਨਾ ਵਾਪਰੀ ਹੈ, ਜਿਸ ਨਾਲ ਜਨਤਕ ਸ਼ਾਂਤੀ ਅਤੇ ਸ਼ਾਂਤੀ ਭੰਗ ਹੋਣ ਦੀ ਸੰਭਾਵਨਾ ਹੈ, ਅਤੇ ਪੱਛਮੀ ਜੈਂਤੀਆ ਪਹਾੜੀਆਂ, ਪੂਰਬੀ ਜੈਂਤੀਆ ਪਹਾੜੀਆਂ, ਪੂਰਬੀ ਖਾਸੀ ਪਹਾੜੀਆਂ, ਰੀ-ਭੋਈ, ਪੂਰਬੀ ਪੱਛਮੀ ਖਾਸੀ ਪਹਾੜੀਆਂ, ਪੱਛਮੀ ਖਾਸੀ ਪਹਾੜੀਆਂ ਅਤੇ ਦੱਖਣ ਪੱਛਮੀ ਖਾਸੀ ਪਹਾੜੀਆਂ ਵਿੱਚ ਜਨਤਕ ਸੁਰੱਖਿਆ ਨੂੰ ਖ਼ਤਰਾ ਪੈਦਾ ਹੁੰਦਾ ਹੈ, ਜਿਸ ਨਾਲ ਕਾਨੂੰਨ ਅਤੇ ਵਿਵਸਥਾ ਵਿਗੜਦੀ ਹੈ।"

ਮੇਘਾਲਿਆ ਦੇ ਪੱਛਮੀ ਜੈਂਤੀਆ ਪਹਾੜੀਆਂ, ਪੂਰਬੀ ਜੈਂਤੀਆ ਪਹਾੜੀਆਂ, ਪੂਰਬੀ ਖਾਸੀ ਪਹਾੜੀਆਂ, ਰੀ-ਭੋਈ, ਪੂਰਬੀ ਪੱਛਮੀ ਖਾਸੀ ਪਹਾੜੀਆਂ, ਪੱਛਮੀ ਖਾਸੀ ਪਹਾੜੀਆਂ ਅਤੇ ਦੱਖਣੀ ਪੱਛਮੀ ਖਾਸੀ ਪਹਾੜੀਆਂ ਜ਼ਿਲ੍ਹਿਆਂ ਵਿੱਚ ਦੂਰਸੰਚਾਰ ਅਤੇ ਸੋਸ਼ਲ ਮੀਡੀਆ ਸੇਵਾਵਾਂ ਬੰਦ ਰਹਿਣਗੀਆਂ।

## ਦਲਿਤ ਔਰਤ ਨੇ ਟੈਂਕੀ ਤੋਂ ਪੀਤਾ ਪਾਣੀ, ਪਹਿਲਾਂ ਟੈਂਕੀ ਖਾਲੀ ਕਰਵਾਈ, ਫਿਰ ਗਊ ਮੂਤਰ ਨਾਲ ਧੋਤਾ

ਬੈਂਗਲੁਰੂ, 24 ਨਵੰਬਰ (ਪੋਸਟ ਬਿਊਰੋ)- ਕਰਨਾਟਕ ਦੇ ਚਮਰ-ਾਜਨਗਰ ਜ਼ਿਲੇ 'ਚ ਦਲਿਤ ਔਰਤ ਦੇ ਟੂਟੀ ਤੋਂ ਪਾਣੀ ਪੀਣ ਤੋਂ ਬਾਅਦ ਅਖੌਤੀ ਉੱਚ ਜਾਤੀ ਦੇ ਲੋਕਾਂ ਨੇ ਟੈਂਕੀ 'ਚੋਂ ਪਾਣੀ ਕੱਢ ਦਿੱਤਾ। ਫਿਰ ਸ਼ੁੱਧੀਕਰਨ ਦੇ ਨਾਂ 'ਤੇ ਟੂਟੀ ਖੋਲ੍ਹ ਕੇ ਗਊ ਮੂਤਰ ਨਾਲ ਧੋਤਾ। 18 ਨਵੰਬਰ ਨੂੰ ਕਰਨਾਟਕ ਦੇ ਚਮਰ-ਾਜਨਗਰ ਜ਼ਿਲ੍ਹੇ ਦੇ ਪਿੰਡ ਹੇਗਗੋਟ-ਾਰਾ ਵਿੱਚ ਇੱਕ ਅਨੁਸੂਚਿਤ ਜਾਤੀ ਦੀ ਔਰਤ ਇੱਕ ਵਿਆਹ ਸਮਾਰੋਹ ਵਿੱਚ ਸ਼ਾਮਲ ਹੋਈ। ਇਸ ਦੌਰਾਨ ਔਰਤ ਨੇ ਉਸ ਇਲਾਕੇ ਵਿੱਚ ਪੀਣ ਵਾਲੇ ਪਾਣੀ ਦੀ ਟੈਂਕੀ ਤੋਂ ਪਾਣੀ ਪੀਤਾ ਜਿੱਥੇ ਅਖੌਤੀ ਉੱਚ ਜਾਤੀ ਦੇ ਲੋਕ ਰਹਿੰਦੇ ਹਨ।

ਜਦੋਂ ਉੱਥੇ ਮੌਜੂਦ ਲੋਕਾਂ ਨੇ ਇਹ ਸਭ ਦੇਖਿਆ ਤਾਂ ਉਨ੍ਹਾਂ ਨੇ ਤੁਰੰਤ ਔਰਤ ਨੂੰ ਉਥੋਂ ਹਟਾ ਦਿੱਤਾ। ਫਿਰ



ਸ਼ੁੱਧੀਕਰਨ ਦੇ ਨਾਂ 'ਤੇ ਟੂਟੀ ਖੋਲ੍ਹ ਕੇ ਗਊ ਮੂਤਰ ਨਾਲ ਧੋਤਾ। ਇੱਥੋਂ ਤੱਕ ਕਿ ਟੈਂਕੀ ਦਾ ਸਾਰਾ ਪਾਣੀ ਕੱਢ ਦਿੱਤਾ ਗਿਆ। ਉਥੇ ਮੌਜੂਦ ਕਿਸੇ ਵਿਅਕਤੀ ਨੇ ਇਸ ਦੀ ਸ਼ਿਕਾਇਤ ਤਹਿਸੀਲਦਾਰ ਨੂੰ ਕੀਤੀ। ਸਥਾਨਕ ਤਹਿਸੀਲਦਾਰ ਆਈਈ ਬਸਵਰਾਜ ਨੇ ਦੱਸਿਆ, "ਪਾਣੀ ਦੀ ਟੈਂਕੀ ਦੀ ਸਫਾਈ ਕੀਤੀ ਗਈ ਸੀ, ਪਰ ਮੈਂ ਇਸ ਗੱਲ ਦੀ ਪੁਸ਼ਟੀ ਨਹੀਂ ਕਰਦਾ ਕਿ ਇਸ ਨੂੰ ਗਊ ਮੂਤਰ ਨਾਲ ਸਾਫ਼ ਕੀਤਾ ਗਿਆ ਸੀ। ਅਸੀਂ ਘਟਨਾ ਦੀ ਜਾਂਚ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ ਅਤੇ ਘਟਨਾ ਵਿੱਚ ਸ਼ਾਮਲ ਲੋਕਾਂ ਬਾਰੇ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੇ ਹਾਂ।" ਜੇ ਅਜਿਹਾ ਮਾਮਲਾ ਸਾਹਮਣੇ ਆਉਂਦਾ ਹੈ ਤਖ ਅਸੀਂ ਵਿਤਕਰੇ ਦਾ ਕੇਸ ਦਰਜ ਕਰਾਂਗੇ।

ਸਥਾਨਕ ਅਧਿਕਾਰੀ ਨੇ ਦੱਸਿਆ ਕਿ ਪਿੰਡ ਵਿੱਚ ਕਈ ਟੈਂਕੀਆਂ ਹਨ, ਜਿਸ ਕਾਰਨ ਹਰ ਕੋਈ ਉਥੋਂ ਪਾਣੀ ਪੀ ਸਕਦਾ ਹੈ। ਸਥਾਨਕ ਅਧਿਕਾਰੀਆਂ ਨੇ ਦਲਿਤ ਅਤੇ ਹੋਰ ਪਿਛੜੇ ਵਰਗ ਸਮੁਦਾਇਆਂ ਦੇ ਕਈ ਪਿੰਡ ਵਾਸੀਆਂ ਨੂੰ ਸਾਰੀਆਂ ਟੈਂਕੀਆਂ 'ਤੇ ਲੈ ਕੇ ਪਾਣੀ ਪਿਲਾਇਆ। ਉਨ੍ਹਾਂ ਕਿਹਾ ਕਿ ਤਹਿਸੀਲਦਾਰ ਹੁਣ ਅਗਲੀ ਕਾਰਵਾਈ ਲਈ ਜ਼ਿਲ੍ਹਾ ਮੈਜਿਸਟ੍ਰੇਟ ਨੂੰ ਵਿਸਥਾਰਤ ਰਿਪੋਰਟ ਸੌਂਪੇਗਾ।

## ਓੜੀਸਾ ਵਿਚ ਮਾਲ ਗੱਡੀ ਪਟੜੀ ਤੋਂ ਉਤਰੀ, 2 ਦੀ ਮੌਤ

ਝਾਜਪੁਰ, 24 ਨਵੰਬਰ (ਪੋਸਟ ਬਿਊਰੋ)- ਓੜੀਸਾ ਦੇ ਜਾਜਪੁਰ ਜ਼ਿਲੇ ਦੇ ਕੋਰੇਈ ਰੇਲਵੇ ਸਟੇਸ਼ਨ 'ਤੇ ਸੋਮਵਾਰ ਨੂੰ ਇਕ ਮਾਲ ਗੱਡੀ ਪਟੜੀ ਤੋਂ ਉਤਰ ਗਈ। ਇਸ ਹਾਦਸੇ 'ਚ ਘੱਟੋ-ਘੱਟ ਦੋ ਲੋਕਾਂ ਦੀ ਮੌਤ ਹੋ ਗਈ ਅਤੇ ਕੁਝ ਹੋਰ ਗੰਭੀਰ ਜ਼ਖਮੀ ਹੋ ਗਏ। ਰੇਲਵੇ ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਈਸਟ ਕੋਸਟ ਰੇਲਵੇ (ਈਸੀਓਆਰ) ਦੇ ਅਧਿਕਾਰੀਆਂ ਨੇ ਦੱਸਿਆ ਕਿ ਇਹ ਘਟਨਾ ਸਵੇਰੇ 6:45 ਵਜੇ ਦੇ ਕਰੀਬ ਵਾਪਰੀ ਜਦੋਂ ਕੁਝ ਲੋਕ ਪਲੇਟਫਾਰਮ 'ਤੇ ਯਾਤਰੀ ਰੇਲਗੱਡੀ ਦੀ ਉਡੀਕ ਕਰ ਰਹੇ ਸਨ। ਡੋਂਗਾਪੋਸੀ ਤੋਂ ਛਤਰਪੁਰ ਜਾ ਰਹੀ ਇਕ ਮਾਲ ਗੱਡੀ ਪਟੜੀ ਤੋਂ ਉਤਰ ਗਈ ਅਤੇ ਪਲੇਟਫਾਰਮ ਅਤੇ ਵੇਟਿੰਗ ਹਾਲ 'ਤੇ ਅੱਠ ਡੱਬੇ ਡਿੱਗ ਗਏ, ਜਿਸ ਕਾਰਨ ਦੋ ਲੋਕਾਂ ਦੀ ਮੌਤ ਹੋ ਗਈ। ਉਨ੍ਹਾਂ ਕਿਹਾ ਕਿ ਮਰਨ ਵਾਲਿਆਂ ਦੀ ਗਿਣਤੀ ਵਧ ਸਕਦੀ ਹੈ। ਘਟਨਾ 'ਚ ਸਟੇਸ਼ਨ ਦੀ ਇਮਾਰਤ ਨੂੰ ਨੁਕਸਾਨ ਪਹੁੰਚਿਆ ਹੈ ਕਿਉਂਕਿ ਕੁਝ ਲੋਕ ਗੰਭੀਰ ਰੂਪ 'ਚ ਜ਼ਖਮੀ ਹੋ ਗਏ ਹਨ।

ਪਟੜੀ ਤੋਂ ਉਤਰਨ ਦੇ ਕਾਰਨਾਂ ਦਾ ਅਜੇ ਪਤਾ ਨਹੀਂ ਲੱਗ ਸਕਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਰੇਲ ਸੇਵਾਵਾਂ ਅੰਸ਼ਕ ਤੌਰ 'ਤੇ ਪ੍ਰਭਾਵਿਤ ਹੋਈਆਂ ਹਨ। ਹਾਦਸੇ ਕਾਰਨ ਦੋਵੇਂ ਲਾਈਨਾਂ ਜਾਮ ਹੋ ਗਈਆਂ ਹਨ। ਈਸੀਓਆਰ ਨੇ



ਦੁਰਘਟਨਾ ਰਾਹਤ ਰੇਲ ਗੱਡੀ ਅਤੇ ਇੱਕ ਮੈਡੀਕਲ ਟੀਮ ਨੂੰ ਮੌਕੇ 'ਤੇ ਰਵਾਨਾ ਕੀਤਾ ਹੈ।

ਮੁੱਖ ਮੰਤਰੀ ਨਵੀਨ ਪਟਨਾਇਕ ਨੇ ਕੋਰਈ 'ਚ ਰੇਲ ਹਾਦਸੇ 'ਚ ਯਾਤਰੀਆਂ ਦੀ ਮੌਤ 'ਤੇ ਡੂੰਘਾ ਦੁੱਖ ਪ੍ਰਗਟ ਕੀਤਾ ਹੈ। ਮੁੱਖ ਮੰਤਰੀ ਨੇ ਦੁਖੀ ਪਰਿਵਾਰਾਂ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਪੀੜਤ ਪਰਿਵਾਰਾਂ ਨੂੰ 2-2 ਲੱਖ ਰੁਪਏ ਦੀ ਐਕਸ-ਗ੍ਰੇਸ਼ੀਆ ਦੇਣ ਦਾ ਐਲਾਨ ਕੀਤਾ। ਮੁੱਖ ਮੰਤਰੀ ਨੇ ਪ੍ਰਸ਼ਾਸਨ ਨੂੰ ਬਚਾਅ ਕਾਰਜਾਂ ਵਿੱਚ ਤੇਜ਼ੀ ਲਿਆਉਣ ਅਤੇ ਜ਼ਖਮੀਆਂ ਨੂੰ ਢੁੱਕਵਾਂ ਇਲਾਜ ਮੁਹੱਈਆ ਕਰਵਾਉਣ ਦੇ ਨਿਰਦੇਸ਼ ਦਿੱਤੇ ਹਨ ਅਤੇ ਮਾਲ ਅਤੇ ਆਫ਼ਤ ਪ੍ਰਬੰਧਨ ਮੰਤਰੀ ਪ੍ਰਮਿਲਾ ਮਲਿਕ ਨੂੰ ਘਟਨਾ ਸਥਾਨ ਦਾ ਦੌਰਾ ਕਰਨ ਅਤੇ ਜਾਇਜ਼ਾ ਲੈਣ ਲਈ ਕਿਹਾ ਹੈ।

## ਸਰਕਾਰੀ ਹਸਪਤਾਲ 'ਚ ਦਾਖਲਾ ਨਾ ਮਿਲਣ 'ਤੇ ਔਰਤ ਨੇ ਸੜਕ 'ਤੇ ਹੀ ਦਿੱਤਾ ਬੱਚੀ ਨੂੰ ਜਨਮ

ਤਿਰੂਪਤੀ, 24 ਨਵੰਬਰ (ਪੋਸਟ ਬਿਊਰੋ)- ਆਂਧਰਾ ਪ੍ਰਦੇਸ਼ ਦੇ ਤਿਰੂਪਤੀ 'ਚ ਇਕ ਗਰਭਵਤੀ ਔਰਤ ਨੇ ਸਥਾਨਕ ਲੋਕਾਂ ਦੀ ਮਦਦ ਨਾਲ ਸੜਕ 'ਤੇ ਇਕ ਬੱਚੀ ਨੂੰ ਜਨਮ ਦਿੱਤਾ, ਕਿਉਂਕਿ ਦੋ ਦਿਨ ਪਹਿਲਾਂ ਉਸ ਨੂੰ ਸਰਕਾਰੀ ਜਣੇਪਾ ਹਸਪਤਾਲ 'ਚ ਦਾਖਲ ਹੋਣ ਤੋਂ ਰੋਕ ਦਿੱਤਾ ਗਿਆ ਸੀ। ਹਾਲਾਂਕਿ, ਤਿਰੂਪਤੀ ਦੇ ਜ਼ਿਲ੍ਹਾ ਕੁਲੈਕਟਰ ਕੇ.ਵੀ. ਰਮਨ ਰੈਡੀ ਨੇ ਕਿਹਾ ਕਿ ਜਾਂਚ 'ਚ ਪਤਾ ਲੱਗਾ ਹੈ ਕਿ ਇਹ ਦੋਸ਼ ਝੂਠਾ ਹੈ। ਕਲੈਕਟਰ ਨੇ ਮੰਗਲਵਾਰ ਨੂੰ ਕਿਹਾ ਕਿ ਔਰਤ ਮਾਨਸਿਕ ਤੌਰ 'ਤੇ ਅਸਥਿਰ ਸੀ ਅਤੇ ਹਸਪਤਾਲ ਦੇ ਖੇਤਰ 'ਚ ਬੇਵਜ੍ਹਾ ਘੁੰਮ ਰਹੀ ਸੀ। ਪੇਟ 'ਚ ਤੇਜ਼ ਦਰਦ ਹੋਣ ਕਾਰਨ ਉਹ ਸੜਕ 'ਤੇ ਡਿੱਗ ਗਈ।

ਹਸਪਤਾਲ ਦੇ ਸੁਪਰਡੈਂਟ ਵੱਲੋਂ ਸੌਂਪੀ ਗਈ ਜਾਂਚ ਰਿਪੋਰਟ ਦਾ ਹਵਾਲਾ ਦਿੰਦੇ ਹੋਏ ਕੁਲੈਕਟਰ ਨੇ ਦੱਸਿਆ ਕਿ ਬਿਲਾ-ਸਪੁਰ ਦੀ ਰਹਿਣ ਵਾਲੀ 21 ਸਾਲਾ ਔਰਤ ਨੇ ਸਿਹਤਮੰਦ ਬੱਚੀ ਨੂੰ ਜਨਮ ਦਿੱਤਾ ਹੈ ਅਤੇ ਦੋਵਾਂ ਦੀ ਹਸਪਤਾਲ ਵਿੱਚ ਦੇਖਭਾਲ ਕੀਤੀ ਜਾ ਰਹੀ ਹੈ। ਰਮਨ ਰੈਂਡੀ ਨੇ ਦੱਸਿਆ,"ਇਹ ਔਰਤ ਬੀਤੀ ਐਤਵਾਰ ਸ਼ਾਮ ਕਰੀਬ 4:10 ਵਜੇ ਸ਼੍ਰੀ ਵੈਂਕਟੇਸ਼ਵਰ ਮੈਡੀਕਲ ਕਾਲਜ ਦੇ ਹੋਸਟਲ



ਦੇ ਕੋਲ ਸੜਕ 'ਤੇ ਡਿੱਗ ਗਈ। ਸਥਾਨਕ ਲੋਕਾਂ ਨੇ ਉਸ ਨੂੰ ਦੇਖਿਆ ਤਾਂ ਪਤਾ ਲੱਗਾ ਕਿ ਉਹ ਜਣੇਪੇ ਦੇ ਦਰਦ ਤੋਂ ਲੰਘ ਰਹੀ ਸੀ। ਹਸਪਤਾਲ ਦੇ ਸਟਾਫ਼ ਦੇ ਪਹੁੰਚਣ ਤੋਂ ਪਹਿਲਾਂ ਹੀ ਉਸ ਨੇ ਸਥਾਨਕ ਲੋਕਾਂ ਦੀ ਮਦਦ ਨਾਲ ਬੱਚੀ ਨੂੰ ਜਨਮ ਦਿੱਤਾ।

## ਬਿਹਾਰ ਦੇ ਵੈਸ਼ਾਲੀ 'ਚ ਜਲੂਸ 'ਚ ਵੜਿਆ ਟਰੱਕ, 12 ਦੀ ਮੌਤ

ਨਵੀਂ ਦਿੱਲੀ, 24 ਨਵੰਬਰ (ਪੋਸਟ ਬਿਊਰੋ)- ਬਿਹਾਰ ਦੇ ਵੈਸ਼ਾਲੀ ਜ਼ਿਲ੍ਹੇ ਦੇ ਦੇਸਾਰੀ ਥਾਣੇ ਅਧੀਨ ਪੈਂਦੇ ਪਿੰਡ ਸੁਲਤਾਨਪੁਰ ਨੇੜੇ ਇੱਕ ਧਾਰਮਿਕ ਜਲੂਸ ਵਿੱਚ ਤੇਜ਼ ਰਫ਼ਤਾਰ ਟਰੱਕ ਦੀ ਲਪੇਟ ਵਿੱਚ ਆਉਣ ਕਾਰਨ ਔਰਤਾਂ ਅਤੇ ਬੱਚਿਆਂ ਸਮੇਤ ਕਰੀਬ 12 ਲੋਕਾਂ ਦੀ ਮੌਤ ਹੋ ਗਈ। ਇਹ ਘਟਨਾ ਰਾਜ ਦੀ ਰਾਜਧਾਨੀ ਪਟਨਾ ਤੋਂ ਕਰੀਬ 30 ਕਿਲੋਮੀਟਰ ਦੂਰ ਵੈਸ਼ਾਲੀ ਜ਼ਿਲੇ 'ਚ ਰਾਤ ਕਰੀਬ 9 ਵਜੇ ਵਾਪਰੀ। ਸਥਾਨਕ ਰਾਸ਼ਟਰੀ ਜਨਤਾ ਦਲ ਦੇ ਵਿਧਾਇਕ ਮੁਕੇਸ਼ ਰੋਸ਼ਨ ਨੇ ਮੌਕੇ 'ਤੇ ਪਹੁੰਚ ਕੇ ਕਿਹਾ, "ਇਸ ਹਾਦਸੇ ਵਿਚ 12 ਲੋਕਾਂ ਦੀ ਮੌਤ ਹੋ ਗਈ ਹੈ। 9 ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ ਤਿੰਨ ਹੋਰਾਂ ਨੇ ਹਸਪਤਾਲ ਲਿਜਾਂਦੇ ਸਮੇਂ ਰਸਤੇ 'ਚ ਦਮ ਤੋੜ ਦਿੱਤਾ। ਵੈਸ਼ਾਲੀ ਦੇ ਪੁਲਿਸ ਸੁਪਰਡੈਂਟ ਮਨੀਸ਼ ਕੁਮਾਰ ਨੇ ਕਿਹਾ, "ਮਰਨ ਵਾਲਿਆਂ ਵਿੱਚ ਘੱਟੋ-ਘੱਟ ਚਾਰ ਬੱਚੇ ਸ਼ਾਮਲ ਹਨ। ਅਸੀਂ ਟਰੱਕ ਡਰਾਈਵਰ ਨੂੰ ਨੁਕਸਾਨੇ ਵਾਹਨ ਵਿੱਚੋਂ ਬਾਹਰ ਕੱਢਣ ਦੀ ਕੋਸ਼ਿਸ਼ ਕਰ ਰਹੇ ਹਾਂ, ਉਸ ਦੇ ਵੀ ਮਾਰੇ ਜਾਣ ਦਾ ਖਦਸ਼ਾ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਘਟਨਾ 'ਤੇ ਦੁੱਖ ਪ੍ਰਗਟ ਕੀਤਾ ਹੈ। ਪੀਐਮਓ ਦੀ ਤਰਫੋਂ ਟਵੀਟ ਕਰਕੇ ਕਿਹਾ ਗਿਆ ਹੈ ਕਿ ਬਿਹਾਰ ਦੇ ਵੈਸ਼ਾਲੀ ਵਿੱਚ ਹੋਇਆ ਹਾਦਸਾ ਦੁਖਦ ਹੈ। ਪ੍ਰਧਾਨ ਮੰਤਰੀ ਨੇ ਦੁਖੀ ਪਰਿਵਾਰਾਂ ਪ੍ਰਤੀ ਹਮਦਰਦੀ ਪ੍ਰਗਟਾਈ ਹੈ। ਸਾਰੇ ਮ੍ਰਿਤਕਾਂ ਨੂੰ 2 ਲੱਖ ਰੁਪਏ ਦਾ ਮੁਆਵਜ਼ਾ ਦਿੱਤਾ ਜਾਵੇਗਾ ਅਤੇ ਨਾਲ ਹੀ ਜ਼ਖਮੀਆਂ ਨੂੰ ਸਹੀ ਇਲਾਜ ਲਈ 50,000 ਰੁਪਏ ਦਿੱਤੇ ਜਾਣਗੇ।

## ਆਫਤਾਬ ਨੇ ਕਬੂਲਿਆ, 'ਗੁੱਸੇ 'ਚ ਸ਼ਰਧਾ ਦਾ ਕਤਲ', ਪਰ ਅਦਾਲਤ ਨਹੀਂ ਮੰਨ ਰਹੀ ਇਸ ਨੂੰ ਸਬੂਤ

ਨਵੀਂ ਦਿੱਲੀ, 24 ਨਵੰਬਰ (ਪੋਸਟ ਬਿਊਰੋ)- ਸ਼ਰਧਾ ਵਾਕਰ ਕਤਲ ਮਾਮਲੇ ਦੀ ਜਾਂਚ ਕਰ ਰਹੀ ਦਿੱਲੀ ਪੁਲਿਸ ਦੇ ਸਾਹਮਣੇ ਵੱਡੀ ਮੁਸ਼ਕਲ ਆ ਗਈ ਹੈ। ਸ਼ਰਧਾ ਵਾਕਰ ਮਰਡਰ ਦੇ ਲਿਵ-ਇਨ ਪਾਰਟਨਰ ਅਤੇ ਕਾਤਲ ਆਫਤਾਬ ਅਮੀਨ ਪੂਨਾਵਾਲਾ ਨੂੰ ਅੱਜ ਸਾਕੇਤ ਅਦਾਲਤ ਵਿੱਚ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ ਕੀਤਾ ਗਿਆ। ਇੱਥੇ ਆਫਤਾਬ ਨੇ ਸ਼ਰਧਾ ਦਾ ਕਤਲ ਕਰਨ ਅਤੇ ਲਾਸ਼ ਦੇ ਟੁਕੜੇ-ਟੁਕੜੇ ਕਰਨ ਦੀ ਗੱਲ ਕਬੂਲ ਕੀਤੀ ਪਰ ਇਸ ਨੂੰ ਆਫਤਾਬ ਖਿਲਾਫ ਸਬੂਤ ਵਜੋਂ ਨਹੀਂ ਵਰਤਿਆ ਜਾ ਸਕਦਾ। ਦਰਅਸਲ, ਆਫਤਾਬ ਪੂਨਾਵਾਲਾ ਦਾ ਇਹ ਮੁਢਲਾ ਕਬੂਲਨਾਮਾ ਮੈਜਿਸਟਰੇਟ ਦੇ ਸਾਹਮਣੇ ਨਹੀਂ ਕੀਤਾ ਗਿਆ ਹੈ ਅਤੇ ਇਸ ਨੂੰ ਮੰਨਣਯੋਗ ਸਬੂਤ ਬਣਾਉਣ ਲਈ ਅਜਿਹਾ ਕਰਨਾ ਜ਼ਰੂਰੀ ਹੈ।

ਆਫਤਾਬ ਪੂਨਾਵਾਲਾ ਦਾ ਅੱਜ ਅਦਾਲਤ ਵਿੱਚ ਦੁਹਰਾਇਆ ਗਿਆ ਬਿਆਨ ਵੀ ਸਬੂਤ ਵਜੋਂ ਨਹੀਂ ਗਿਣਿ-ਆ ਜਾਵੇਗਾ; ਕਿਉਂਕਿ ਉਸ ਨੂੰ ਰਿਮਾਂਡ 'ਤੇ ਲੈਣ ਦੀ ਸੁਣਵਾਈ ਸੀ। ਇਸ ਨੂੰ



ਅਸਲ ਸੁਣਵਾਈ ਨਹੀਂ ਕਿਹਾ ਜਾ ਸਕਦਾ। ਅਦਾਲਤ ਵਿੱਚ ਆਫਤਾਬ ਦੀ ਇਹ ਦੂਜੀ ਵਰਚੁਅਲ ਪੇਸ਼ੀ ਸੀ। ਰਿਪੋਰਟਾਂ ਮੁਤਾਬਿਕ ਦਾਅਵਾ ਕੀਤਾ ਗਿਆ ਹੈ ਕਿ ਆਫਤਾਬ ਨੇ ਅਦਾਲਤ ਵਿੱਚ ਕਤਲ ਦਾ ਇਕਬਾਲ ਕੀਤਾ ਹੈ। ਆਫਤਾਬ ਨੇ ਜੱਜ ਨੂੰ ਦੱਸਿਆ ਕਿ ਉਸ ਨੇ ਗੁੱਸੇ 'ਚ ਸ਼ਰਧਾ ਦਾ ਕਤਲ ਕੀਤਾ ਹੈ। ਉਸਨੇ ਇਹ ਵੀ ਕਿਹਾ ਕਿ ਉਸਨੇ ਪੁਲਿਸ ਨੂੰ ਸਾਰੀ ਗੱਲ ਦੱਸ ਦਿੱਤੀ ਹੈ। ਹੁਣ ਇਸ ਘਟਨਾ ਨੂੰ ਯਾਦ ਕਰਨਾ ਔਖਾ ਹੈ।

ਸੂਤਰਾਂ ਦੇ ਹਵਾਲੇ ਤੋਂ ਦੱਸਿਆ ਗਿਆ ਹੈ ਕਿ ਆਫਤਾਬ ਦਾ ਪੋਲੀਗ੍ਰਾਫ਼ ਟੈਸਟ ਮੰਗਲਵਾਰ ਸ਼ਾਮ ਨੂੰ ਰੋਹਿਣੀ ਐਫਐਸਐਲ ਲੈਬ ਵਿੱਚ ਸ਼ੁਰੂ ਹੋਇਆ। ਇਸ ਤੋਂ ਇਲਾਵਾ ਸਾਕੇਤ ਅਦਾਲਤ ਨੇ ਆਫਤਾਬ ਨੂੰ ਪਰਿਵਾਰ ਨਾਲ ਮਿਲਣ ਦੀ ਇਜਾਜ਼ਤ ਦੇ ਦਿੱਤੀ ਹੈ।

ਪੁਲਿਸ ਕੋਲ ਇਸ ਮਾਮਲੇ ਵਿੱਚ ਕੋਈ ਮੁੱਢਲਾ ਗਵਾਹ ਨਹੀਂ ਹੈ। ਹਾਂ, ਇਸ ਵੇਲੇ ਪੁਲਿਸ ਕੋਲ ਛੇ ਮਹੀਨੇ ਪਹਿਲਾਂ ਹੋਏ ਕਤਲ ਦੇ ਹਾਲਾਤੀ ਸਬੂਤ ਹਨ। ਪੁਲਿਸ ਇਸ ਨੂੰ ਇੱਕ ਠੋਸ ਕੇਸ ਬਣਾਉਣ ਲਈ ਫੋਰੈਂਸਿਕ ਵਿਗਿਆਨ 'ਤੇ ਭਰੋਸਾ ਕਰ ਰਹੀ ਹੈ, ਜਿੱਥੇ ਹਰ ਕਦਮ ਦੀ ਸੁਤੰਤਰ ਤੌਰ 'ਤੇ ਪੁਸ਼ਟੀ ਕੀਤੀ ਜਾਣੀ ਹੈ।

ਆਫਤਾਬ ਪੂਨਾਵਾਲਾ ਨੇ ਪੁਲਸ ਨੂੰ ਦੱਸਿਆ ਹੈ ਕਿ ਉਸ ਨੇ 18 ਮਈ ਨੂੰ ਸ਼ਰਧਾ ਵਾਕਰ ਦਾ ਕਤਲ ਕੀਤਾ ਸੀ। ਪਰ ਲਾਸ਼ ਦੇ ਸਾਰੇ ਟੁਕੜੇ ਨਹੀਂ ਮਿਲੇ ਹਨ, ਖਾਸ ਕਰਕੇ ਸ਼ਰਧਾ ਦਾ ਸਿਰ। ਤਾਂ ਕਿ ਪੁਲਿਸ ਇਹ ਸਾਬਤ ਕਰ ਸਕੇ ਕਿ ਸ਼ਰਧਾ 18 ਮਈ ਤੋਂ ਬਾਅਦ ਜ਼ਿੰਦਾ ਨਹੀਂ ਸੀ। ਅਜਿਹੇ 'ਚ ਪੁਲਸ ਸ਼ਰਧਾ ਦੇ ਕਰੀਬੀ ਰਿਸ਼ਤੇਦਾਰਾਂ ਅਤੇ ਦੋਸਤਾਂ ਨਾਲ ਵੀ ਸੰਪਰਕ ਕਰ ਰਹੀ ਹੈ, ਤਾਂ ਜੋ ਪਤਾ ਲੱਗ ਸਕੇ ਕਿ ਸ਼ਰਧਾ ਨੇ 18 ਮਈ ਤੋਂ ਬਾਅਦ ਉਨ੍ਹਾਂ ਨਾਲ ਸੰਪਰਕ ਕੀਤਾ ਸੀ ਜਾਂ ਨਹੀਂ।

ਇਸ ਦੇ ਨਾਲ ਹੀ ਆਫ਼ਤਾਬ ਪੂਨਾਵਾਲਾ ਵੱਲੋਂ ਦੱਸੀਆਂ ਥਾਵਾਂ ਤੋਂ ਪੁਲਿਸ ਵੱਲੋਂ ਬਰਾਮਦ ਕੀਤੀਆਂ ਗਈਆਂ ਹੱਡੀਆਂ ਅਤੇ ਮਨੁੱਖੀ ਜਬਾੜੇ ਭਾਵੇਂ ਉਹ ਸ਼ਰਧਾ ਨਾਲ ਸਬੰਧਤ ਹਨ ਜਾਂ ਨਹੀਂ, ਉਸ ਦੇ ਪਿਤਾ ਅਤੇ ਭਰਾ ਦਾ ਡੀਐਨਏ ਮੈਚ ਕਰਵਾਇਆ ਜਾ ਰਿਹਾ ਹੈ, ਜਿਸ ਦੀ ਰਿਪੋਰਟ ਸੈਂਟਰਲ ਨੂੰ ਭੇਜ ਦਿੱਤੀ ਗਈ ਹੈ। ਫੋਰੈਂਸਿਕ ਸਾਇੰਸ ਲੈਬਾਰਟਰੀ (ਸੀ.ਐਫ.ਐਸ.ਐਲ.) ਦੇ ਇੱਕ ਹਫ਼ਤੇ ਦੇ ਅੰਦਰ ਆਉਣ ਦੀ ਉਮੀਦ ਹੈ। ਸਭ ਤੋਂ ਮਹੱਤਵਪੂਰਨ ਚੀਜ਼ ਹੈ ਕਤਲ ਦਾ ਹਥਿਆਰ।

ਸਭ ਤੋਂ ਖਾਸ ਗੱਲ ਉਹ ਕਤਲ ਵਾਲਾ ਹਥਿਆਰ ਹੈ ਜਿਸ ਨਾਲ ਆਫਤਾਬ ਨੇ ਸ਼ਰਧਾ ਦਾ ਕਤਲ ਕੀਤਾ ਸੀ। ਪੂਨਾਵਾਲਾ ਨੇ ਦਾਅਵਾ ਕੀਤਾ ਕਿ ਉਸ ਨੇ ਆਪਣੀ ਪ੍ਰੇਮਿਕਾ ਦਾ ਗਲਾ ਘੁੱਟਿਆ ਸੀ। ਪੁਲਿਸ ਨੇ ਲਾਸ਼ ਦੇ ਟੁਕੜੇ-ਟੁਕੜੇ ਕਰਨ ਲਈ ਵਰਤੇ ਗਏ ਹਥਿਆਰ ਬਰਾਮਦ ਕਰ ਲਏ ਹਨ, ਪਰ ਛੇ ਮਹੀਨੇ ਬਾਅਦ ਵੀ ਉਨ੍ਹਾਂ ਤੋਂ ਫੋਰੈਂਸਿਕ ਸਬੂਤ ਮਿਲਣ ਦੀ ਉਮੀਦ ਘੱਟ ਹੈ।

ਇਸ ਦੇ ਨਾਲ ਹੀ ਦਿੱਲੀ ਪੁਲਿਸ ਨੂੰ ਆਫਤਾਬ ਦੇ ਬਾਥਰੂਮ ਦੀਆਂ ਟਾਈਲਾਂ ਤੋਂ ਅਹਿਮ ਸਬੂਤ ਮਿਲੇ ਹਨ। ਫੋਰੈਂਸਿਕ ਮਾਹਿਰਾਂ ਨੇ ਇਹ ਸਬੂਤ ਹਾਸਲ ਕੀਤੇ ਹਨ। ਸਬੂਤ ਕੀ ਹਨ, ਇਹ ਅਜੇ ਤੱਕ ਨਹੀਂ ਦੱਸਿਆ ਗਿਆ ਹੈ। ਇਸ ਤੋਂ ਪਹਿਲਾਂ ਆਫਤਾਬ ਦੇ ਬਾਥਰੂਮ ਦੀਆਂ ਟਾਈਲਾਂ 'ਤੇ ਵੀ ਖੂਨ ਦੇ ਨਿਸ਼ਾਨ ਮਿਲੇ ਸਨ। ਮਾਹਿਰਾਂ ਦੀ ਰਿਪੋਰਟ ਆਉਣ ਵਿੱਚ 2 ਹਫ਼ਤੇ ਲੱਗਣਗੇ। ਕਤਲ ਦਾ ਉਦੇਸ਼ ਵੀ ਇੱਕ ਸਮੱਸਿਆ ਹੈ, ਕਿਉਂਕਿ ਆਫਤਾਬ ਪੂਨਾਵਾਲਾ ਨੇ ਦਾਅਵਾ ਕੀਤਾ ਹੈ ਕਿ ਇਹ ਪਹਿਲਾਂ ਤੋਂ ਯੋਜਨਾਬੱਧ ਨਹੀਂ ਸੀ। ਉਸ ਨੇ ਝਗੜੇ ਦੌਰਾਨ ਭੜਕਾਹਟ ਅਤੇ ਗੁੱਸੇ ਵਿੱਚ ਸ਼ਰਧਾ ਦਾ ਗਲਾ ਘੁੱਟ ਦਿੱਤਾ ਸੀ।

## ਫੌਜ ਵਿਚ ਭਰਤੀ ਹੋਏ ਬਿਨਾਂ ਚਾਰ ਮਹੀਨੇ ਕੀਤੀ ਨੌਕਰੀ, ਖੁਲਾਸੇ ਤੋਂ ਬਾਅਦ ਹੜਕੰਪ

ਉੱਤਰ ਪ੍ਰਦੇਸ਼, 24 ਨਵੰਬਰ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਵਿੱਚ ਇੱਕ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ। ਇੱਥੇ ਮਨੋਜ ਕੁਮਾਰ ਨਾਂ ਦੇ ਵਿਅਕਤੀ ਨੂੰ ਕਦੇ ਵੀ ਭਾਰਤੀ ਫੌਜ ਵਿੱਚ ਭਰਤੀ ਨਹੀਂ ਕੀਤਾ ਗਿਆ, ਪਰ ਉਹ ਚਾਰ ਮਹੀਨੇ ਨੌਕਰੀ ਕਰਦਾ ਰਿਹਾ ਅਤੇ ਤਨਖਾਹ ਲੈਂਦਾ ਰਿਹਾ। ਉਕਤ ਵਿਅਕਤੀ 108 ਇਨਫੈਂਟਰੀ ਬਟਾਲੀਅਨ ਪਠਾਨਕੋਟ ਵਿੱਚ ਤਾਇਨਾਤ ਸੀ। ਮਨੋਜ ਕੋਲ ਫੌਜ ਦੀ ਵਰਦੀ ਵੀ ਸੀ। ਪਰ ਚਾਰ ਮਹੀਨਿਆਂ ਬਾਅਦ ਉਸ ਨੂੰ ਅਹਿਸ-ਾਸ ਹੋਇਆ ਕਿ ਉਸ ਨਾਲ ਧੋਖਾ ਹੋਇਆ ਹੈ। ਮਨੋਜ ਨੇ ਬਾਅਦ 'ਚ ਇਸ ਦੇ ਲਈ ਐੱਫ.ਆਈ.ਆਰ. ਦਰਜ ਕਰਵਾਈ। ਇਕ ਅੰਗਰੇਜ਼ੀ ਵੈੱਬਸਾਈਟ ਮੁਤਾਬਕ ਮਨੋਜ ਕੁਮਾਰ ਦੀ ਨਿਯੁਕਤੀ ਇਸ ਸਾਲ ਜੁਲਾਈ 'ਚ ਹੋਈ ਸੀ। ਉਸ ਨੇ ਚਾਰ ਮਹੀਨੇ ਕੰਮ ਵੀ ਕੀਤਾ ਅਤੇ ਹਰ ਮਹੀਨੇ 12 ਹਜ਼ਾਰ 500 ਤਨਖਾਹ ਮਿਲਦੀ ਰਹੀ।

ਮਨੋਜ ਕੁਮਾਰ ਨੂੰ ਭਾਰਤੀ ਫੌਜ ਵਿੱਚ ਕਾਂਸਟੇਬਲ ਰਾਹੁਲ ਸਿੰਘ ਨੇ ਭਰਤੀ



ਕੀਤਾ ਸੀ। ਉਸ ਨੇ ਇਸ ਬਦਲੇ ਮਨੋਜ ਤੋਂ 16 ਲੱਖ ਰੁਪਏ ਲਏ ਸਨ। ਧੋਖਾਧੜੀ ਦਾ ਮਾਮਲਾ ਮਨੋਜ ਦੀ ਸ਼ਿਕਾਇਤ ਤੋਂ ਬਾਅਦ ਸਾਹਮਣੇ ਆਇਆ। ਪੁਲਸ ਨੇ ਮੇਰਠ ਦੇ ਰਹਿਣ ਵਾਲੇ ਰਾਹੁਲ ਸਿੰਘ ਅਤੇ ਉਸ ਦੇ ਸਾਥੀ ਬਿੱਟੂ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਰਾਹੁਲ ਦਾ ਇੱਕ ਹੋਰ ਸਾਥੀ ਫਰਾਰ ਹੈ ਅਤੇ ਪੁਲਿਸ ਉਸ ਦੀ ਭਾਲ ਕਰ ਰਹੀ ਹੈ। ਤਿੰਨੋਂ ਮੁਲਜ਼ਮਾਂ ਖ਼ਿਲਾਫ਼ ਆਈਪੀਸੀ ਦੀ ਧਾਰਾ 420 (ਧੋਖਾਧੜੀ), 467, 471, 406, 323, 506 ਅਤੇ 120ਬੀ ਤਹਿਤ ਕੇਸ ਦਰਜ ਕੀਤਾ ਗਿਆ ਹੈ।

ਮਨੋਜ ਕੁਮਾਰ ਨੇ ਦੱਸਿਆ ਕਿ ਮੈਨੂੰ 272 ਟਰਾਂਜ਼ਿਟ ਕੈਂਪ ਵਿੱਚ ਬੁਲ-ਾਇਆ ਗਿਆ ਅਤੇ ਇੱਕ ਸੀਨੀਅਰ ਦਿੱਖ ਵਾਲਾ ਫੌਜੀ ਅਧਿਕਾਰੀ ਮੈਨੂੰ ਕੈਂਪ ਦੇ ਅੰਦਰ ਲੈ ਗਿਆ ਜਿੱਥੇ ਮੇਰੇ ਹੁਨਰ ਦੀ ਜਾਂਚ ਕੀਤੀ ਗਈ ਅਤੇ ਬਾਅਦ ਵਿੱਚ ਮੇਰੀ ਸਰੀਰਕ ਜਾਂਚ ਕੀਤੀ ਗਈ। ਜਲਦੀ ਹੀ ਮੈਨੂੰ ਰਾਹੁਲ ਸਿੰਘ ਨੇ ਦੱਸਿਆ ਕਿ ਮੇਰਾ ਦਾਖਲਾ ਹੋ ਗਿਆ ਹੈ ਪਰ ਸ਼ੁਰੂ ਵਿਚ ਮੈਨੂੰ ਕਈ ਕੰਮ ਕਰਨੇ ਪੈਣਗੇ। ਮੈਨੂੰ ਇੱਕ ਰਾਈਫਲ ਵੀ ਦਿੱਤੀ ਗਈ ਅਤੇ ਕੈਂਪ ਵਿੱਚ ਹੀ ਇੱਕ ਸੰਤਰੀ ਵਜੋਂ ਤਾਇਨਾਤ ਕੀਤਾ ਗਿਆ।

ਉਸਨੇ ਕਿਹਾ, ਜਿਵੇਂ-ਜਿਵੇਂ ਸਮਾਂ ਬੀਤਦਾ ਗਿਆ, ਮੈਂ ਹੋਰ ਜਵਾਨਾਂ ਨਾਲ ਗੱਲਬਾਤ ਕੀਤੀ ਅਤੇ ਜਦੋਂ ਉਨ੍ਹਾਂ ਨੇ ਮੇਰਾ ਨਿਯੁਕਤੀ ਪੱਤਰ ਅਤੇ ਆਈਡੀ ਦੇਖੀ ਤਾਂ ਉਨ੍ਹਾਂ ਨੇ ਕਿਹਾ ਕਿ ਇਹ ਫਰਜ਼ੀ ਸੀ। ਜਦੋਂ ਮੈਂ ਰਾਹੁਲ ਸਿੰਘ ਨਾਲ ਗੱਲ ਕੀਤੀ ਤਾਂ ਉਨ੍ਹਾਂ ਨੇ ਜਾਅਲੀ ਦਸਤਾਵੇਜ਼ ਦੀ ਥਿਊਰੀ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ। ਮੇਰੇ ਤੋਂ ਛੁਟਕਾਰਾ ਪਾਉਣ ਲਈ, ਉਨ੍ਹਾਂ ਨੇ ਮੈਨੂੰ ਅਕਤੂਬਰ ਦੇ ਅੰਤ ਵਿੱਚ ਕਾਨਪੁਰ ਵਿੱਚ ਇੱਕ ਸਰੀਰਕ ਸਿਖਲਾਈ ਅਕੈਡਮੀ ਵਿੱਚ ਭੇਜ ਦਿੱਤਾ। ਉਥੋਂ ਮੈਨੂੰ ਘਰ ਭੇਜ ਦਿੱਤਾ ਗਿਆ। ਹਾਲ ਹੀ ਵਿਚ ਜਦੋਂ ਮੈਂ ਉਸ ਨੂੰ ਮਿਲਿਆ ਤਾਂ ਉਸ ਨੇ ਮੈਨੂੰ ਡਰਾਉਣਾ ਸ਼ੁਰੂ ਕਰ ਦਿੱਤਾ।



# ਭਾਰਤ-ਆਸਟ੍ਰੇਲੀਆ ਐਫਟੀਏ ਨੂੰ ਮਨਜ਼ੂਰੀ, 6 ਹਜ਼ਾਰ ਤੋਂ ਵੱਧ ਭਾਰਤੀ ਉਤਪਾਦ ਆਸਟ੍ਰੇਲੀਆਈ ਬਾਜ਼ਾਰ ਵਿੱਚ ਜਾਣਗੇ

ਕੈਨਬਰਾ, 24 ਨਵੰਬਰ (ਪੋਸਟ ਬਿਊਰੋ)- ਆਸਟ੍ਰੇਲੀਆ ਦੀ ਸੰਸਦ ਨੇ ਮੰਗਲਵਾਰ ਨੂੰ ਭਾਰਤ ਨਾਲ ਮੁਕਤ ਵਪਾਰ ਸਮਝੌਤੇ (ਐਫਟੀਏ) ਨੂੰ ਮਨਜ਼ੂਰੀ ਦੇ ਦਿੱਤੀ ਹੈ। ਹੁਣ ਦੋਵੇਂ ਦੇਸ਼ ਆਪਸੀ ਸਹਿਮਤੀ ਨਾਲ ਤੈਅ ਕਰਨਗੇ ਕਿ ਇਹ ਸਮਝੌਤਾ ਕਿਸ ਤਰੀਕ ਤੋਂ ਲਾਗੂ ਹੋਵੇਗਾ। ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ ਨੇ ਇੱਕ ਟਵੀਟ ਵਿੱਚ ਇਹ ਜਾਣਕਾਰੀ ਦਿੱਤੀ। ਉਨ੍ਹਾਂ ਲਿਖਿਆ, "ਵੱਡੀ ਖਬਰ, ਭਾਰਤ ਨਾਲ ਸਾਡਾ ਮੁਕਤ ਵਪਾਰ ਸਮਝੌਤਾ ਸੰਸਦ ਦੁਆਰਾ ਪਾਸ ਕੀਤਾ ਗਿਆ ਹੈ।"



ਭਾਰਤ-ਆਸਟ੍ਰੇਲੀਆ ਆਰਥਿਕ ਸਹਿਯੋਗ ਅਤੇ ਵਪਾਰ ਸਮਝੌਤੇ ਨੂੰ ਲਾਗੂ ਹੋਣ ਤੋਂ ਪਹਿਲਾਂ ਆਸਟਰੇਲੀਆਈ ਸੰਸਦ ਦੁਆਰਾ ਮਨਜ਼ੂਰੀ ਦੀ ਲੋੜ ਸੀ। ਕੇਂਦਰੀ ਮੰਤਰੀ ਮੰਡਲ ਭਾਰਤ ਵਿੱਚ ਅਜਿਹੇ ਸਮਝੌਤਿਆਂ ਨੂੰ ਮਨਜ਼ੂਰੀ ਦਿੰਦਾ ਹੈ।

ਵਣਜ ਅਤੇ ਉਦਯੋਗ ਮੰਤਰੀ ਪੀਯੂਸ਼ ਗੋਇਲ ਨੇ ਇੱਕ ਟਵੀਟ ਵਿੱਚ ਕਿਹਾ, "ਖੁਸ਼ੀ ਦੀ ਗੱਲ ਹੈ ਕਿ ਭਾਰਤ-ਆਸਟਰੇਲੀਆ ਆਰਥਿਕ ਸਹਿਯੋਗ ਅਤੇ ਵਪਾਰ ਸਮਝੌਤਾ ਆਸਟਰੇਲੀਆਈ ਸੰਸਦ ਦੁਆਰਾ ਪਾਸ ਕੀਤਾ ਗਿਆ ਹੈ। ਸਾਡੀ ਡੂੰਘੀ ਦੋਸਤੀ ਨੂੰ ਦੇਖਦੇ ਹੋਏ, ਇਹ ਸਾਡੇ ਲਈ ਵਪਾਰਕ ਸਬੰਧਾਂ ਨੂੰ ਇਸਦੀ ਪੂਰੀ ਸਮਰੱਥਾ ਤੱਕ ਵਧਾਉਣ ਅਤੇ ਵੱਡੇ ਪੈਮਾਨੇ 'ਤੇ ਆਰਥਿਕ ਵਿਕਾਸ ਨੂੰ ਅੱਗੇ ਵਧਾਉਣ ਲਈ ਪੜਾਅ ਤੈਅ ਕਰਦਾ ਹੈ।"

ਇਕ ਅਧਿਕਾਰੀ ਨੇ ਦੱਸਿਆ ਕਿ ਹੁਣ ਦੋਵੇਂ ਧਿਰਾਂ ਆਪਸੀ ਸਹਿਮਤੀ ਨਾਲ ਫੈਸਲਾ ਲੈਣਗੀਆਂ ਕਿ ਇਹ ਸਮਝੌਤਾ ਕਿਸ ਤਰੀਕ ਤੋਂ ਲਾਗੂ ਹੋਵੇਗਾ। ਕਸਟਮ ਅਧਿਕਾਰੀ ਇਸ ਸਬੰਧੀ ਨੋਟੀਫਿਕੇਸ਼ਨ ਜਾਰੀ ਕਰਨਗੇ।

ਐਫਟੀਏ ਦੇ ਲਾਗੂ ਹੋਣ ਤੋਂ ਬਾਅਦ, ਟੈਕਸਟਾਈਲ, ਚਮੜਾ, ਫਰਨੀਚਰ, ਗਹਿਣੇ ਅਤੇ ਮਸ਼ੀਨਰੀ ਸਮੇਤ ਭਾਰਤ ਦੇ 6,000 ਤੋਂ ਵੱਧ ਉਤਪਾਦਾਂ ਨੂੰ ਆਸਟਰੇਲੀਆਈ ਬਾਜ਼ਾਰ ਵਿੱਚ ਡਿਊਟੀ ਮੁਕਤ ਪਹੁੰਚ ਮਿਲੇਗੀ।

# ਯੂਕਰੇਨ ਨੇ ਬੁਲਾਇਆ ਯੂਐਨ ਦਾ ਐਮਰਜੈਂਸੀ ਸੈਸ਼ਨ, ਰੂਸੀ ਮਿਜ਼ਾਈਲਾਂ ਦੇ ਹਮਲੇ ਤੋਂ ਬਾਅਦ ਹਨ੍ਹੇਰੇ ਵਿਚ ਯੂਕਰੇਨ

ਕੀਵ, 24 ਨਵੰਬਰ (ਪੋਸਟ ਬਿਊਰੋ)- ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਨਸਕੀ ਨੇ ਸੰਯੁਕਤ ਰਾਸ਼ਟਰ ਦੀ ਇੱਕ ਐਮਰਜੈਂਸੀ ਸੁਰੱਖਿਆ ਮੀਟਿੰਗ ਨੂੰ ਸੰਬੋਧਨ ਕੀਤਾ। ਬੁੱਧਵਾਰ ਨੂੰ ਸੁਰੱਖਿਆ ਪ੍ਰੀਸ਼ਦ ਵਿੱਚ, ਵੋਲੋਦੀਮੀਰ ਜ਼ੇਲੇਨਸਕੀ ਨੇ ਰੂਸੀ ਹਮਲਿਆਂ ਤੋਂ ਬਾਅਦ ਯੂਕਰੇਨ ਅਤੇ ਗੁਆਂਢੀ ਮੋਲਡੋਵਾ ਵਿੱਚ ਬਲੈਕਆਊਟ 'ਤੇ ਗੱਲ ਕੀਤੀ। ਯੂਕਰੇਨ ਦੀ ਬੇਨਤੀ 'ਤੇ ਬੁਲਾਇਆ ਗਿਆ ਐਮਰਜੈਂਸੀ ਸੈਸ਼ਨ, ਅਮਰੀਕਾ ਵਿੱਚ ਸ਼ਾਮ 4 ਵਜੇ ਨਿਊਯਾਰਕ ਵਿੱਚ ਵੀਡੀਓ ਲਿੰਕ ਰਾਹੀਂ ਸ਼ੁਰੂ ਹੋਇਆ। ਯੂਕਰੇਨ ਦੇ ਨੇਤਾ ਨੇ ਇੱਕ ਟਵੀਟ ਵਿੱਚ ਕਿਹਾ ਕਿ ਉਨ੍ਹਾਂ ਨੇ ਸੰਯੁਕਤ ਰਾਸ਼ਟਰ ਵਿੱਚ ਯੂਕਰੇਨ ਦੇ ਰਾਜਦੂਤ ਸਰਗੇਈ ਕਿਸਲੀਤਸਿਆ ਨੂੰ ਬੈਠਕ ਬੁਲਾਉਣ ਲਈ ਕਿਹਾ ਹੈ।



ਜ਼ੇਲੇਂਸਕੀ ਨੇ ਕਿਹਾ, "ਨਾਗਰਿਕਾਂ ਨੂੰ ਮਾਰਨਾ, ਨਾਗਰਿਕ ਬੁਨਿਆਦੀ ਢਾਂਚੇ ਨੂੰ ਤਬਾਹ ਕਰਨਾ ਅੱਤਵਾਦ ਦੀਆਂ ਕਾਰਵਾਈਆਂ ਹਨ। ਯੂਕਰੇਨ ਅੰਤਰਰਾਸ਼ਟਰੀ ਭਾਈਚਾਰੇ ਤੋਂ ਇਨ੍ਹਾਂ ਅਪਰਾਧਾਂ ਲਈ ਜਵਾਬ ਦੇਣ ਦੀ ਮੰਗ ਕਰ ਰਿਹਾ ਹੈ।"ਯੂਕਰੇਨ ਦੀ ਫੌਜ ਦਾ ਕਹਿਣਾ ਹੈ ਕਿ ਰੂਸੀ ਫੌਜ ਨੇ ਬੁੱਧਵਾਰ ਨੂੰ ਯੂਕਰੇਨ 'ਤੇ ਲਗਭਗ 70 ਮਿਜ਼ਾਈਲਾਂ ਦਾਗੀਆਂ ਅਤੇ ਹਮਲਾ ਕਰਨ ਵਾਲੇ ਡਰੋਨ ਵੀ ਤਾਇਨਾਤ ਕੀਤੇ।

ਇਸ ਹਵਾਈ ਹਮਲੇ ਕਾਰਨ ਯੂਕਰੇਨ ਦਾ ਪਹਿਲਾਂ ਤੋਂ ਪ੍ਰੇਸ਼ਾਨ ਬਿਜਲੀ ਗਰਿੱਡ ਖਰਾਬ ਹੋ ਗਿਆ। ਇਸ ਕਾਰਨ ਤਿੰਨ ਪਰਮਾਣੂ ਪਾਵਰ ਸਟੇਸ਼ਨਾਂ ਦੇ ਕੁਨੈਕਸ਼ਨ ਕੱਟੇ ਗਏ ਹਨ ਅਤੇ ਕਈ ਲੋਕਾਂ ਦੀ ਜਾਨ ਜਾ ਚੁੱਕੀ ਹੈ। ਪਾਰਾ ਜ਼ੀਰੋ ਤੋਂ ਹੇਠਾਂ ਜਾਣ ਨਾਲ, ਯੂਕਰੇਨ ਵਿੱਚ ਲੋਕ ਹੁਣ ਬਿਜਲੀ ਅਤੇ ਹੀਟਿੰਗ ਸਿਸਟਮ ਤੋਂ ਬਿਨਾਂ ਸਮਾਂ ਬਿਤਾਉਣ ਲਈ ਮਜਬੂਰ ਹਨ।

ਯੂਕਰੇਨ ਦੇ ਊਰਜਾ ਮੰਤਰਾਲੇ ਨੇ ਕਿਹਾ ਸੀ ਕਿ ਰੂਸੀ ਹਮਲਿਆਂ ਤੋਂ ਬਾਅਦ ਜ਼ਿਆਦਾਤਰ ਲੋਕਾਂ ਦੇ ਘਰਾਂ ਨੂੰ ਬਿਜਲੀ ਸਪਲਾਈ ਠੱਪ ਹੋ ਗਈ ਹੈ। ਅਧਿਕਾਰੀਆਂ ਨੇ ਬੁਨਿਆਦੀ ਢਾਂਚੇ 'ਤੇ ਹਮਲੇ ਤੋਂ ਬਾਅਦ ਕੀਵ, ਗੁਆਂਢੀ ਮਾਲਡੋਵਾ ਅਤੇ ਯੂਕਰੇਨ ਦੇ ਹੋਰ ਸ਼ਹਿਰਾਂ ਵਿੱਚ ਬਿਜਲੀ ਬੰਦ ਹੋਣ ਦੀ ਸੂਚਨਾ ਦਿੱਤੀ।

# ਚੀਨ 'ਚ ਫਿਰ ਡਰ ਰਿਹਾ ਕੋਰੋਨਾ, 1 ਦਿਨ 'ਚ ਆਏ 30 ਹਜ਼ਾਰ ਤੋਂ ਵੱਧ ਮਾਮਲੇ

ਬੀਜਿੰਗ, 24 ਨਵੰਬਰ (ਪੋਸਟ ਬਿਊਰੋ)- ਚੀਨ ਵਿੱਚ ਕੋਵਿਡ ਦੇ ਵੱਧ ਰਹੇ ਮਾਮਲਿਆਂ ਨੇ ਇੱਕ ਵਾਰ ਫਿਰ ਡਰਾ ਦਿੱਤਾ ਹੈ। ਦਰਅਸਲ, ਮਹਾਂਮਾਰੀ ਦੀ ਸ਼ੁਰੂਆਤ ਤੋਂ ਬਾਅਦ, ਇੱਕ ਦਿਨ ਵਿੱਚ ਕੋਰੋਨਾ ਦੇ ਕੇਸ ਰਿਕਾਰਡ ਉੱਚ ਪੱਧਰ 'ਤੇ ਪਹੁੰਚ ਗਏ ਹਨ। ਰਾਇਟਰਜ਼ ਦੀ ਰਿਪੋਰਟ ਦੇ ਅਨੁਸਾਰ, ਨੈਸ਼ਨਲ ਹੈਲਥ ਬਿਊਰੋ ਨੇ ਕਿਹਾ ਕਿ ਬੁੱਧਵਾਰ ਨੂੰ ਚੀਨ ਵਿੱਚ 31,454 ਮਾਮਲੇ ਦਰਜ ਕੀਤੇ ਗਏ ਸਨ, ਜਿਨ੍ਹਾਂ ਵਿੱਚੋਂ 27,517 ਮਾਮਲੇ ਬਿਨਾਂ ਲੱਛਣਾਂ ਦੇ ਸਾਹਮਣੇ ਆਏ ਸਨ। ਚੀਨ ਵਿੱਚ ਕੋਰੋਨਾ ਨੂੰ ਰੋਕਣ ਲਈ ਲਾਕਡਾਊਨ, ਮਾਸ ਟੈਸਟਿੰਗ ਅਤੇ ਯਾਤਰਾ ਪਾਬੰਦੀਆਂ ਵਰਗੇ ਉਪਾਅ ਅਪਣਾਏ ਜਾ ਰਹੇ ਹਨ।

ਹਾਲਾਂਕਿ ਕੋਰੋਨਾ ਦੇ ਨਵੇਂ ਮਾਮਲੇ ਚੀਨ ਦੀ 1.4 ਅਰਬ ਦੀ ਵੱਡੀ ਆਬਾਦੀ ਤੋਂ ਬਹੁਤ ਘੱਟ ਹਨ। ਪਰ ਬੀਜਿੰਗ ਦੀ ਸਖਤ ਜ਼ੀਰੋ ਕੋਵਿਡ ਨੀਤੀ ਦੇ ਤਹਿਤ, ਹਲਕੇ ਪ੍ਰਕੋਪ ਵੀ ਪੂਰੇ ਸ਼ਹਿਰਾਂ ਨੂੰ ਬੰਦ ਕਰ ਸਕਦੇ ਹਨ ਅਤੇ ਸੰਕਰਮਿਤ ਮਰੀਜ਼ਾਂ ਦੇ ਸੰਪਰਕ ਵਿੱਚ ਆਉਣ ਵਾਲੇ ਲੋਕਾਂ ਨੂੰ ਸਖਤੀ ਨਾਲ ਅਲੱਗ ਕਰ ਸਕਦੇ ਹਨ। ਜ਼ੀਰੋ ਕੋਵਿਡ ਨੀਤੀ ਨੇ ਵੀ ਦੇਸ਼ ਵਿੱਚ ਬਹੁਤ ਗੁੱਸਾ ਪੈਦਾ ਕੀਤਾ ਹੈ। ਨਤੀਜੇ ਵਜੋਂ ਦੁਨੀਆ ਦੀ ਦੂਜੀ ਸਭ ਤੋਂ ਵੱਡੀ ਅਰਥਵਿਵਸਥਾ 'ਚ ਵੀ ਵਿਰੋਧ ਦੇਖਣ ਨੂੰ ਮਿਲਿਆ।

# ਭਾਰਤੀਆਂ ਲਈ ਯੂਐਸ ਵੀਜ਼ਾ ਇੰਟਰਵਿਊ ਦਾ ਇੰਤਜ਼ਾਰ ਹੋਇਆ ਲੰਬਾ, 1000 ਦਿਨਾਂ ਦੀ ਲੱਗੀ ਕਤਾਰ

ਨਵੀ ਦਿੱਲੀ, 24 ਨਵੰਬਰ (ਪੋਸਟ ਬਿਊਰੋ)- ਜੇਕਰ ਤੁਸੀਂ ਸੰਯੁਕਤ ਰਾਜ (ਯੂ.ਐਸ.) ਜਾਣ ਦੀ ਤਿਆਰੀ ਕਰ ਰਹੇ ਹੋ ਅਤੇ ਇੱਕ ਵਿਜ਼ਿਟਰ ਵੀਜ਼ਾ ਚਾਹੁੰਦੇ ਹੋ - ਭਾਵੇਂ ਇਹ ਬੀ-1 (ਕਾਰੋਬਾਰੀ) ਜਾਂ ਬੀ-2 (ਟੂਰਿਸਟ) ਵੀਜ਼ਾ ਹੋਵੇ, ਤੁਹਾਨੂੰ ਘੱਟੋ-ਘੱਟ 3 ਸਾਲ ਉਡੀਕ ਕਰਨੀ ਪਵੇਗੀ। ਜੀ ਹਾਂ...ਅਮਰੀਕਾ ਲਈ ਵਿਜ਼ਿਟਰ ਵੀਜ਼ਾ ਲੈਣ ਵਾਲੇ ਭਾਰਤੀਆਂ ਲਈ ਲਗਭਗ 1000 ਦਿਨਾਂ ਦੀ ਉਡੀਕ ਦੀ ਲਾਈਨ ਹੈ। ਅਮਰੀਕੀ ਵਿਦੇਸ਼ ਵਿਭਾਗ ਨੇ ਇਸ ਮਹੀਨੇ ਦੇ ਸ਼ੁਰੂ ਵਿੱਚ ਕਿਹਾ ਸੀ ਕਿ ਉਹ ਰਾਸ਼ਟਰੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਅਮਰੀਕਾ ਦੀ ਕਾਨੂੰਨੀ ਯਾਤਰਾ ਨੂੰ ਹੋਰ ਸੁਵਿਧਾਜਨਕ ਬਣਾਉਣ ਲਈ ਵਚਨਬੱਧ ਹੈ।

ਯੂਐਸ ਸਟੇਟ ਡਿਪਾਰਟਮੈਂਟ ਦੀ ਵੈਬਸਾਈਟ ਦੇ ਅਨੁਸਾਰ, ਮੁੰਬਈ ਨਿਵਾਸੀਆਂ ਲਈ ਯੂਐਸ ਵੀਜ਼ਾ ਲਈ ਉਡੀਕ ਸਮਾਂ 999 ਦਿਨ ਹੈ, ਹੈਦਰਾਬਾਦ ਨਿਵਾਸੀਆਂ ਲਈ ਉਡੀਕ ਸਮਾਂ 994 ਦਿਨ ਹੈ। ਚੇਨਈ ਨਿਵਾਸੀਆਂ ਨੂੰ ਅਮਰੀਕੀ ਵੀਜ਼ਾ ਇੰਟਰਵਿਊ ਲਈ 948 ਦਿਨ ਉਡੀਕ ਕਰਨੀ ਪਵੇਗੀ, ਜਦਕਿ ਕੇਰਲ ਨਿਵਾਸੀਆਂ ਲਈ ਇਹ 904 ਦਿਨ ਹੈ। ਅਮਰੀਕੀ ਵਿਦੇਸ਼ ਵਿਭਾਗ ਦੀ ਵੈੱਬਸਾਈਟ ਕਹਿੰਦੀ ਹੈ ਕਿ ਅਮਰੀਕੀ ਦੂਤਾਵਾਸ ਜਾਂ ਕੌਂਸਲੇਟ ਵਿੱਚ ਇੰਟਰਵਿਊ ਦੀ ਮੁਲਾਕਾਤ ਲਈ ਉਡੀਕ ਦਾ ਸਮਾਂ ਸਾਡੇ ਦੁਆਰਾ ਸਹਿਣ ਕੀਤੇ ਗਏ ਕੰਮ ਦੇ ਬੋਝ ਜਾਂ ਸਟਾਫ ਦੀ ਉਪਲਬਧਤਾ 'ਤੇ ਨਿਰਭਰ ਕਰਦਾ ਹੈ। ਇਹ ਸਿਰਫ ਇੱਕ ਅੰਦਾਜ਼ਾ ਹੈ, ਇਸ ਗੱਲ ਦੀ ਗਾਰੰਟੀ ਨਹੀਂ ਹੈ ਕਿ ਤੁਹਾਨੂੰ ਉਸ ਦਿਨ ਇੰਟਰਾਵਊ ਮਿਲੇਗੀ।"

ਸਤੰਬਰ 'ਚ ਅਮਰੀਕਾ ਦੌਰੇ 'ਤੇ ਗਏ ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਵੀ ਇਹ ਮੁੱਦਾ ਅਮਰੀਕੀ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਕੋਲ ਉਠਾਇਆ ਸੀ। ਪਿਛਲੇ ਹਫਤੇ, ਯੂਐਸ ਸਟੇਟ ਡਿਪਾਰਟਮੈਂਟ ਨੇ ਕਿਹਾ ਸੀ ਕਿ ਯੂਐਸ ਵੀਜ਼ਾ ਪ੍ਰਕਿਰਿਆ ਤੇਜ਼ੀ ਨਾਲ ਠੀਕ ਹੋ ਰਹੀ ਹੈ ਅਤੇ ਵਿੱਤੀ ਸਾਲ 2023 ਵਿੱਚ ਪ੍ਰੀ-ਕੋਵਿਡ ਸਥਿਤੀਆਂ ਤੱਕ ਪਹੁੰਚਣ ਦੀ ਉਮੀਦ ਹੈ।

# ਬਲੋਚਿਸਤਾਨ ’ਚ ਅੱਤਵਾਦ ਨੂੰ ਨੱਥ ਪਾਉਣ ਲਈ ਪਾਕਿ ਫੌਜ ਕਰ ਰਹੀ ਚੀਨੀ ਡਰੋਨ ਦੀ ਵਰਤੋਂ

ਬਲੋਚਿਸਤਾਨ, 24 ਨਵੰਬਰ (ਪੋਸਟ ਬਿਊਰੋ)- ਪਾਕਿਸਤਾਨੀ ਫੌਜ ਬਲੋਚਿਸਤਾਨ 'ਚ ਵਿਦਰੋਹੀਆਂ ਨੂੰ ਕੁਚਲਣ ਲਈ ਚੀਨੀ ਮੂਲ ਦੇ ਲੜਾਕੂ ਡਰੋਨ ਸੀ.ਐਚ.-4 ਬੀ ਦੀ ਵਰਤੋਂ ਕਰ ਰਹੀ ਹੈ, ਜਦਕਿ ਪਾਕਿਸਤਾਨੀ ਫੌਜ ਕਈ ਸਾਲਾਂ ਤੋਂ ਬਲੋਚ ਵਿਦਰੋਹੀਆਂ ਖਿਲਾਫ ਲੜਾਕੂ ਜਹਾਜ਼ਾਂ ਅਤੇ ਡਰੋਨਾਂ ਦੀ ਵਰਤੋਂ ਕਰ ਰਹੀ ਹੈ ਅਤੇ ਹਥਿਆਰਬੰਦ ਹੈਲੀਕਾਪਟਰਾਂ ਦੀ ਵਰਤੋਂ ਕਰ ਰਹੀ ਹੈ। ਲੜਾਕੂ ਯੂਏਵੀ ਦੀ ਵਰਤੋਂ ਨਵੀਂ ਹੈ ਅਤੇ ਵਧਦੀ ਜਾ ਰਹੀ ਹੈ। ਰਿਪੋਰਟ ਅਨੁਸਾਰ, ਇਸ ਮਹੀਨੇ ਦੇ ਸ਼ੁਰੂ ਵਿੱਚ ਪਾਕਿਸਤਾਨ ਨੇ ਕਥਿਤ ਤੌਰ 'ਤੇ ਐਸਐਸਜੀ ਕਮਾਂਡੋਜ਼ ਦੇ ਨਾਲ ਮਾਨਵ ਰਹਿਤ ਹਵਾਈ ਵਾਹਨ (ਯੂਏਵੀ), ਲੜਾਕੂ ਜਹਾਜ਼ ਅਤੇ ਗਨਸ਼ਿਪ ਹੈਲੀਕਾਪਟਰ ਤਾਇਨਾਤ ਕਰਕੇ ਬੋਲਾਨ ਖੇਤਰ ਵਿੱਚ ਬਲੋਚ ਵਿਦਰੋਹੀਆਂ ਦੇ ਖਿਲਾਫ ਵੱਡੇ ਪੱਧਰ 'ਤੇ ਫੌਜੀ ਹਮਲਾ ਕੀਤਾ ਹੈ।



ਪਾਕਿਸਤਾਨ ਦੀ ਫੌਜ ਨੇ ਬਲੋਚਿਸਤਾਨ ਦੇ ਬੋਲਾਨ ਦੀ ਰੇਂਜ 'ਚ ਬਲੋਚ ਦੇਸ਼ਾਂ ਦੇ ਖਿਲਾਫ ਜੈੱਟ ਜਹਾਜ਼ਾਂ ਨੂੰ ਰੋਕਿਆ। ਪਾਕਿਸਤਾਨੀ ਫੌਜੀ ਕਾਰਵਾਈ ਦਾ ਬਲੋਚ ਮਿਲੀਸ਼ੀਆ ਦੁਆਰਾ ਵਿਰੋਧ ਕੀਤਾ ਗਿਆ ਸੀ, ਜਿਸ ਦੇ ਨਤੀਜੇ ਵਜੋਂ ਦੋ ਐਸਐਸਜੀ ਕਮਾਂਡੋ ਮਾਰੇ ਗਏ ਸਨ।

ਜਾਣਕਾਰੀ ਅਨੁਸਾਰ, ਚੀਨੀ ਸੀਐਚ-4 ਬੀ ਯੂਏਵੀ ਨੂੰ ਬਲੋਚਿਸਤਾਨ ਦੇ ਬੋਲਾਨ ਵਿੱਚ ਦੇਖਿਆ ਗਿਆ, ਜਿੱਥੇ ਵਿਦਰੋਹੀਆਂ ਨੇ ਦੋ ਐਸਐਸਜੀ ਕਮਾਂਡੋ ਨੂੰ ਮਾਰ ਦਿੱਤਾ। ਪਾਕਿਸਤਾਨ ਨੂੰ ਜਨਵਰੀ, 2021 ਵਿੱਚ ਚੀਨ ਤੋਂ ਪੰਜ ਕਾਈ ਹਾਂਗ 4 (ਰੇਨਬੋ 4, ਜਾਂ ਸੀਐਚ-4) ਮਲਟੀਰੋਲ ਮੀਡੀਅਮ-ਉਚਾਈ ਵਾਲੇ ਲੰਬੇ-ਸਹਿਣਸ਼ੀਲਤਾ (ਐਮਏਐਲਈ) ਯੂਏਵੀ ਪ੍ਰਾਪਤ ਹੋਏ ਹਨ। ਹਾਲਾਂਕਿ, ਬਾਅਦ ਵਿੱਚ ਰਿਪੋਰਟਾਂ ਨੇ ਸੁਝਾਅ ਦਿੱਤਾ ਕਿ ਇਹ ਸੀਐਚ-4 ਬੀ ਵੇਰੀਐਂਟ ਸੀ।

ਦੱਸਿਆ ਜਾ ਰਿਹਾ ਹੈ ਕਿ ਪਸਨੀ, ਗਵਾਦਰ ਸਥਿਤ ਚੀਨੀ ਪੀਐਲਏ ਦਲ ਕਥਿਤ ਤੌਰ 'ਤੇ ਇਨ੍ਹਾਂ ਸੀਐਚ-4 ਬੀ ਡਰੋਨਾਂ ਨੂੰ ਚਲਾਉਣ 'ਚ ਪਾਕਿਸਤਾਨੀ ਫੌਜ ਦੀ ਮਦਦ ਕਰਦਾ ਹੈ। ਪਾਕਿਸਤਾਨੀ ਫੌਜ ਦਾ ਪਾਸਨੀ ਵਿਖੇ ਇੱਕ ਜਲ ਸੈਨਾ ਹਵਾਈ ਸਟੇਸ਼ਨ ਹੈ, ਜਿਸਨੂੰ ਪੀਐਨਐਸ ਮਕਰਾਨ ਵਜੋਂ ਜਾਣਿਆ ਜਾਂਦਾ ਹੈ। ਪਾਕਿਸਤਾਨੀ ਫੌਜ 'ਤੇ ਬਲੋਚਿਸਤਾਨ ਦੇ ਲੋਕਾਂ ਨੇ ਉਨ੍ਹਾਂ ਦੇ ਖਿਲਾਫ ਕੀਤੀਆਂ ਵਧੀਕੀਆਂ ਦਾ ਦੋਸ਼ ਲਗਾਇਆ ਹੈ ਅਤੇ ਹਾਲ ਹੀ ਦੇ ਦਿਨਾਂ ਵਿਚ ਆਪਣੇ ਹਥਿਆਰਬੰਦ ਹਮਲੇ ਨੂੰ ਤੇਜ਼ ਕੀਤਾ ਹੈ। ਇੱਕ ਤਾਜ਼ਾ ਰਿਪੋਰਟ ਦੇ ਅਨੁਸਾਰ, ਬਲੋਚਿਸਤਾਨ ਦੀ ਮਨੁੱਖੀ ਅਧਿਕਾਰ ਕੌਂਸਲ ਨੇ ਅਕਤੂਬਰ 2022 ਦੌਰਾਨ ਬਲੋਚਿਸਤਾਨ ਵਿੱਚ ਜ਼ਬਰਦਸਤੀ ਲਾਪਤਾ ਹੋਣ ਦੇ 41 ਕੇਸ ਅਤੇ ਗੈਰ-ਨਿਆਇਕ ਫਾਂਸੀ ਦੇ 30 ਕੇਸ ਪਾਏ ਹਨ।

# ਪੀਐਮ ਦੇਉਬਾ ਲਗਾਤਾਰ ਸੱਤਵੀਂ ਵਾਰ ਜਿੱਤੇ, 50 ਸਾਲਾਂ ਵਿੱਚ ਕੋਈ ਵੀ ਸੰਸਦੀ ਚੋਣ ਨਹੀਂ ਹਾਰੇ

ਕਾਠਮੰਡੂ, 24 ਨਵੰਬਰ (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਸ਼ੇਰ ਬਹਾ-ਦੁਰ ਦੇਉਬਾ ਨੇ ਪੱਛਮੀ ਨੇਪਾਲ ਦੇ ਡਡੇਲਧੁਰਾ ਹਲਕੇ ਤੋਂ ਲਗਾਤਾਰ ਸੱਤਵੀਂ ਵਾਰ ਵੋਟਾਂ ਦੇ ਵੱਡੇ ਫਰਕ ਨਾਲ ਜਿੱਤ ਦਰਜ ਕੀਤੀ ਹੈ। ਦੇਊਬਾ (77) ਨੂੰ 25,534 ਵੋਟਾਂ ਮਿਲੀਆਂ, ਜਦੋਂ ਕਿ ਉਨ੍ਹਾਂ ਦੇ ਨੇੜਲੇ ਵਿਰੋਧੀ ਅਤੇ ਆਜ਼ਾਦ ਉਮੀਦਵਾਰ ਸਾਗਰ ਧਾਕਲ (31) ਨੂੰ 1,302 ਵੋਟਾਂ ਮਿਲੀਆਂ। ਦੇਊਬਾ ਨੇ ਆਪਣੇ ਪੰਜ ਦਹਾਕਿਆਂ ਦੇ ਸਿਆਸੀ ਕਰੀਅਰ ਵਿੱਚ ਕਦੇ ਕੋਈ ਸੰਸਦੀ ਚੋਣ ਨਹੀਂ ਹਾਰੀ। ਧਾਕਲ ਇੱਕ ਨੌਜਵਾਨ ਇੰਜੀਨੀਅਰ ਹੈ ਜਿਸਦੀ ਪੰਜ ਸਾਲ ਪਹਿਲਾਂ ਬੀਬੀਸੀ (ਬ੍ਰਿਟਿਸ਼ ਬ੍ਰੌਡਕਾਸਟਿੰਗ ਕਾਰਪੋਰੇਸ਼ਨ) ਦੇ 'ਸਾਂਝਾ ਸਵਾਲ' ਪ੍ਰੋਗਰਾਮ 'ਤੇ ਇੱਕ ਜਨਤਕ ਚਰਚਾ ਦੌਰਾਨ ਦੇਉਬਾ ਨਾਲ ਜ਼ੁਬਾਨੀ ਝਗੜਾ ਹੋਇਆ ਸੀ।



ਇਸ ਤੋਂ ਬਾਅਦ ਉਨ੍ਹਾਂ ਨੇ ਦੇਊਬਾ ਨੂੰ ਚੁਣੌਤੀ ਦੇਣ ਦਾ ਫੈਸਲਾ ਕਰਦੇ ਹੋਏ ਕਿਹਾ ਕਿ ਹੁਣ ਨੌਜਵਾਨਾਂ ਨੂੰ ਰਾਜਨੀਤੀ ਵਿੱਚ ਆਉਣਾ ਚਾਹੀਦਾ ਹੈ ਅਤੇ ਦੇਉਬਾ ਵਰਗੇ ਸੀਨੀਅਰ ਲੋਕਾਂ ਨੂੰ ਆਰਾਮ ਕਰਨਾ ਚਾਹੀਦਾ ਹੈ। ਨੇਪਾਲੀ ਕਾਂਗਰਸ ਦੇ ਪ੍ਰਧਾਨ ਦੇਉਬਾ ਇਸ ਸਮੇਂ ਪੰਜਵੀਂ ਵਾਰ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲ ਰਹੇ ਹਨ। ਸੱਤਾਧਾਰੀ ਨੇਪਾਲੀ ਕਾਂਗਰਸ ਨੇ ਹੁਣ ਤੱਕ ਪ੍ਰਤੀਨਿਧ ਸਦਨ ਦੀਆਂ 10 ਸੀਟਾਂ ਜਿੱਤੀਆਂ ਹਨ, ਜਦਕਿ ਉਹ 46 ਹੋਰ ਸੀਟਾਂ 'ਤੇ ਅੱਗੇ ਚੱਲ ਰਹੀ ਹੈ। ਨੇਪਾਲ ਵਿੱਚ ਸੰਘੀ ਸੰਸਦ ਦੀਆਂ 275 ਸੀਟਾਂ ਅਤੇ ਸੱਤ ਸੂਬਾਈ ਅਸੈਂਬਲੀਆਂ ਦੀਆਂ 550 ਸੀਟਾਂ ਲਈ ਚੋਣਾਂ ਹੋ ਰਹੀਆਂ ਹਨ। ਫੈਡਰਲ ਪਾਰਲੀਮੈਂਟ ਦੇ ਕੁੱਲ 275 ਮੈਂਬਰਾਂ ਵਿੱਚੋਂ 165 ਦੀ ਚੋਣ ਸਿੱਧੀ ਵੋਟਿੰਗ ਰਾਹੀਂ ਕੀਤੀ ਜਾਵੇਗੀ, ਜਦਕਿ ਬਾਕੀ 110 ਦੀ ਚੋਣ ‘ਅਨੁਪਾਤਕ ਚੋਣ ਪ੍ਰਣਾਲੀ’ ਰਾਹੀਂ ਕੀਤੀ ਜਾਵੇਗੀ। ਇਸੇ ਤਰ੍ਹਾਂ ਸੂਬਾਈ ਅਸੈਂਬਲੀਆਂ ਦੇ ਕੁੱਲ 550 ਮੈਂਬਰਾਂ ਵਿੱਚੋਂ 330 ਸਿੱਧੇ ਤੌਰ 'ਤੇ ਚੁਣੇ ਜਾਣਗੇ, ਜਦਕਿ 220 ਅਨੁਪਾਤਕ ਪ੍ਰਣਾਲੀ ਰਾਹੀਂ ਚੁਣੇ ਜਾਣਗੇ।

# ਐਲਨ ਮਸਕ ਦੇ ਪੋਲ ਤੋਂ ਬਾਅਦ ਡੋਨਾਲਡ ਟਰੰਪ ਦੀ ਟਵਿੱਟਰ ’ਤੇ ਵਾਪਸੀ

ਵਾਸ਼ਿੰਗਟਨ, 24 ਨਵੰਬਰ (ਪੋਸਟ ਬਿਊਰੋ)- ਡੋਨਾਲਡ ਟਰੰਪ ਲਈ ਟਵਿੱਟਰ 'ਤੇ ਵਾਪਸੀ ਦਾ ਰਸਤਾ ਸਾਫ਼ ਹੋ ਗਿਆ ਹੈ। ਟਵਿੱਟਰ ਦੀ ਪ੍ਰਾਪਤੀ ਦੇ ਸਮੇਂ ਤੋਂ ਹੀ ਇਹ ਅੰਦਾਜ਼ਾ ਲਗਾਇਆ ਜਾ ਰਿਹਾ ਸੀ ਕਿ ਟਵਿੱਟਰ ਦੇ ਮਾਲਕ ਬਣਦੇ ਹੀ ਐਲਨ ਮਸਕ ਡੋਨਾਲਡ ਟਰੰਪ ਨੂੰ ਟਵਿੱਟਰ 'ਤੇ ਵਾਪਸ ਲੈ ਆਉਣਗੇ। ਹਾਲਾਂਕਿ ਡੋਨਾਲਡ ਟਰੰਪ ਦੀ ਟਵਿੱਟਰ 'ਤੇ ਵਾਪਸੀ ਸਿੱਧੇ ਤੌਰ 'ਤੇ ਨਹੀਂ ਸਗੋਂ ਵੋਟਿੰਗ ਰਾਹੀਂ ਹੋਈ ਹੈ। ਹਾਲਾਂਕਿ ਡੋਨਾਲਡ ਟਰੰਪ ਆਪਣੀ ਵਾਪਸੀ 'ਤੇ ਅਜੇ ਖੁੱਲ੍ਹ ਕੇ ਨਹੀਂ ਬੋਲ ਰਹੇ ਹਨ।



ਐਲਨ ਮਸਕ ਨੇ ਸ਼ੁੱਕਰਵਾਰ ਸ਼ਾਮ ਨੂੰ ਟਵਿੱਟਰ 'ਤੇ ਇਕ ਪੋਲ ਵਿਚ ਪੁੱਛਿਆ ਕਿ ਕੀ ਡੋਨਾਲਡ ਟਰੰਪ ਨੂੰ ਟਵਿੱਟਰ 'ਤੇ ਵਾਪਸ ਆਉਣਾ ਚਾਹੀਦਾ ਹੈ? ਐਲਨ ਮਸਕ ਨੇ ਟਵਿੱਟਰ ਯੂਜ਼ਰਸ ਨੂੰ ਇਸ 'ਤੇ ਵੋਟ ਪਾਉਣ ਲਈ 24 ਘੰਟੇ ਦਿੱਤੇ ਹਨ। ਸ਼ਨੀਵਾਰ ਨੂੰ, 24 ਘੰਟੇ ਪੂਰੇ ਹੋਣ ਤੋਂ ਬਾਅਦ, ਐਲਨ ਮਸਕ ਨੇ ਟਵੀਟ ਕੀਤਾ, "ਲੋਕ ਬੋਲ ਚੁੱਕੇ ਹਨ। ਟਰੰਪ ਨੂੰ ਬਹਾਲ ਕੀਤਾ ਜਾਵੇਗਾ। "ਵੋਕਸ ਪੋਪੁਲੀ, ਵੌਕਸ ਦੇਈ", ਇਹ ਇੱਕ ਲਾਤੀਨੀ ਵਾਕੰਸ਼ ਹੈ, ਜਿਸਦਾ ਅਰਥ ਹੈ "ਲੋਕਾਂ ਦੀ ਆਵਾਜ਼, ਰੱਬ ਦੀ ਆਵਾਜ਼। "ਆਖਰਕਾਰ, 237 ਮਿਲੀਅਨ ਰੋਜ਼ਾਨਾ ਟਵਿੱਟਰ ਉਪਭੋਗਤਾਵਾਂ ਵਿੱਚੋਂ 15 ਮਿਲੀਅਨ ਤੋਂ ਵੱਧ ਨੇ ਟਰੰਪ ਦੇ ਪ੍ਰੋਫਾਈਲ ਨੂੰ ਬਹਾਲ ਕਰਨ ਲਈ ਵੋਟ ਦਿੱਤੀ। ਉਨ੍ਹਾਂ ਵੋਟਿੰਗਾਂ ਵਿੱਚੋਂ, 51.8 ਪ੍ਰਤੀਸ਼ਤ ਹੱਕ ਵਿੱਚ ਅਤੇ 48.2 ਪ੍ਰਤੀਸ਼ਤ ਵਿਰੁੱਧ ਸਨ।"

ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ 'ਤੇ 6 ਜਨਵਰੀ, 2021 ਨੂੰ ਕੈਪੀਟਲ ਹਿੱਲ ਹਿੰਸਾ ਤੋਂ ਬਾਅਦ ਟਵਿੱਟਰ ਵਲੋਂ ਪਾਬੰਦੀ ਲਗਾ ਦਿੱਤੀ ਗਈ ਸੀ। ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸਮਰਥਕਾਂ ਨੇ 2020 ਦੀਆਂ ਰਾਸ਼ਟਰਪਤੀ ਚੋਣਾਂ ਦੇ ਨਤੀਜਿਆਂ ਨੂੰ ਬਦਲਣ ਦੀ ਮੰਗ ਨੂੰ ਲੈ ਕੇ ਹਿੰਸਾ ਕੀਤੀ ਸੀ ਅਤੇ ਟਵਿਟਰ ਨੇ ਇਹ ਫੈਸਲਾ ਟਰੰਪ ਦੀ ਭੂਮਿਕਾ ਨੂੰ ਦੇਖਦੇ ਹੋਏ ਲਿਆ ਸੀ।

ਪਾਬੰਦੀ ਤੋਂ ਪਹਿਲਾਂ ਟਰੰਪ ਦੇ ਟਵਿੱਟਰ ਅਕਾਊਂਟ ਦੇ 88 ਮਿਲੀਅਨ ਤੋਂ ਵੱਧ ਫਾਲੋਅਰਜ਼ ਸਨ। ਟਰੰਪ ਨੇ ਆਪਣੇ ਰਾਸ਼ਟਰਪਤੀ ਦੇ ਕਾਰਜਕਾਲ ਦੌਰਾਨ ਟਵਿੱਟਰ ਨੂੰ ਇੱਕ ਮੁਖ ਪੱਤਰ ਵਜੋਂ ਵਰਤਿਆ ਸੀ। ਉਹ ਇਸ 'ਤੇ ਨੀਤੀਗਤ ਘੋਸ਼ਣਾਵਾਂ ਪੋਸਟ ਕਰਦਾ ਸੀ। ਨਾਲ ਹੀ, ਉਸਨੇ ਸਿਆਸੀ ਵਿਰੋਧੀਆਂ 'ਤੇ ਹਮਲਾ ਕਰਨ ਅਤੇ ਸਮਰਥਕਾਂ ਨਾਲ ਗੱਲਬਾਤ ਕਰਨ ਲਈ ਟਵਿੱਟਰ ਦੀ ਵਰਤੋਂ ਕੀਤੀ। ਸ਼ਨੀਵਾਰ ਨੂੰ ਉਨ੍ਹਾਂ ਦੇ ਕਈ ਸਿਆਸੀ ਸਹਿਯੋਗੀਆਂ ਨੇ ਉਨ੍ਹਾਂ ਦੀ ਵਾਪਸੀ ਬਾਰੇ ਪ੍ਰਮੁੱਖਤਾ ਨਾਲ ਦੱਸਿਆ। ਹਾਊਸ ਰਿਪਬਲਿਕਨ ਪਾਲ ਗੋਸਰ ਨੇ ਟਵੀਟ ਕੀਤਾ, "ਵਾਪਸ ਆਉਣ ਦਾ ਸੁਆਗਤ ਹੈ। ਹਾਲਾਂਕਿ, ਟਰੰਪ ਨੇ ਪਾਬੰਦੀ ਤੋਂ ਬਾਅਦ ਕਿਹਾ ਸੀ ਕਿ ਉਹ ਕਦੇ ਵੀ ਟਵਿੱਟਰ 'ਤੇ ਵਾਪਸ ਨਹੀਂ ਆਉਣਗੇ, ਪਰ ਆਪਣੇ ਸੋਸ਼ਲ ਨੈਟਵਰਕ, ਟਰੂਥ ਸੋਸ਼ਲ 'ਤੇ ਬਣੇ ਰਹਿਣਗੇ। ਟਰੂਥ ਸੋਸ਼ਲ ਨੂੰ ਟਵਿੱਟਰ 'ਤੇ ਪਾਬੰਦੀ ਲੱਗਣ ਤੋਂ ਬਾਅਦ ਟਰੰਪ ਦੁਆਰਾ ਲਾਂਚ ਕੀਤਾ ਗਿਆ ਸੀ।

# ਚੀਨ 'ਚ ਫੈਕਟਰੀ 'ਚ ਅੱਗ ਲੱਗਣ ਕਾਰਨ 36 ਲੋਕਾਂ ਦੀ ਮੌਤ, ਦੋ ਲਾਪਤਾ

ਬੀਜਿੰਗ, 24 ਨਵੰਬਰ (ਪੋਸਟ ਬਿਊਰੋ)- ਮੱਧ ਚੀਨ ਵਿੱਚ ਇੱਕ ਪਲਾਂਟ ਵਿੱਚ ਅੱਗ ਲੱਗਣ ਕਾਰਨ 36 ਲੋਕਾਂ ਦੀ ਮੌਤ ਹੋ ਗਈ ਅਤੇ ਦੋ ਲਾਪਤਾ ਹਨ। ਸਰਕਾਰੀ ਮੀਡੀਆ ਨੇ ਮੰਗਲਵਾਰ ਨੂੰ ਸਥਾਨਕ ਅਧਿਕਾਰੀਆਂ ਦੇ ਹਵਾਲੇ ਨਾਲ ਇਸ ਖਬਰ ਦੀ ਪੁਸ਼ਟੀ ਕੀਤੀ ਹੈ। ਜਾਣਕਾਰੀ ਮੁਤਾਬਿਕ ਮੱਧ ਚੀਨ ਦੇ ਹੇਨਾਨ ਸੂਬੇ ਦੇ ਅਨਯਾਂਗ ਸ਼ਹਿਰ ਦੇ ਇੱਕ ਪਲਾਂਟ ਵਿੱਚ ਸੋਮਵਾਰ ਦੁਪਹਿਰ ਨੂੰ ਅੱਗ ਲੱਗ ਗਈ।" ਅੱਗ ਲੱਗਣ ਦੀ ਸੂਚਨਾ ਮਿਲਣ ਤੋਂ ਬਾਅਦ ਨਗਰ ਨਿਗਮ ਦੀ ਫਾਇਰ ਬ੍ਰਿਗੇਡ ਦੀ ਟੀਮ ਨੇ ਤੁਰੰਤ ਫੋਰਸ ਨੂੰ ਮੌਕੇ 'ਤੇ ਭੇਜਿਆ। ਜਨਤਕ ਸੁਰੱਖਿਆ, ਐਮਰਜੈਂਸੀ ਪ੍ਰਤੀਕਿਰਿਆ, ਮਿਉਂਸਪਲ ਪ੍ਰਸ਼ਾਸਨ ਅਤੇ ਬਿਜਲੀ ਸਪਲਾਈ ਯੂਨਿਟ ਐਮਰਜੈਂਸੀ ਕਾਰਵਾਈਆਂ ਅਤੇ ਬਚਾਅ ਕਾਰਜਾਂ ਨੂੰ ਅੰਜਾਮ ਦੇਣ ਲਈ ਉਸੇ ਸਮੇਂ ਮੌਕੇ 'ਤੇ ਪਹੁੰਚ ਗਏ।



ਘਟਨਾ 'ਚ ਮ੍ਰਿਤਕਾਂ ਅਤੇ ਲਾਪਤਾ ਲੋਕਾਂ ਤੋਂ ਇਲਾਵਾ ਦੋ ਜ਼ਖਮੀ ਲੋਕਾਂ ਨੂੰ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ। ਅਧਿਕਾਰੀਆਂ ਨੇ ਕਿਹਾ ਕਿ ਅੱਗ ਦੇ ਸਬੰਧ ਵਿੱਚ "ਅਪਰਾਧਿਕ ਸ਼ੱਕੀਆਂ" ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਦੱਸ ਦੇਈਏ ਕਿ ਚੀਨ ਵਿੱਚ ਕਮਜ਼ੋਰ ਸੁਰੱਖਿਆ ਮਾਪਦੰਡਾਂ ਅਤੇ ਉਨ੍ਹਾਂ ਨੂੰ ਲਾਗੂ ਕਰਨ ਵਾਲੇ ਅਧਿਕਾਰੀਆਂ ਦੇ ਭ੍ਰਿਸ਼ਟਾਚਾਰ ਕਾਰਨ ਉਦਯੋਗਿਕ ਹਾਦਸੇ ਆਮ ਹਨ। ਇਸ ਤੋਂ ਪਹਿਲਾਂ ਜੂਨ ਵਿੱਚ ਸ਼ੰਘਾਈ ਵਿੱਚ ਇੱਕ ਕੈਮੀਕਲ ਪਲਾਂਟ ਵਿੱਚ ਹੋਏ ਧਮਾਕੇ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਸੀ ਅਤੇ ਇੱਕ ਹੋਰ ਜ਼ਖ਼ਮੀ ਹੋ ਗਿਆ ਸੀ। ਪਿਛਲੇ ਸਾਲ, ਮੱਧ ਸ਼ਹਿਰ ਸ਼ਿਆਨ ਵਿੱਚ ਇੱਕ ਗੈਸ ਧਮਾਕੇ ਵਿੱਚ 25 ਲੋਕਾਂ ਦੀ ਮੌਤ ਹੋ ਗਈ ਸੀ ਅਤੇ ਕਈ ਇਮਾਰਤਾਂ ਮਲਬੇ ਵਿੱਚ ਆ ਗਈਆਂ ਸਨ।

# ਇੰਡੋਨੇਸ਼ੀਆ ’ਚ ਆਏ ਭੂਚਾਲ ਕਾਰਨ 162 ਲੋਕਾਂ ਦੀ ਹੋਈ ਮੌਤ, ਲਗਭਗ 700 ਜ਼ਖਮੀ

ਇੰਡੋਨੇਸ਼ੀਆ, 24 ਨਵੰਬਰ (ਪੋਸਟ ਬਿਊਰੋ)- ਇੰਡੋਨੇਸ਼ੀਆ 'ਚ ਜ਼ਬਰਦਸਤ ਭੂਚਾਲ ਆਇਆ ਹੈ। ਸਥਾਨਕ ਮੀਡੀਆ ਰਿਪੋਰਟਾਂ ਮੁਤਾਬਿਕ 5.6 ਤੀਬਰਤਾ ਵਾਲੇ ਭੂਚਾਲ ਵਿੱਚ ਘੱਟੋ-ਘੱਟ 162 ਲੋਕ ਮਾਰੇ ਗਏ ਹਨ ਅਤੇ 700 ਤੋਂ ਵੱਧ ਜ਼ਖ਼ਮੀ ਹੋਏ ਹਨ। ਇੰਡੋਨੇਸ਼ੀਆ ਦੇ ਮੁੱਖ ਟਾਪੂ ਜਾਵਾ 'ਚ ਸੋਮਵਾਰ ਨੂੰ ਭੂਚਾਲ ਆਇਆ। ਪੱਛਮੀ ਜਾਵਾ ਦੇ ਸਿਆਨਜੂਰ ਖੇਤਰ ਦੇ ਸਥਾਨਕ ਪ੍ਰਸ਼ਾਸਨ ਦੇ ਬੁਲਾਰੇ ਐਡਮ ਨੇ ਕਿਹਾ ਕਿ ਕਈ ਦਰਜਨ ਲੋਕ ਮਾਰੇ ਗਏ ਹਨ। ਸੈਂਕੜੇ ਘਰ ਤਬਾਹ ਹੋ ਗਏ ਹਨ। ਹੁਣ ਤੱਕ 162 ਲੋਕਾਂ ਦੀ ਮੌਤ ਹੋ ਚੁੱਕੀ ਹੈ।



ਇੰਡੋਨੇਸ਼ੀਆ 'ਚ ਆਏ ਭੂਚਾਲ ਦੀਆਂ ਕਈ ਵੀਡੀਓਜ਼ ਵੀ ਸੋਸ਼ਲ ਮੀਡੀਆ 'ਤੇ ਆ ਰਹੀਆਂ ਹਨ। ਇਹ ਇੰਡੋਨੇਸ਼ੀਆ ਦੇ ਸਿਆਨਜੂਰ ਵਿੱਚ 5.6 ਤੀਬਰਤਾ ਦੇ ਭੂਚਾਲ ਤੋਂ ਬਾਅਦ ਹੋਏ ਨੁਕਸਾਨ ਨੂੰ ਦਰਸਾਉਂਦੇ ਹਨ। ਸੋਸ਼ਲ ਮੀਡੀਆ ਦਾ ਹਵਾਲਾ ਦਿੰਦੇ ਹੋਏ ਦੱਸਿਆ ਜਾ ਰਿਹਾ ਹੈ ਕਿ ਇਸ ਭੂਚਾਲ ਨੇ ਪੇਂਡੂ ਖੇਤਰਾਂ 'ਚ ਜ਼ਿਆਦਾ ਨੁਕਸਾਨ ਕੀਤਾ ਹੈ। ਟਵਿੱਟਰ 'ਤੇ ਸ਼ੇਅਰ ਕੀਤੇ ਗਏ ਵੀਡੀਓ ਦੇ ਮੁਤਾਬਕ ਸਿਆਂਜੂਰ ਖੇਤਰ ਦੇ ਮਾਂਗੁਨਕੇਰਤਾ ਪਿੰਡ 'ਚ ਇਸ ਭੂਚਾਲ ਨਾਲ ਕਈ ਘਰ ਅਤੇ ਦੁਕਾਨਾਂ ਤਬਾਹ ਹੋ ਗਈਆਂ ਹਨ। ਵੀਡੀਓ 'ਚ ਸੜਕ ਕਿਨਾਰੇ ਪਿਆ ਮਲਬਾ ਦੇਖਿਆ ਜਾ ਸਕਦਾ ਹੈ।

ਇਸ ਤੋਂ ਪਹਿਲਾਂ, ਸਿਆਨਜੂਰ ਪ੍ਰਸ਼ਾਸਨ ਦੇ ਮੁਖੀ ਹਰਮਨ ਸੁਹਰਮਨ ਨੇ ਦੱਸਿਆ ਕਿ "ਹੁਣ ਮੈਨੂੰ ਜੋ ਜਾਣਕਾਰੀ ਮਿਲ ਰਹੀ ਹੈ, ਉਹ ਇਹ ਹੈ ਕਿ ਇਸ ਹਸਪਤਾਲ ਵਿੱਚ ਘੱਟੋ-ਘੱਟ 700 ਲੋਕ ਇਲਾਜ ਅਧੀਨ ਹਨ। ਇਨ੍ਹਾਂ ਵਿੱਚੋਂ ਜ਼ਿਆਦਾਤਰ ਇਮਾਰਤ ਦੇ ਮਲਬੇ ਹੇਠਾਂ ਦੱਬੇ ਹੋਣ ਕਾਰਨ ਇੱਥੇ ਆਏ ਹਨ।"

# ਇਮਰਾਨ ਖਾਨ ’ਤੇ ਇਕ ਹੋਰ ਘਾਤਕ ਹਮਲੇ ਦਾ ਖਦਸ਼ਾ, ਖੁਫੀਆ ਰਿਪੋਰਟ ਦੇ ਹਵਾਲੇ ਨਾਲ ਜੱਜ ਨੇ ਕਿਹਾ

ਇਸਲਾਮਾਬਾਦ, 24 ਨਵੰਬਰ (ਪੋਸਟ ਬਿਊਰੋ)- ਇਸਲਾਮਾਬਾਦ ਹਾਈ ਕੋਰਟ ਦੇ ਚੀਫ ਜਸਟਿਸ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਹੱਤਿਆ ਦੀ ਇਕ ਹੋਰ ਕੋਸ਼ਿਸ਼ ਦੀ ਸੰਭਾਵਨਾ ਹੈ। ਅਦਾਲਤ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਉਹ ਸਾਬਕਾ ਪ੍ਰਧਾਨ ਮੰਤਰੀ 'ਤੇ ਖਤਰੇ ਦਾ ਨੋਟਿਸ ਲਵੇ। ਚੀਫ਼ ਜਸਟਿਸ ਆਮਿਰ ਫਾਰੂਕ ਦੀ ਇਹ ਟਿੱਪਣੀ ਖਾਨ ਦੀ ਪਾਰਟੀ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਵੱਲੋਂ ਕੀਤੇ ਗਏ ਪ੍ਰਦਰਸ਼ਨ ਕਾਰਨ ਸੜਕ ਜਾਮ ਕਰਨ ਦੇ ਸਬੰਧ ਵਿੱਚ ਵਪਾਰੀਆਂ ਵੱਲੋਂ ਦਾਇਰ ਪਟੀਸ਼ਨ ਦੇ ਮੱਦੇਨਜ਼ਰ ਆਈ ਹੈ। ਅਦਾਲਤ ਵਿਚ ਪੇਸ਼ ਕੀਤੀ ਗਈ ਖੁਫੀਆ ਰਿਪੋਰਟ ਦਾ ਹਵਾਲਾ ਦਿੰਦੇ ਹੋਏ ਜੱਜ ਨੇ ਕਿਹਾ ਕਿ ਖਾਨ 'ਤੇ ਇਕ ਹੋਰ ਘਾਤਕ ਹਮਲੇ ਦੀ ਸੰਭਾਵਨਾ ਹੈ। ਉਨ੍ਹਾਂ ਕਿਹਾ, "ਇਹ ਸਰਕਾਰ ਦੀ ਜ਼ਿੰਮੇਵਾਰੀ ਹੈ ਅਤੇ ਸਰਕਾਰ ਨੂੰ ਇਸ ਮਾਮਲੇ 'ਤੇ ਵਿਚਾਰ ਕਰਨਾ ਹੋਵੇਗਾ।"



ਜਸਟਿਸ ਫਾਰੂਕ ਨੇ ਕਿਹਾ ਕਿ ਖਾਨ ਦੀ ਪਾਰਟੀ ਨੂੰ ਇਸਲਾਮਾਬਾਦ ਪ੍ਰਸ਼ਾਸਨ ਨੂੰ ਆਪਣੇ ਮਾਰਚ ਦੀ ਇਜਾਜ਼ਤ ਮੰਗਣ ਲਈ ਨਵੀਂ ਅਰਜ਼ੀ ਦੇਣੀ ਚਾਹੀਦੀ ਹੈ। ਉਨ੍ਹਾਂ ਕਿਹਾ, "ਜੇਕਰ ਮਸਲਾ ਹੱਲ ਨਾ ਹੋਇਆ ਤਾਂ ਨਵੀਂ ਪਟੀਸ਼ਨ ਦਾਇਰ ਕੀਤੀ ਜਾ ਸਕਦੀ ਹੈ।" ਉਨ੍ਹਾਂ ਕਿਹਾ ਕਿ ਧਰਨੇ ਲਈ ਜਗ੍ਹਾ ਅਲਾਟ ਕਰਨਾ ਅਦਾਲਤ ਦੀ ਜ਼ਿੰਮੇਵਾਰੀ ਨਹੀਂ ਹੈ। ਉਨ੍ਹਾਂ ਕਿਹਾ, ‘‘ਇਹ ਪ੍ਰਸ਼ਾਸਨ ਦੀ ਮਰਜ਼ੀ ਹੈ ਕਿ ਉਹ ਡੀ-ਚੌਕ ਜਾਂ ਐਫ-9 ਪਾਰਕ ਅਲਾਟ ਕਰਨਾ ਚਾਹੁੰਦਾ ਹੈ।’’ ਜੱਜ ਨੇ ਕਿਹਾ, ‘‘ਸੁਪਰੀਮ ਕੋਰਟ ਨੇ ਵੀ ਇਹੀ ਕਿਹਾ ਸੀ।

ਪਾਕਿਸਤਾਨ ਦੀ ਸੁਪਰੀਮ ਕੋਰਟ ਨੇ ਵੀਰਵਾਰ ਨੂੰ ਖਾਨ ਦੇ ਵਿਰੋਧ ਮਾਰਚ ਨੂੰ ਰੋਕਣ ਦੀ ਮੰਗ ਕਰਨ ਵਾਲੀ ਪਟੀਸ਼ਨ ਨੂੰ ਇਹ ਕਹਿੰਦੇ ਹੋਏ ਖਾਰਜ ਕਰ ਦਿੱਤਾ ਕਿ ਇਹ ਇਕ ਸਿਆਸੀ ਮੁੱਦਾ ਹੈ ਅਤੇ ਇਸ ਨੂੰ ਸਿਆਸੀ ਤੌਰ 'ਤੇ ਹੱਲ ਕੀਤਾ ਜਾਣਾ ਚਾਹੀਦਾ ਹੈ। ਚੀਫ਼ ਜਸਟਿਸ ਫਾਰੂਕ ਨੇ ਕਿਹਾ ਕਿ ਪ੍ਰਦਰਸ਼ਨ ਕਰਨਾ ਹਰ ਸਿਆਸੀ ਅਤੇ ਗੈਰ-ਸਿਆਸੀ ਪਾਰਟੀ ਦਾ ਜਮਹੂਰੀ ਹੱਕ ਹੈ, ਪਰ ਆਮ ਨਾਗਰਿਕਾਂ ਦੇ ਅਧਿਕਾਰਾਂ ਨੂੰ ਬਰਕਰਾਰ ਰੱਖਣਾ ਵੀ ਜ਼ਰੂਰੀ ਹੈ। ਉਸਨੇ ਕਿਹਾ, "ਬ੍ਰਿਟੇਨ ਵਿੱਚ ਵੀ ਲੋਕ 10 ਡਾਊਨਿੰਗ ਸਟ੍ਰੀਟ 'ਤੇ ਇਕੱਠੇ ਹੁੰਦੇ ਹਨ। ਉਹ ਵਿਰੋਧ ਕਰਦੇ ਹਨ ਪਰ ਰੋਡ ਜਾਮ ਨਹੀਂ ਕਰਦੇ। " ਧਿਆਨ ਦੇਣ ਯੋਗ ਹੈ ਕਿ ਇਹ ਸਥਾਨ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਦੀ ਸਰਕਾਰੀ ਰਿਹਾਇਸ਼ ਹੈ। ਜਸਟਿਸ ਫਾਰੂਕ ਨੇ ਖਾਨ ਦੀ ਪਾਰਟੀ ਦੇ ਵਕੀਲ ਨੂੰ ਕਿਹਾ, "ਜਦੋਂ ਸੁਪਰੀਮ ਕੋਰਟ ਨੇ ਕਿਹਾ ਸੀ ਕਿ ਉਹ ਮਾਰਚ ਨੂੰ ਨਹੀਂ ਰੋਕ ਸਕਦੇ, ਤਾਂ ਤੁਸੀਂ ਜੀਟੀ ਰੋਡ ਅਤੇ ਹੋਰ ਰਸਤੇ ਬੰਦ ਕਰ ਦਿੱਤੇ ਸਨ। ਮਾਮਲੇ ਦੀ ਸੁਣਵਾਈ 22 ਨਵੰਬਰ ਤੱਕ ਮੁਲਤਵੀ ਕਰ ਦਿੱਤੀ ਗਈ ਹੈ। ਵਰਣਨਯੋਗ ਹੈ ਕਿ ਖਾਨ (70) ਦੇ ਕਾਫਲੇ 'ਤੇ 3 ਨਵੰਬਰ ਨੂੰ ਵਜ਼ੀਰਾਬਾਦ 'ਚ ਮਾਰਚ ਦੌਰਾਨ ਹਮਲਾ ਹੋਇਆ ਸੀ। ਇਸ ਹਮਲੇ 'ਚ ਸਾਬਕਾ ਪ੍ਰਧਾਨ ਮੰਤਰੀ ਦੀ ਲੱਤ 'ਚ ਗੋਲੀ ਲੱਗਣ ਨਾਲ ਉਹ ਜ਼ਖਮੀ ਹੋ ਗਏ ਸਨ।

# ਬਰੈਂਪਟਨ ਸਿਟੀ ਕੌਂਸਲ ਵੱਲੋਂ ਫਾਇਰ ਵਰਕਸ ਤੇ ਪਾਬੰਦੀ ਲਈ ਮਤਾ ਪਾਸ



(ਬਰੈਪਟਨ/ਬਾਸੀ ਹਰਚੰਦ) ਇਸ ਵਾਰ ਦੀਵਾਲੀ ਤੇ ਜੋ ਫਾਇਰਵਰਕਸ ਦੀ ਭਰਮਾਰ ਵੇਖੀ ਗਈ ਉਸ ਦਾ ਅੰਤ ਨਹੀਂ ਸੀ ਘਰ ਘਰ ਗਲੀ ਗਲੀ ਪਟਾਖਿਆਂ ਨਾਲ ਗੂੰਜ ਉਠਿਆ। ਇੰਝ ਲਗਦਾ ਸੀ ਜਿਵੇਂ ਦੋ ਮੁਲਕਾਂ ਵਿੱਚ ਭੀਸ਼ਨ ਲੜਾਈ ਛਿੜ ਗਈ ਹੋਵੇ। ਸਾਰੀ ਰਾਤ ਬਰੈਂਪਟਨ ਦਹਿਲਦਾ ਰਿਹਾ। ਇਸ ਮਾਰੂ ਕਾਰਵਾਈ ਦਾ ਸ਼ਹਿਰ ਦੇ ਸਮਝਦਾਰ ਲੋਕਾਂ ਨੇ ਗੰਭੀਰ ਨੋਟਿਸ ਲਿਆ। ਇਸ ਦੀ ਚਰਚਾ ਹਰ ਸੰਸਥਾ ਵਿੱਚ ਚੱਲੀ ਕਿ ਇਸ ਦਾ ਕੋਈ ਹੱਲ ਹੋਣਾ ਚਾਹੀਦਾ ਹੈ ਨਹੀਂ ਤਾਂ ਇਸ ਦੇ ਮਾਰੂ ਪ੍ਰਭਾਵ ਮਨੁਖੀ ਜੀਵਨ ਬਾਲ, ਬੁਢੇ ਨਰ ਨਾਰੀ ਤੇ ਪੈਣਗੇ ਜਿਵੇਂ ਕਿ ਵਾਤਾਵਰਨ ਦੂਸ਼ਤ ਹੋਣਾ, ਘਰਾਂ ਨੂੰ ਅੱਗਾਂ ਲਗਣ ਦੇ ਖਤਰੇ ਬੀਮਾਰ, ਪੀੜਤ, ਪਰੈਗਨੈਂਟ ਔਰਤਾਂ ਆਮ ਲੋਕਾਂ ਦੀ ਸਾਤੀ ਭੰਗ ਹੋਣਾ। ਸੋ ਸ਼ਹਿਰ ਵਾਸੀਆਂ ਦੇ ਸੀਨੀਅਰਜ਼ ਦੀ ਤਰਜਮਾਨੀ ਕਰਦੀ ਸੀਨੀਅਰਜ਼ ਅਸੋਸੀਏਸ਼ ਆਫ ਕਲੱਬ ਨੇ ਸਿਟੀ ਕੌਂਸਲ ਕੋਲ ਜੋਰਦਾਰ ਮਸਲਾ ਉਠਾਇਆ। 23 ਨਵੰਬਰ 2022 ਨੂੰ ਹੋਣ ਵਾਲੀ ਬਰੈਂਪਟਨ ਸਿਟੀ ਕੌਂਸਲ ਵਿੱਚ ਪਹੁੰਚ ਕੇ ਅਸੋਸੀਏਸ਼ਨ ਦੇ ਪਰਧਾਨ ਜੰਗੀਰ ਸਿੰਘ ਸੈਂਭੀ ਨੇ ਫਾਇਰ ਵਰਕਸ ਦੇ ਹੱਲ ਲਈ ਮੈਮੋਰੈਂਡਮ ਦਿਤਾ। ਕੌਸਲ ਮੈਬਰ ਕੀਨਾਨ ਨੇ ਕੌਂਸਲ ਵਿੱਚ ਫਾਇਰ ਵਰਕਸ ਤੇ ਪਾਬੰਦੀ ਦਾ ਪਤਾ ਪੇਸ਼ ਕੀਤਾ। 9 ਅਤੇ 10 ਵਾਰਡ ਤੋਂ ਰਿਜਨਲ ਕੌਂਸਲਰ ਗੁਰਪਰਤਾਪ ਸਿੰਘ ਤੂਰ ਨੇ ਇਸ ਮਤੇ ਦੀ ਤਾਈਦ ਕੀਤੀ ਅਤੇ ਸਮੁਚੀ ਕੌਂਸਲ ਨੇ ਸਰਵਸੰਤੀ ਨਾਲ ਮਤਾ ਪਾਸ ਕਰ ਦਿਤਾ। ਲੋਕਾਂ ਨੇ ਹਮਾਇਤ ਵਿੱਚ ਤਾੜੀਆਂ ਮਾਰ ਕੇ ਸਵਾਗਤ ਕੀਤਾ। ਇਸ ਮਤੇ ਨੂੰ ਲੈ ਕੇ ਸੀਨੀਅਰਜ਼ ਕਲੱਬਾਂ ਤੋਂ ਪਰਧਾਨ ਜੰਗੀਰ ਸਿੰਘ ਸੈਭੀ ਤੋਂ ਇਲਾਵਾ ਪਰੀਤਮ ਸਿੰਘ ਸਰਾਂ, ਅਮਰੀਕ ਸਿੰਘ ਕੁਮਰੀਆ, ਬਚਿੱਤਰ ਸਿੰਘ ਸਰਾਂ,ਵਿਸਾਖਾ ਸਿੰਘ ਤਾਤਲਾ,ਹਰਦਿਆਲ ਸਿੰਘ ਸੰਧੂ,ਹਰਚੰਦ ਸਿੰਘ ਬਾਸੀ,ਗਿਆਨ ਸਿੰਘ ਸੰਧੂ ਬਲਵਿੰਦਰ ਸਿੰਘ ਸਿੱਧੂ,ਗੁਰਨਾਮ ਸਿੰਘ ਕੈਰੋਂ, ਬਲਦੇਵ ਕਿਸ਼ਨ, ਗੁਰਦੇਵ ਸਿੰਘ,ਬਲਵੰਤ ਸਿੰਘ,ਰਾਜਿੰਦਰ ਸਿੰਘ,ਚਰਨਜੀਤ ਸਿੰਘ ਆਦਿ ਕਾਫੀ ਗਿਣਤੀ ਵਿੱਚ ਮਤੇ ਦਾ ਸਾਥ ਦੇਣ ਲਈ ਪਹੁੰਚੇ ਹੋਏ ਸਨ।

ਮਤਾ ਹੇਠ ਲਿਖੇ ਅਨੁਸਾਰ ਹੈ:

ਬਰੈਂਪਟਨ ਸਿਟੀ ਵਿੱਚ ਹਰ ਕਿਸਮ ਦੇ ਪਟਾਖੇ ਚਲਾਉਣਾ ਮਨਾਂ ਹੈ।

ਪਟਾਖੇ ਚਲਾਉਣ ਵਾਲੇ ਨੂੰ ਪੰਜ ਸੌ ਡਾਲਰ ਦਾ ਜੁਰਮਾਨਾ ਲਗੇਗਾ।

ਕਿਸੇ ਵੀ ਕਿਸਮ ਦੇ ਪਟਾਖੇ ਵੇਚਣ ਵਾਲੇ ਨੂੰ ਇੱਕ ਹਜਾਰ ਜੁਰਮਾਨ ਲੱਗੇਗਾ।

ਬਾਰ ਬਾਰ ਅਵੱਗਿਆ ਕਰਨ ਤੇ ਜੁਰਮਾਨੇ ਸਮੇਤ ਲਾਇਸੈਂਸ ਵੀ ਰੱਦ ਕਰਨ ਦੀ ਸ਼ਰਤ ਰੱਖੀ ਗਈ ਹੈ।

ਸਿਰਫ ਦੀਵਾਲੀ ਨੂੰ ਕਾਨੂੰਨੀ ਤੌਰ ਤੇ ਸਿਟੀ ਆਪ ਫਾਇਰ ਵਰਕਸ ਆਰਗੇਨਾਈਜ਼ ਕਰੇਗੀ।

ਸੀਨੀਅਰਜ਼ ਅਸੋਸੀਏਸ਼ਨ ਨੇ ਧਾਰਮਿਕ ਅਤੇ ਬੁਧੀਜੀਵੀਆਂ, ਸੋਸ਼ਲ ਵਰਕਰਾਂ ਅਤੇ ਪ੍ਰਗਤੀ'ਸ਼ੀਲ ਸੰਸਥਾਵਾਂ ਨੂੰ ਭਰਪੂਰ ਹਮਾਇਤ ਲਈ ਬੇਨਤੀ ਕੀਤੀ ਗਈ ਹੈ।

# ਕੈਮਬ੍ਰਿਜ ਗੁਰਦੁਆਰਾ ਸਾਹਿਬ ਵਿਖੇ ਕੀਰਤਨ ਸਮਾਗਮ 27 ਨੂੰ

ਕੈਂਮਬ੍ਰਿਜ ਗੁਰਦੁਆਰਾ ਸਾਹਿਬ ਦੇ ਹੈਡ ਗ੍ਰੰਥੀ ਭਾਈ ਜੈਦੀਪ ਸਿੰਘ ਫਗਵਾੜੇ ਵਾਲੇ ਉਨ੍ਹਾਂ ਦੇ ਮਾਤਾ ਜੀ ਮਾਤਾ ਕੁਲਦੀਪ ਕੌਰ ਬੀਤੇ ਦਿਨੀਂ ਗੁਰੂ ਚਰਨਾ ਵਿੱਚ ਜਾ ਵਿਰਾਜੇ ਸਨ, ਉਨ੍ਹਾਂ ਦੇ ਨਮਿੱਤ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਕੈਂਮਬ੍ਰਿਜ ਵਿਖੇ 25 ਨਵੰਬਰ ਦਿਨ ਸ਼ੁਕੱਰਵਾਰ ਸ਼ਾਮ 4 ਵਜੇ ਸ੍ਰੀ ਅਖੰਡਪਾਠ ਸਾਹਿਬ ਅਰੰਭ ਹੋਣਗੇ, 27 ਨਵੰਬਰ ਦਿਨ ਐਤਵਾਰ ਨੂੰ ਸ਼ਾਮ 4 ਵਜੇ ਭੋਗ ਪਾਏ ਜਾਣਗੇ। ਉਪਰੰਤ ਕੀਰਤਨ ਸਮਾਗਮ ਦੌਰਾਨ ਭਾਈ ਦਵਿੰਦਰ ਸਿੰਘ ਸੋਢੀ ਲੁਧਿਆਣੇ ਵਾਲੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਦੇ ਨਾਲ ਭਾਈ ਸੁੱਖਜੀਵਨ ਸਿੰਘ ਅਤੇ ਭਾਈ ਗੁਰਪ੍ਰੀਤ ਸਿੰਘ ਵੀ ਕੀਰਤਨ ਰਾਹੀਂ ਆਪਣੀ ਹਾਜ਼ਰੀ ਲਵਾਉਣਗੇ। ਵਧੇਰੇ ਜਾਣਕਾਰੀ ਲਈ ਭਾਈ ਜੈਦੀਪ ਸਿੰਘ 519-590-8366 ਜਾਂ ਭਾਈ ਸੁਖਵਿੰਦਰ ਸਿੰਘ 519-651-7223 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਸਰਬੱਤ ਦਾ ਭਲਾ ਟਰੱਸਟ ਵੱਲੋਂ ਮ੍ਰਿਤਕ ਸਰੀਰ ਸਾਂਭਣ ਵਾਲੇ ਫਰੀਜ਼ਰ ਭੇਂਟ




ਮ੍ਰਿਤਕ ਸਰੀਰ ਸਾਂਭਣ ਵਾਲੇ ਫਰੀਜ਼ਰ ਸੌਂਪਣ ਮੌਕੇ ਸੁਖਜਿੰਦਰ ਸਿੰਘ ਹੇਰ, ਮਨਪ੍ਰੀਤ ਸਿੰਘ ਸੰਧੂ, ਨਵਜੀਤ ਘਈ ਤੇ ਹੋਰ।

ਅੰਮ੍ਰਿਤਸਰ, 24 ਨਵੰਬਰ (ਗਿਆਨ ਸਿੰਘ)- ਦੁਬਈ ਦੇ ਉੱਘੇ ਕਾਰੋਬਾਰੀ ਡਾ.ਐਸ.ਪੀ. ਸਿੰਘ ਓਬਰਾਏ ਦੀ ਸਰਪ੍ਰਸਤੀ ਹੇਠ ਚੱਲਣ ਵਾਲੇ ਸਰਬੱਤ ਦਾ ਭਲਾ ਚੈਰੀਟਬਲ ਟਰੱਸਟ ਵੱਲੋਂ ਅੰਮ੍ਰਿਤਸਰ ਸ਼ਹਿਰ ਨੇੜਲੇ ਇਤਿਹਾਸਕ ਗੁਰਦੁਆਰਾ ਪਲਾਹ ਸਾਹਿਬ ਅਤੇ ਪਿੰਡ ਸਹਿੰਸਰਾ ਕਲਾਂ ਨੂੰ ਮ੍ਰਿਤਕ ਸਰੀਰ ਸਾਂਭਣ ਵਾਲੇ ਫਰੀਜ਼ਰ ਭੇਂਟ ਕੀਤੇ ਗਏ।

ਇਸ ਮੌਕੇ ਪਹੁੰਚੇ ਟਰੱਸਟ ਦੇ ਮਾਝਾ ਜੋਨ ਦੇ ਪ੍ਰਧਾਨ ਸੁਖਜਿੰਦਰ ਸਿੰਘ ਹੇਰ, ਜਨਰਲ ਸਕੱਤਰ ਮਨਪ੍ਰੀਤ ਸਿੰਘ ਸੰਧੂ ਅਤੇ ਖਜਾਨਚੀ ਨਵਜੀਤ ਸਿੰਘ ਘਈ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਅਜੋਕੇ ਸਮੇਂ ਵਿਚ ਲਗਭਗ ਹਰੇਕ ਪਰਿਵਾਰ 'ਚੋਂ ਕੋਈ ਨਾ ਕੋਈ ਮੈਂਬਰ ਬਾਹਰਲੇ ਦੇਸ਼ਾਂ ਅੰਦਰ ਰੋਜ਼ੀ ਰੋਟੀ ਕਮਾਉਣ ਲਈ ਗਿਆ ਹੋਣ ਕਾਰਨ ਜੇਕਰ ਪਿੱਛੇ ਕਿਸੇ ਪਰਿਵਾਰਿਕ ਮੈਂਬਰ ਦੀ ਅਚਾਨਕ ਮੌਤ ਹੋ ਜਾਂਦੀ ਹੈ ਤਾਂ ਪਰਿਵਾਰ ਨੂੰ ਬਹੁਤ ਜਿਆਦਾ ਪੈਸੇ ਖਰਚ ਕਰਕੇ ਮ੍ਰਿਤਕ ਸਰੀਰ ਨੂੰ ਸੰਭਾਲਣ ਲਈ ਕਿਸੇ ਹਸਪਤਾਲ 'ਚ ਰੱਖਣਾ ਪੈਂਦਾ ਹੈ। ਇਸ ਮੁਸ਼ਕਲ ਨੂੰ ਵੇਖਦਿਆਂ ਹੋਇਆ ਡਾ: ਐਸ।ਪੀ ਸਿੰਘ ਓਬਰਾਏ ਨੇ ਜ਼ਰੂਰਤ ਵਾਲੀਆਂ ਥਾਵਾਂ 'ਤੇ ਅਜਿਹੇ ਫਰੀਜ਼ਰ ਦੇਣ ਦਾ ਫੈਸਲਾ ਕੀਤਾ ਸੀ, ਜਿਸ ਤਹਿਤ ਅੱਜ ਛੇਵੀਂ ਪਾਤਸ਼ਾਹੀ ਨਾਲ ਸਬੰਧਿਤ ਇਤਿਹਾਸਕ ਗੁਰਦੁ-ਆਰਾ ਪਲਾਹ ਸਾਹਿਬ, ਅੰਮ੍ਰਿਤਸਰ ਅਤੇ ਪਿੰਡ ਸਹਿੰਸਰਾ ਕਲਾਂ ਨੂੰ ਮ੍ਰਿਤਕ ਸਰੀਰ ਸਾਂਭਣ ਵਾਲਾ ਫਰੀਜ਼ਰ ਭੇਂਟ ਕੀਤੇ ਗਏ ਹਨ। ਟਰੱਸਟ ਦੇ ਅਹੁਦੇਦਾਰਾਂ ਨੇ ਇਹ ਵੀ ਦੱਸਿਆ ਕਿ ਟਰੱਸਟ ਵੱਲੋਂ ਅੰਮ੍ਰਿਤਸਰ ਜ਼ਿਲ੍ਹੇ ਅੰਦਰ ਜਿੱਥੇ ਬਹੁਤ ਸਾਰੀਆਂ ਵਿਧਵਾ, ਬੇਸਹਾਰਾ ਬਜ਼ੁਰਗ ਅਤੇ ਯਤੀਮ ਬੱਚਿਆਂ ਨੂੰ ਮਹੀਨਾਵਾਰ ਪੈਨਸ਼ਨ ਦਿੱਤੀ ਜਾ ਰਹੀ ਹੈ ਉਥੇ ਹੀ ਮੁਫਤ ਡਾਇਲਿਸਸ ਦੀ ਸਹੂਲਤ, ਮੁਫਤ ਅੱਖਾਂ ਦੇ ਅਪ੍ਰੇਸ਼ਨ ਕਰਵਾਉਣ ਤੋਂ ਇਲਾਵਾ ਲੈਬੋਰਟਰੀ ਖੋਲ੍ਹ ਕੇ ਨਾਮਾਤਰ ਰੇਟਾਂ 'ਤੇ ਟੈਸਟ ਕੀਤੇ ਜਾ ਰਹੇ ਹਨ।

ਇਸ ਮੌਕੇ ਜਥੇਦਾਰ ਮਾਸਟਰ ਪ੍ਰਦੀਪ ਸਿੰਘ ਥਿੰਦ, ਠੇਕੇਦਾਰ ਸਾਹਿਬ ਸਿੰਘ, ਸੁਰਜਨ ਸਿੰਘ, ਨਿਰਮਲ ਸਿੰਘ, ਹਰਜਿੰਦਰ ਸਿੰਘ ਸੰਧੂ, ਕੁਲਦੀਪ ਸਿੰਘ, ਸੁਰਿੰਦਰ ਕੁਮਾਰ ਸ਼ਿੰਦਾ ਸਹਿੰਸਰਾ ਕਲਾਂ, ਧੰਨਵੰਤ ਸਿੰਘ, ਗੁਰਭੇਜ ਸਿੰਘ, ਤੇਜਿੰਦਰ ਸਿੰਘ ਆਦਿ ਹਾਜ਼ਰ ਸਨ।

# ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਸ਼ਹੀਦੀ ਦਿਵਸ ਮਨਾਇਆ





(ਬਰੈਂਪਟਨ/ਬਾਸੀ ਹਰਚੰਦ)ਛੋਟੀ ਉਮਰ ਵਿੱਚ ਵੱਡੀਆਂ ਪੁਲਾਂਗਾਂ ਪੁੱਟ ਕੇ ਭਾਰਤੀਆਂ ਦੇ ਦਿਲਾਂ ਅੰਦਰ ਅਜ਼ਾਦੀ ਦੀ ਜੋਤ ਜਗਾ ਕੇ ਸ਼ਹੀਦੀ ਪਾ ਜਾਣ ਵਾਲਾ ਸ਼ਹੀਦ ਕਰਤਾਰ ਸਿੰਘ ਸਰਾਭਾ ਲੱਖਾਂ ਕਰੋੜਾਂ ਲੋਕਾਂ ਦੇ ਦਿਲਾਂ ਅੰਦਰ ਵਸਦਾ ਹੈ । ਜਦ ਤੱਕ ਭਾਰਤ ਦੀ ਅਜਾਦੀ ਦੇ ਸੰਘਰਸ਼ ਦੀ ਗੱਲ ਚੱਲਦੀ ਰਹੇਗੀ ਉਦੋਂ ਤੱਕ ਉਸ ਨੌ ਜਵਾਨ ਦੀ ਸ਼ਹੀਦੀ ਨੂੰ ਅੱਖੋਂ ਪਰੋਖੇ ਕਰਨਾਂ ਅਸੰਭਵ ਹੈ। ਦੇਸ ਪਿਆਰ ਦੀ ਗੱਲ ਕਰਦਿਆਂ ਉਹ ਭਾਰਤ ਦਾ ਸੱਚਾ ਸਪੂਤ ਲੋਕਾਂ ਦੇ ਦਿਲਾਂ ਦੇ ਕੋਨੇ ਨੂੰ ਮੱਲ ਖੜੇਗਾ। ਸੋ ਅਜਿਹੇ ਅਗੂਆਂ ਨੂੰ ਯਾਦ ਰੱਖਣਾ ਦੇਸ ਵਾਸੀਆਂ ਦਾ ਪਵਿੱਤਰ ਫਰਜ਼ ਬਣਦਾ ਹੈ। ਇਸ ਫਰਜ਼ ਨੂੰ ਨਿਭਾਉਣ ਖਾਤਰ ਪੰਜਾਬੀ ਸੱਭਿਆਚਾਰ ਮੰਚ ਬਰੈਂਪਟਨ (ਕਨੇਡਾ) ਨੇ ਕੈਸੀ ਕੈਂਬਲ ਕਮਿਉਨਿਟੀ ਸੈਂਟਰ ਵਿਖੇ ਭਰਵਾਂ ਸਮਾਗਮ ਕੀਤਾ। ਮੌਸਮ ਖਰਾਬ ਹੋਣ ਦੇ ਬਾਵਜੂਦ ਸਮਾਗਮ ਵਿੱਚ ਆਸ ਤੋਂ ਵੱਧ ਲੋਕ ਸਾਮਲ ਹੋਏ। ਹਰਚੰਦ ਸਿੰਘ ਬਾਸੀ ਨੇ ਸਟੇਜ ਦੀ ਜੁਮੇਂਵਾਰੀ ਸੰਭਾਲਦਿਆਂ ਸਮਾਗਮ ਦੀ ਮਹੱਤਤਾ ਲੋਕਾਂ ਲਈ ਦਿਨ ਮਨਾਉਣਾ ਕਿਉਂ ਜਰੂਰੀ ਹੈ ਦੱਸ ਕੇ ਪ੍ਰਧਾਨਗੀ ਮੰਡਲ ਵਿੱਚ ਸਨਮਾਨਿਤ ਸਖਸੀਤਾਂ ਬਲਦੇਵ ਸਿੰਘ ਸਹਿਦੇਵ ਮੰਚ ਦੇ ਪਰਧਾਨ, ਵਿਦਵਾਨ ਪੂਰਨ ਸਿੰਘ ਪਾਂਧੀ, ਜਗਜੀਤ ਸਿੰਘ ਜੋਗਾ ਮੀਤ ਸਕੱਤਰ ਭਾਰਤੀ ਕਮਿਉਨਿਸਟ ਪਾਰਟੀ ਪੰਜਾਬ, ਕਾ:" ਸੁਖਦੇਵ ਸਿੰਘ ਧਾਲੀਵਾਲ ਸਕੱਤਰ, ਪ੍ਰੋ:; ਨਿਰਮਲ ਸਿੰਘ ਧਾਰਨੀ ਅਤੇ ਡਾ:: ਬਲਜਿੰਦਰ ਸਿੰਘ ਸੇਖੋਂ ਨੂੰ, ਬਿਰਾਜਮਾਨ ਹੋਣ ਲਈ ਬੇਨਤੀ ਕੀਤੀ।

ਇਸ ਉਪਰੰਤ ਸ਼ਹੀਦ ਕਰਤਾਰ ਸਿੰਘ ਸਰਾਭਾ ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਦੇ ਧਾਰਨੀ ਸਾਰੀ ਉਮਰ ਮਨੁੱਖੀ ਕਲਿਆਣ ਲਈ ਜਦੋ ਜਹਿਦ ਕਰਨ ਵਾਲੇ, ਅਧਿਆਪਕਾਂ, ਮੁਲਾਜਮਾਂ ਅਤੇ ਕਮਿਉਨਿਸਟ ਪਾਰਟੀ ਵਿੱਚ ਉਚ ਅਹੁਦਿਆਂ ਤੇ ਕੰਮ ਕਰਨ ਵਾਲੇ ਕਾ:ਰਣਧੀਰ ਗਿਲ ਬੋਹਨਾ(ਮੋਗਾ), ਗਿਆਨੀ ਗੁਰਦੇਵ ਸਿੰਘ ਨਿਹਾਲੇ ਵਾਲਾ ਅਧਿਆਪਕ ਅਤੇ ਲੇਖਕ ਅਤੇ ਅਵਤਾਰ ਸਿੰਘ ਵਲਟੋਹਾ ਬਿਜਲੀ ਬੋਰਡ ਦੇ ਪਿਛਲੇ ਦਿਨੀਂ ਵਿਛੜ ਗਏ। ਮੰਚ ਦੇ ਪਰਾਧਾਨ ਨੇ ਉਹਨਾਂ ਦੀਆਂ ਸਰਗਰਮੀਆਂ ਬਾਰੇ ਦੱਸਿਆ ਅਤੇ ਖੜੇ ਹੋ ਕੇ ਦੋ ਮਿੰਟ ਲਈ ਮੋਨ ਧਾਰ ਕੇ ਵਿਛੜੇ ਸਾਥੀਆਂ ਨੂੰ ਸ਼ਰਧਾਂਜਲੀ ਦਿਤੀ।

ਸਮਾਗਮ ਦੇ ਸੁਰੂ ਵਿੱਚ ਬਜੁਰਗ ਕੁੰਢਾ ਸਿੰਘ ਨੇ ਕਵਿਤਾ ਪੜ੍ਹੀ। ਬਲਦੇਵ ਸਿੰਘ ਸਹਿਦੇਵ ਨੈ ਵਿਸਥਾਰ ਵਿੱਚ ਦਸਿਆ ਕਿ ਕਾਰਪੋਰੇਟ ਦੇ ਦੈਂਤ ਨੇ ਦੁਨੀਆਂ ਵਿੱਚ ਪੈਰ ਪਸਾਰ ਲਏ ਅਤੇ ਭਾਰਤ ਨੂੰ ਵੀ ਗੁਲਮ ਬਣਾ ਲਿਆ। ਦੇਸ ਨੂੰ ਅੰਗਰੇਜਾਂ ਤੋਂ ਨਿਜਾਤ ਦੁਆਉਣ ਲਈ ਗਦਰ ਪਾਰਟੀ ਹੋਂਦ ਵਿੱਚ ਆਈ। ਸ਼ਹੀਦ ਕਰਤਾਰ ਸਿੰਘ ਸਰਾਭਾਂ ਉਸ ਲਹਿਰ ਦੇ ਸਿਰਮੌਰ ਆਗੂਆਂ ਵਿਚੋਂ ਹਨ ਜਿਸ ਨੂੰ ਬਰਤਾਨਵੀ ਹਕੂਮਤ ਨੇ 16 ਨਵੰਬਰ 1915 ਨੂੰ ਛੇ ਹੋਰ ਸਾਥੀਆਂ ਸਮੇਤ ਫਾਂਸੀ ਦੇ ਦਿਤੀ। ਕਾ:: ਜਗਜੀਤ ਸਿੰਘ ਜੋਗਾ ਨੇ ਨੌ ਜਵਾਨ ਦੇ ਛੋਟੀ ਉਮਰ ਵਿੱਚ ਗਦਰ ਪਾਰਟੀ ਵਿੱਚ ਵੱਡੀਆਂ ਜਿੰਮੇਵਾਰੀਆਂ ਅਤੇ ਵਡੇ ਕਾਰਨਾਮਿਆਂ ਬਾਰੇ ਵਿਸਥਾਰ ਵਿੱਚ ਦੱਸਿਆ। ਬਲਜਿੰਦਰ ਸਿੰਘ ਸੇਖੋਂ ਨੇ ਦੱਸਿਆ ਕਿ ਅੱਜ ਕਾਰਪਰੇਟ ਤੋਂ ਕਿਰਤੀ ਵਰਗ ਨੂੰ ਚੁਨੌਤੀਆਂ ਉਸ ਸਮੇਂ ਨਾਲੋਂ ਵਧੇਰੇ ਹਨ।ਅੱਜ ਕਿਰਤੀ ਵਰਗ ਨੂੰ ਜੀਵਨ ਗੁਜ਼ਾਰਾ ਕਰਨਾ ਅਤਿ ਕਠਿਨ ਹੁੰਦਾ ਜਾ ਰਿਹਾ ਹੈ ਅਤੇ ਸਰਮਾਏਦਾਰੀ ਮਜ਼ਬੂਤ ਹੋ ਰਹੀ ਹੈ। ਉਸ ਨੇ ਕੁੱਝ ਮਿਸਾਲਾਂ ਦਿਤੀਆਂ। ਪ੍ਰੋ::ਨਿਰਮਲ ਸਿੰਘ, ਗੁਰਦੇਵ ਸਿੰਘ ਮਾਨ, ਸੁਖਵਿੰਦਰ ਸਿੰਘ ਐਡਵੋਕੇਟ, ਮੱਲ ਸਿੰਘ ਬਾਸੀ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਕਾ:ਸੁਖਦੇਵ ਸਿੰਘ ਧਾਲੀਵਾਲ ਨੇ ਆਪਣੇ ਵਿਚਾਰ ਸਾਂਝੇ ਕਰਕੇ ਆਏ ਸੱਭ ਸਾਥੀਆਂ ਦਾ ਸਮਾਗਮ ਵਿੱਚ ਸ਼ਾਮਲ ਹੋਣ ਲਈ ਧੰਨਵਾਦ ਕੀਤਾ।: ਯਾਦ ਰਹੇ ਛੇ ਸਾਥੀਆਂ ਨਾਲ ਉਨ੍ਹਾ ਤੇ ਜੋ ਮੁਕੱਦਮਾ ਚੱਲ ਰਿਹਾ ਸੀ ਉਸ ਵਿਚ ਕਰਤਾਰ ਸਿੰਘ ਸਰਾਭਾ ਦੀ ਸਰ ਅਲੀ ਆਲਮ ਨੇ ਛੋਟੀ ਉਮਰ ਕਰਕੇ ਬਰੀ ਕਰਨ ਦੇ ਵਿਚਾਰ ਦਾ ਇਸ਼ਾਰਾ ਕਿਤਾ ਸੀ। ਪਰ ਹੋਮ ਡਿਪਾਰਟਮੈਂਟ ਦੇ ਮੈਂਬਰ ਨੇ ਠੀਕ ਨਾ ਸਮਝਿਆ ,ਅਤੇ ਕਰਤਾਰ ਸਿੰਘ ਸਰਾਭਾ ਬਾਰੇ ਲਿਖਿਆ ਉਹ ਭਾਂਵੇਂ ਨੌਜਵਾਨ ਹੈ ਪਰ ਸਾਰੇ ਸਾਜਸ਼ਕਾਰੀਆਂ ਵਿੱਚੋਂ ਖਤਰਨਾਕ ਹੈ। ਸਟੇਜ ਸਕੱਤਰ ਹਰਚੰਦ ਸਿੰਘ ਬਾਸੀ ਨੇ ਕਿਹਾ ਕਿ ਆਪਣੇ ਸ਼ਹੀਦਾ ਦੀਆਂ ਮਨੁੱਖਤਾ ਦੇ ਭਲੇ ਲਈ ਕੀਤੀਆਂ ਕੁਰਬਾਨੀਆਂ ਮਨਾਂ ਵਿੱਚ ਵਸਾ ਕੇ ਹੱਕ ਸੱਚ ਇਨਸਾਫ, ਬਰਾਬਰੀ, ਮਨੁੱਖੀ ਅਜਾਦੀ ਦੇ ਲਈ ਅਵਾਜ਼ ਬੁਲੰਦ ਕੀਤੀ ਜਾਏ ਇਹੋ ਸਾਡਾ ਪਵਿਤਰ ਫਰਜ਼ ਬਣਦਾ ਹੈ। ਇਹੀ ਮਨੁੱਖ ਦੇ ਕਲਿਆਣ ਦਾ ਰਸਤਾ ਹੈ। ਜਦਲੋਕ ਬੇਇਨਸਾਫਆਂ ਖਿਲਾਫ ਬੋਲਣ ਲਗਣਗੇ ਤਾਂ ਹਕੂਮਤਾਂ ਨੂੰ ਧੱਕੇ ਕਰਨ ਦਾ ਹੀਆ ਨਹੀਂ ਪਵੇਗਾ ਅਤੇ ਲੋਕ ਪੱਖੀ ਸਰਕਾਰਾਂ ਹੋਂਦ ਵਿਚ ਆਉਣਗੀਆਂ। ਕੈਸੀ ਕੈਂਬਲ ਸੀਨੀਅਰਜ਼ ਕਲੱਬ ਹਮੇਸਾ ਹੀ ਇਸ ਤਰ੍ਹਾਂ ਦੇ ਸਮਾਗਮਾਂ ਲਈ ਪੰਜਾਬੀ ਸੱਭਿਆਚਾਰ ਮੰਚ ਨੂੰ ਸਹਾਇਤਾ ਦਿੰਦੀ ਰਹਿੰਦੀ ਹੈ। ਮੰਚ ਇਸ ਸਹਾਇਤਾ ਲਈ ਉਹਨਾਂ ਦਾ ਅਤਿ ਧੰਨਵਾਦੀ ਹੈ ਅਤੇ ਸ਼ਲਾਘਾ ਕਰਦਾ ਹੈ। ਜਿੰਨਾਂ ਸਾਥੀਆਂ ਨੇ ਮਾਇਕ ਸਹਾਇਤਾ ਕੀਤੀ ਮੰਚ ਪਰਧਾਨ ਨੇ ਉਹਨਾਂ ਦਾ ਵੀ ਧੰਨਵਾਦ ਕੀਤਾ। ਹਾਜਰੀਨ ਲਈ ਚਾਹ ਪਾਣੀ ਦਾ ਖੁੱਲਾ ਡੁੱਲਾ ਪਰਬੰਧ ਕੀਤਾ ਗਿਆ।

# ਲੜਕੀਆਂ ਦੇ 66ਵੇਂ ਰਾਜ ਪੱਧਰੀ ਅੰਤਰ ਜ਼ਿਲ੍ਹਾ ਸਕੂਲ ਮੁਕਾਬਲੇ ਇਕ ਵੱਖਰੀ ਅਮਿਟ ਛਾਪ ਛੱਡ ਗਏ

* ਗਰੁੱਪ ਯੋਗਾ ਅੰਡਰ 14, 17 ਅਤੇ 19 ਤਿਨਾਂ ਵਰਗਾਂ ਵਿੱਚ ਪਟਿਆਲਾ ਨੇ ਕੀਤਾ ਪਹਿਲਾ ਸਥਾਨ ਹਾਸਲ * ਆਰਟੀਸਟੀਕ ਯੋਗਾ ਵਿੱਚ ਜਲੰਧਰ ਦੀ ਝੰਡੀ





ਪਠਾਨਕੋਟ, 24 ਨਵੰਬਰ (ਰਾਜਿੰਦਰ ਸਿੰਘ ਰਾਜਨ) ਸਕੂਲ ਸਿੱਖਿਆ ਵਿਭਾਗ ਵੱਲੋਂ ਕਰਵਾਏ ਜਾ ਰਹੇ ਲੜਕੀਆਂ ਦੇ ਰਾਜ ਪੱਧਰੀ 66 ਵੇਂ ਅੰਤਰ ਜ਼ਿਲ੍ਹਾ ਸਕੂਲ ਖੇਡਾਂ ਯੋਗਾ ਮੁਕਾਬਲੇ ਇਕ ਵੱਖਰੀ ਅਮਿਟ ਛਾਪ ਛੱਡ ਗਏ। ਅੱਜ ਸਥਾਨਕ ਆਰਿਆ ਮਹਿਲਾ ਮਹਾਵਿਦਿਆਲਿਆ ਪਠਾਨਕੋਟ ਦੇ ਆਡੀਟੋਰੀਅਮ ਵਿੱਚ ਜਸਵੰਤ ਸਿੰਘ ਡੀਈਓ ਸੈਕੰਡਰੀ ਕੰਮ ਡੀਟੀਸੀ ਪ੍ਰਧਾਨ ਦੀ ਅਗਵਾਈ ਹੇਠ ਹੋਏ ਇਨ੍ਹਾਂ ਰਾਜ ਪੱਧਰੀ ਯੋਗਾ ਮੁਕਾਬਲਿਆਂ ਦੇ ਜੇਤੂ ਖਿਡਾਰੀਆਂ ਨੂੰ ਆਰਿਆ ਮਹਿਲਾ ਮਹਾਵਿਦਿਆਲਿਆ ਪਠਾਨਕੋਟ ਦੀ ਪ੍ਰਿੰਸੀਪਲ ਡਾ। ਗੁਰਮੀਤ ਕੌਰ, ਡੀਟੀਸੀ ਕਮੇਟੀ ਮੈਂਬਰਾਂ ਅਤੇ ਪ੍ਰਿੰਸੀਪਲ ਸਹਿਬਾਨਾਂ ਨੇ ਮੈਡਲ ਦੇ ਕੇ ਸਨਮਾਨਿਤ ਕੀਤਾ। ਇਨ੍ਹਾਂ ਮੁਕਾਬਲਿਆ ਦੇ ਅੰਡਰ 14 ਗਰੁੱਪ ਯੋਗਾ ਦੇ ਮੁਕਾਬਲਿਆਂ ਵਿੱਚ ਪਟਿਆਲਾ ਨੇ ਪਹਿਲਾ, ਜਲੰਧਰ ਨੇ ਦੂਜਾ ਅਤੇ ਸੰਗਰੂਰ ਨੇ ਤੀਜਾ ਸਥਾਨ ਹਾਸਲ ਕੀਤਾ। ਅੰਡਰ 17 ਗਰੁੱਪ ਯੋਗਾ ਵਿੱਚ ਦੇ ਮੁਕਾਬਲਿਆਂ ਵਿੱਚ ਪਟਿਆਲਾ ਨੇ ਪਹਿਲਾ, ਜਲੰਧਰ ਨੇ ਦੂਜਾ ਅਤੇ ਫਾਜ਼ਿਲਕਾ ਨੇ ਤੀਜਾ ਸਥਾਨ ਹਾਸਲ ਕੀਤਾ। ਅੰਡਰ 19 ਗਰੁੱਪ ਯੋਗਾ ਵਿੱਚ ਪਟਿਆਲਾ ਨੇ ਪਹਿਲਾ, ਸੰਗਰੂਰ ਨੇ ਦੂਜਾ ਅਤੇ ਲੁਧਿਆਣਾ ਨੇ ਤੀਜਾ ਸਥਾਨ ਹਾਸਲ ਕੀਤਾ। ਜਦਕਿ ਆਰਟੀਸਟੀਕ ਯੋਗਾ ਅੰਡਰ 14 ਵਿੱਚ ਜਲੰਧਰ ਨੇ ਪਹਿਲਾ, ਪਟਿਆਲਾ ਨੇ ਦੂਜਾ ਅਤੇ ਅੰਮ੍ਰਿਤਸਰ ਨੇ ਤੀਜਾ ਸਥਾਨ ਹਾਸਲ ਕੀਤਾ ਹੈ।ਆਰਟੀਸਟੀਕ ਯੋਗਾ ਅੰਡਰ 17 ਵਿੱਚ ਜਲੰਧਰ ਨੇ ਪਹਿਲਾ, ਪਟਿਆਲਾ ਨੇ ਦੂਜਾ ਅਤੇ ਲੁਧਿਆਣਾ ਨੇ ਤੀਜਾ ਸਥਾਨ ਹਾਸਲ ਕੀਤਾ। ਆਰਟੀਸਟੀਕ ਯੋਗਾ ਅੰਡਰ 19 ਵਿੱਚ ਮੁਕਤਸਰ ਸਾਹਿਬ ਨੇ ਪਹਿਲਾ, ਜਲੰਧਰ ਨੇ ਦੂਜਾ ਅਤੇ ਸੰਗਰੂਰ ਨੇ ਤੀਜਾ ਸਥਾਨ, ਰਿਧਮਿਕ ਯੋਗਾ ਅੰਡਰ 14 ਵਿੱਚ ਪਟਿਆਲਾ ਨੇ ਪਹਿਲਾ, ਜਲੰਧਰ ਨੇ ਦੂਜਾ ਅਤੇ ਗੁਰਦਾਸਪੁਰ ਨੇ ਤੀਜਾ ਸਥਾਨ, ਰਿਧਮਿਕ ਯੋਗਾ ਅੰਡਰ 17 ਵਿੱਚ ਜਲੰਧਰ ਨੇ ਪਹਿਲਾ, ਲੁਧਿਆਣਾ ਨੇ ਦੂਜਾ ਅਤੇ ਫਾਜ਼ਿਲਕਾ ਨੇ ਤੀਜਾ ਸਥਾਨ, ਰਿਧਮਿਕ ਯੋਗਾ ਅੰਡਰ 19 ਵਿੱਚ ਪਟਿਆਲਾ ਨੇ ਪਹਿਲਾ, ਲੁਧਿਆਣਾ ਨੇ ਦੂਜਾ ਅਤੇ ਜਲੰਧਰ ਨੇ ਤੀਜਾ ਸਥਾਨ ਹਾਸਲ ਕੀਤਾ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪਠਾਨਕੋਟ ਵਿੱਚ ਆਯੋਜਿਤ ਇਨ੍ਹਾਂ ਰਾਜ ਪੱਧਰੀ ਮੁਕਾਬਲਿਆਂ ਵਿੱਚ ਰਾਜ ਦੇ 23 ਜ਼ਿਲ੍ਹਿਆਂ ਵਿੱਚੋਂ 450 ਦੇ ਕਰੀਬ ਖਿਡਾਰੀਆਂ ਨੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਦਿਖਾਈਆਂ ਹੈ। ਇਨ੍ਹਾਂ ਖਿਡਾਰੀਆਂ ਦੇ ਰਹਿਣ ਸਹਿਣ ਅਤੇ ਖਾਣ ਪੀਣ ਦਾ ਪ੍ਰਬੰਧ ਬਹੁਤ ਹੀ ਸੁਚੱਜੇ ਢੰਗ ਨਾਲ ਵਿਭਾਗ ਵੱਲੋਂ ਕੀਤਾ ਗਿਆ ਸੀ। ਡੀਐਮ ਨੇ ਕਿਹਾ ਕਿ ਸਰਕਾਰੀ ਸਕੂਲਾਂ ਦੇ ਪ੍ਰਤਿਭਾਸ਼ਾਲੀ ਵਿਦਿਆਰਥੀ ਜਿਸ ਵੀ ਖੇਤਰ ਵਿੱਚ ਪੈਰ ਰੱਖਦੇ ਹਨ ਉਹ ਆਪਣੀ ਮਿਹਨਤ, ਲਗਨ ਅਤੇ ਹੁਨਰ ਨਾਲ ਆਪਣੇ ਸਕੂਲਾਂ, ਅਧਿਆਪਕਾਂ ਅਤੇ ਮਾਪਿਆਂ ਦਾ ਸਿਰ ਮਾਣ ਨਾਲ ਉੱਚਾ ਕਰਦੇ ਹਨ। ਉਨ੍ਹਾਂ ਨੇ ਬੱਚਿਆਂ ਨੂੰ ਹਰ ਖੇਤਰ ਵਿੱਚ ਅੱਗੇ ਵਧਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਤੇ ਪ੍ਰਿੰਸੀਪਲ ਜੋਗਿੰਦਰ ਸ਼ਰਮਾ ਸਟੇਟ ਐਵਾਰਡੀ, ਡੀਐਮ ਸਪੋਰਟਸ ਅਰੁਣ ਕੁਮਾਰ,ਸੀਨੀਅਰ ਮੀਤ ਪ੍ਰਧਾਨ ਡੀਟੀਸੀ, ਮੁੱਖ ਅਧਿਆਪਕ ਮੁਨੀਸ਼ ਕੁਮਾਰ ਮੀਤ ਪ੍ਰਧਾਨ ਡੀਟੀਸੀ, ਮੁੱਖ ਅਧਿਆਪਿਕਾ ਮਨੀਸ਼ਾ ਮੀਤ ਪ੍ਰਧਾਨ ਡੀਟੀਸੀ, ਗੁਰਤੇਜ ਸਿੰਘ ਡੀਪੀਈ ਜਨਰਲ ਸਕੱਤਰ ਡੀਟੀਸੀ, ਸੰਜੀਵ ਸ਼ਰਮਾਂ ਪੀਟੀਆਈ ਟੈਕਨੀਕਲ ਮੈਂਬਰ ਡੀਟੀਸੀ, ਮ੍ਰਿਦੂ ਭਾਸਿਣੀ ਪੀਟੀਆਈ ਸਹਾਇਕ ਸੱਕਤਰ ਡੀਟੀਸੀ, ਬਲਕਾਰ ਅੱਤਰੀ ਜ਼ਿਲ੍ਹਾ ਕੋਆਰਡੀਨੇਟਰ ਮੀਡੀਆ ਸੈਲ ਪਠਾਨਕੋਟ, ਪ੍ਰਿੰਸੀਪਲ ਨਸੀਬ ਸੈਣੀ ਇੰਚਾਰਜ ਪ੍ਰਬੰਧਕੀਂ ਕਮੇਟੀ, ਪ੍ਰਿੰਸੀਪਲ ਪੰਕਜ ਮਹਾਜਨ ਇੰਚਾਰਜ ਪ੍ਰੈਸ ਐਂਡ ਪਬਲੀਸਿਟੀ ਕਮੇਟੀ, ਪ੍ਰਿੰਸੀਪਲ ਸੂਰਜ ਗੁਰੰਗ ਇੰਚਾਰਜ ਪ੍ਰਚੇਜ ਕਮੇਟੀ, ਪ੍ਰਿੰਸੀਪਲ ਰਮੇਸ ਕੁਮਾਰ, ਪ੍ਰਿੰਸੀਪਲ ਰਘਬੀਰ ਕੌਰ, ਪ੍ਰਿੰਸੀਪਲ ਜਤਿੰਦਰ ਕੌਰ, ਪ੍ਰਿੰਸੀਪਲ ਦਰਸ਼ਨ ਸਿੰਘ, ਪ੍ਰਿੰਸੀਪਲ ਸੁਨੀਤਾ ਸ਼ਰਮਾ, ਪ੍ਰਿੰਸੀਪਲ ਬਲਵਿੰਦਰ ਕੁਮਾਰ, ਪ੍ਰਿੰਸੀਪਲ ਬਲਬੀਰ ਕੁਮਾਰ, ਹੈਡ ਮਿਸਟ੍ਰੇਸ ਰਵਿੰਦਰ ਕੌਰ, ਹੈਡ ਮਿਸਟ੍ਰੇਸ ਬਬੀਤਾ, ਮਿਸ ਸਮਾ ਅਸਿਸਟੈਂਟ ਪ੍ਰੋਫੈਸਰ ਆਰਿਆ ਮਹਿਲਾ ਮਹਾਵਿਦਿਆਲਾ, ਹੈਡ ਮਾਸਟਰ ਨਵੀਨ ਕੁਮਾਰ, ਹੈਡ ਮਾਸਟਰ ਕੇਵਲ ਕ੍ਰਿਸ਼ਨ, ਸਮਰਪਾਲ ਸਿੰਘ, ਲੈਕਚਰਾਰ ਸੁਖਵਿੰਦਰ ਕੌਰ, ਬ੍ਰਿਜ ਰਾਜ ਮੀਡੀਆ ਟੀਮ ਆਦਿ ਹਾਜ਼ਰ ਸਨ।

# ਜੰਗਲਾਤ ਵਿਭਾਗ ਨੇ ਪਿੰਡ ਮਹਿੰਦੀਪੁਰ ਤੇ ਠਠਿਆਲਾ ਦੀ 88 ਏਕੜ ਜ਼ਮੀਨ ਨਜਾਇਜ਼ ਕਬਜ਼ੇ ਹੇਠੋ ਛੁਡਵਾਈ

*ਜ਼ਿਲ੍ਹੇ ਵਿੱਚ ਨਜਾਇਜ਼ ਕਬਜ਼ਾ ਹਟਾਉਣ ਦੀ ਕਾਰਵਾਈ ਰਹੇਗੀ ਜਾਰੀ-ਡੀ ਐਫ ਓ ਸਤਿੰਦਰ ਸਿੰਘ



ਨਵਾਂਸ਼ਹਿਰ, 24 ਨਵੰਬਰ(ਗਿਆਨ ਸਿੰਘ)- ਪੰਜਾਬ ਸਰਕਾਰ ਦੇ ਆਦੇਸ਼ਾਂ 'ਤੇ ਵਣ ਵਿਭਾਗ ਦੀ ਜ਼ਮੀਨ ਨਜਾਇਜ਼ ਕਾਬਜ਼ਕਾਰਾਂ ਦੇ ਕਬਜ਼ੇ ਆਰੰਭੀ ਮੁਹਿੰਮ ਤਹਿਤ ਵਣ ਮੰਡਲ ਨਵਾਂਸ਼ਹਿਰ ਅਧੀਨ ਪੈਂਦੇ ਪਿੰਡ ਮਹਿੰਦੀਪੁਰ ਅਤੇ ਠਠਿਆਲਾ 'ਚੋਂ 88 ਏਕੜ ਜ਼ਮੀਨ ਦਾ ਕਬਜ਼ਾ ਛੁਡਵਾਇਆ ਗਿਆ।

ਵਣ ਮੰਡਲ ਅਫ਼ਸਰ ਨਵਾਂਸ਼ਹਿਰ ਐਟ ਗੜ੍ਹਸ਼ੰਕਰ, ਸਤਿੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਦੀਆਂ ਹਦਾਇਤਾਂ ਤੇ ਨਾਇਬ ਤਹਿਸੀਲਦਾਰ ਕਰਮਜੀਤ ਸਿੰਘ ਦੀ ਮੱਦਦ ਨਾਲ ਮਾਲ ਤੇ ਮੁੜ ਵਸੇਬਾ ਵਿਭਾਗ ਰਾਹੀਂ ਨਜਾਇਜ਼ ਕਬਜ਼ੇ ਅਧੀਨ ਮਹਿੰਦੀਪੁਰ ਦੀ 38 ਏਕੜ ਤੇ ਠਠਿਆਲਾ ਦੀ 50 ਏਕੜ ਜ਼ਮੀਨ ਦੀ ਪੈਮਾਇਸ਼ ਕਰਵਾਈ ਗਈ ਅਤੇ ਬਾਅਦ ਵਿੱਚ ਉਸ ਦਾ ਕਬਜ਼ਾ ਹਾਸਲ ਕਰਕੇ ਸੀਮੇਂਟ ਦੇ ਪਿੱਲਰ ਤੇ ਕੰਡਿਆਲੀ ਤਾਰ ਲਗਾ ਦਿੱਤੀ ਗਈ।

ਉਨ੍ਹਾਂ ਦੱਸਿਆ ਕਿ ਪ੍ਰਧਾਨ ਮੁੱਖ ਵਣਪਾਲ ਪੰਜਾਬ ਆਰ ਕੇ ਮਿਸ਼ਰਾ, ਮੁੱਖ ਵਣਪਾਲ ਹਿਲਜ਼ (ਸ਼ਿਵਾਲਿਕ ਜ਼ੋਨ) ਬਸੰਤਾ ਰਾਜ ਕੁਮਾਰ ਅਤੇ ਵਣ ਪਾਲ ਸ਼ਿਵਾਲਿਕ ਸਰਕਲ ਕੇ ਕਾਨਨ ਦੇ ਦਿਸ਼ਾ - ਨਿਰਦੇਸ਼ਾਂ ਅਨੁਸਾਰ ਨਜਾਇਜ਼ ਕਾਬਜ਼ਾਂ ਕੋਲੋਂ 88 ਏਕੜ ਜ਼ਮੀਨ ਛੁਡਵਾ ਕੇ ਉਸ ਦੁਆਲੇ ਕੰਡਿਆਲੀ ਤਾਰ ਲਾ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਨਜਾਇਜ਼ ਕਬਜ਼ੇ ਹੇਠੋਂ ਛੁਡਵਾਈ ਇਸ ਜ਼ਮੀਨ ਵਿੱਚ ਜੰਗਲ ਲਾਉਣ ਲਈ ਵਿਭਾਗ ਨੂੰ ਅਨੁਮਾਨ ਬਣਾ ਕੇ ਭੇਜਿਆ ਗਿਆ ਹੈ ਅਤੇ ਮਨਜ਼ੂਰੀ ਮਿਲਦੇ ਹੀ ਇੱਥੇ ਪੌਦੇ ਲਾ ਦਿੱਤੇ ਜਾਣਗੇ। ਉਨ੍ਹਾਂ ਦੱਸਿਆ ਕਿ ਇਸੇ ਹੀ ਥਾਂ ਤੇ 70 ਏਕੜ ਦੇ ਕਰੀਬ ਹੋਰ ਨਜਾਇਜ਼ ਕਬਜ਼ੇ ਹੇਠਲੀ ਜ਼ਮੀਨ ਦੇ ਰਿਕਾਰਡ ਦੀ ਦਰੁਸਤੀ ਲਈ ਅਤੇ ਕਬਜ਼ਾ ਵਾਰੰਟ ਲਈ ਐਸ ਡੀ ਐਮ ਨਵਾਂਸ਼ਹਿਰ ਦੀ ਅਦਾਲਤ ਵਿੱਚ ਕੇਸ ਪਾਇਆ ਜਾਵੇਗਾ। ਉਪਰੰਤ ਦਖਲ ਵਾਰੰਟ ਲੈਣ ਬਾਅਦ ਜ਼ਿਲ੍ਹਾ ਪੁਲਿਸ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੀ ਮੱਦਦ ਨਾਲ ਵਿਭਾਗ ਵੱਲੋਂ ਇਸ ਦਾ ਕਬਜ਼ਾ ਹਾਸਲ ਕਰ ਲਿਆ ਜਾਵੇਗਾ।

ਵਣ ਮੰਡਲ ਅਫ਼ਸਰ ਅਨੁਸਾਰ ਇਸ ਤੋਂ ਪਹਿਲਾਂ ਵੀ ਵਿਭਾਗ ਨਵਾਂਸ਼ਹਿਰ ਵਣ ਮੰਡਲ ਵਿੱਚ 260 ਏਕੜ ਦੇ ਕਰੀਬ ਜੰਗਲਾਤ ਜ਼ਮੀਨ ਨਜਾਇਜ਼ ਕਾਬਜ਼ਾਂ ਪਾਸੋਂ ਛੁਡਵਾ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਵਿਭਾਗ ਪੰਜਾਬ ਸਰਕਾਰ ਦੀਆਂ ਹਦਾਇਤਾਂ ਮੁਤਾ-ਬਕ ਅਗਲੇ ਦਿਨਾਂ ਵਿੱਚ ਹੋਰਨਾਂ ਨਜਾਇਜ਼ ਕਾਬਜ਼ਾਂ ਖ਼ਿਲਾਫ਼ ਵੀ ਮੁਹਿੰਮ ਚਲਾਏਗਾ।


ਉਨ੍ਹਾਂ ਨੇ ਜੰਗਲਾਤ ਵਿਭਾਗ ਦੀਆਂ ਜ਼ਮੀਨਾਂ 'ਤੇ ਨਜਾਇਜ਼ ਕਬਜ਼ੇ ਕਰਨ ਵਾਲਿਆਂ ਨੂੰ ਤੁਰੰਤ ਇਨ੍ਹਾਂ ਜ਼ਮੀਨਾਂ ਨੂੰ ਖਾਲੀ ਕਰਨ ਲਈ ਆਖਦਿਆਂ ਕਿਹਾ ਕਿ ਜੇਕਰ ਉਹ ਆਪਣੇ ਆਪ ਵਿਭਾਗ ਦੀ ਜ਼ਮੀਨ ਨਹੀਂ ਛੱਡਣਗੇ ਤਾਂ ਫ਼ਿਰ ਉਨ੍ਹਾਂ ਖ਼ਿਲਾਫ਼ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਉਨ੍ਹਾਂ ਦੱਸਿਆ ਕਿ ਕਲ੍ਹ ਦੀ ਇਸ ਦਖ਼ਲ ਵਾਰੰਟ ਦੀ ਕਾਰਵਾਈ ਨੂੰ ਜ਼ਿਲ੍ਹਾ ਪੁਲਿਸ ਅਤੇ ਸਿਵਲ ਪ੍ਰਸ਼ਾਸਨ ਦੀ ਮੱਦਦ ਨਾਲ ਬਿਨਾਂ ਕਿਸੇ ਵੱਡੇ ਵਿਰੋਧ ਦੇ ਮੁਕੰਮਲ ਕੀਤਾ ਗਿਆ।

ਇਸ ਮੌਕੇ ਨਾਇਬ ਤਹਿਸੀਲਦਾਰ ਕਰਮਜੀਤ ਸਿੰਘ, ਕਾਨੂੰਗੋ ਪਰਗਣ ਸਿੰਘ, ਪਟਵਾਰੀ ਮਨਦੀਪ ਸਿੰਘ ਤੇ ਮੇਜਰ ਰਾਮ, ਰੇਂਜ ਅਫ਼ਸਰ ਰਵੀ ਦੱਤ ਤੋਂ ਇਲਾਵਾ ਵਣ ਵਿਭਾਗ ਦੇ ਬਲਾਚੌਰ, ਕਾਠਗੜ੍ਹ ਤੇ ਗੜ੍ਹਸ਼ੰਕਰ ਰੇਂਜਾਂ ਦੇ ਫੀਲਡ ਸਟਾਫ਼ ਤੋਂ ਇਲਾਵਾ ਪੁਲਿਸ ਅਧਿਕਾਰੀ ਤੇ ਕਰਮਚਾਰੀ ਮੌਜੂਦ ਰਹੇ।

# ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ ਕਰਵਾਈ ਗਈ 'ਡਾਲਰਾਂ ਦੀ ਦੌੜ ਤੇ ਹੋਰ ਨਾਟਕ' 'ਤੇ ਵਿਚਾਰ-ਚਰਚਾ

ਮੁੱਖ ਬੁਲਾਰੇ ਸਨ, ਪ੍ਰੋ. ਰਾਮ ਸਿੰਘ ਤੇ ਡਾ. ਨਾਹਰ ਸਿੰਘ








ਬਰੈਂਪਟਨ, (ਡਾ. ਝੰਡ) –ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ ਲੰਘੇ ਐਤਵਾਰ 20 ਨਵੰਬਰ ਨੂੰ ਕਰਵਾਏ ਗਏ ਮਹੀਨਾਵਾਰ ਸਮਾਗਮ ਵਿਚ ਨਾਹਰ ਔਜਲਾ ਦੀ ਪੁਸਤਕ 'ਡਾਲਰਾਂ ਦੀ ਦੌੜ ਤੇ ਹੋਰ ਨਾਟਕ' ਉੱਪਰ ਚਰਚਾ ਕਰਵਾਈ ਗਈ। ਸਮਾਗਮ ਦੇ ਮੁੱਖ-ਬੁਲਾਰੇ ਪ੍ਰੋਫ਼ੈਸਰ ਰਾਮ ਸਿੰਘ ਸਨ, ਜਦਕਿ ਇਸ ਚਰਚਾ ਵਿਚ ਭਾਗ ਲੈਣ ਵਾਲੇ ਹੋਰ ਬੁਲਾਰਿਆਂ ਵਿਚ ਉੱਘੇ ਲੋਕਧਾਰਾ ਵਿਗਿਆਨੀ ਡਾ. ਨਾਹਰ ਸਿੰਘ, ਡਾ. ਸੁਖਦੇਵ ਸਿੰਘ ਝੰਡ, ਹੀਰਾ ਸਿੰਘ ਹੰਸਪਾਲ ਅਤੇ ਸਭਾ ਦੇ ਸਰਪ੍ਰਸਤ ਬਲਰਾਜ ਚੀਮਾ ਸ਼ਾਮਲ ਸਨ। ਇਸ ਮੌਕੇ ਪ੍ਰਧਾਨਗੀ-ਮੰਡਲ ਵਿਚ ਦੋਹਾਂ ਬੁਲਾਰਿਆਂ ਪ੍ਰੋ. ਰਾਮ ਸਿੰਘ ਤੇ ਡਾ. ਨਾਹਰ ਸਿੰਘ ਦੇ ਨਾਲ ਪੁਸਤਕ ਲੇਖਕ ਨਾਹਰ ਔਜਲਾ ਅਤੇ ਸਭਾ ਦੇ ਮੈਂਬਰ ਮਲੂਕ ਸਿੰਘ ਕਾਹਲੋਂ ਬਿਰਾਜਮਾਨ ਸਨ। ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਵੱਲੋਂ ਆਏ ਮਹਿਮਾਨਾਂ ਤੇ ਮੈਂਬਰਾਂ ਦੇ ਰਸਮੀ ਸੁਆਗਤ ਤੋਂ ਬਾਅਦ ਮੰਚ-ਸੰਚਾਲਕ ਤਲਵਿੰਦਰ ਸਿੰਘ ਮੰਡ ਵੱਲੋਂ ਪ੍ਰੋ. ਰਾਮ ਸਿੰਘ ਨੂੰ ਪੁਸਤਕ ਬਾਰੇ ਚਰਚਾ ਆਰੰਭ ਕਰਨ ਲਈ ਬੇਨਤੀ ਕੀਤੀ ਗਈ ਜਿਨ੍ਹਾਂ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਨਾਟਕ ਨੂੰ ਪੜ੍ਹਨ ਅਤੇ ਇਸ ਉੱਪਰ ਚਰਚਾ ਕਰਨ ਨਾਲੋਂ ਇਸ ਦੀ ਪੇਸ਼ਕਾਰੀ ਵਧੇਰੇ ਮਹੱਤਵਪੂਰਨ ਹੈ, ਕਿਉਂਕਿ ਇਸ ਵਿਚ ਕਲਾਕਾਰਾਂ ਵੱਲੋਂ ਵਾਰਤਾਲਾਪ ਰਾਹੀਂ ਦਰਸ਼ਕਾਂ ਨਾਲ ਸਿੱਧਾ ਸੰਵਾਦ ਰਚਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਨਾਟਕ ਵਿਚ ਸਾਹਿਤਕਾਰੀ ਅਤੇ ਕਲਾਕਾਰੀ ਦੇ ਵਿਚਕਾਰ ਜੁਗਤ ਤੇ ਵਿਉਂਤ ਕੀਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਨਾਟਕ ਦਾ ਆਰੰਭ ਈਸਾਮਸੀਹ ਦੇ ਜਨਮ ਤੋਂ ਲੱਗਭੱਗ 500 ਸਾਲ ਪਹਿਲਾਂ ਹੋਇਆ ਜਦੋਂ ਸੱਭ ਤੋਂ ਪਹਿਲਾਂ ਯੂਨਾਨ ਵਿਚ ਯੂਨਾਨੀ ਭਾਸ਼ਾ ਵਿਚ ਅਤੇ ਭਾਰਤ ਵਿਚ ਸੰਸਕ੍ਰਿਤ ਵਿਚ ਨਾਟਕ ਲਿਖੇ ਗਏ। ਪੁਸਤਕ ਵਿਚ ਸ਼ਾਮਲ ਨਾਹਰ ਔਜਲਾ ਦੇ ਅੱਠ ਨਾਟਕਾਂ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਬਹੁਤ ਘੱਟ ਪਾਤਰਾਂ ਨਾਲ ਖੇਡੇ ਜਾਣ ਵਾਲੇ ਇਹ ਪੂਰੇ ਨਾਟਕ ਨਹੀ ਹਨ, ਸਗੋਂ ਇਨ੍ਹਾਂ ਨੂੰ ਲਘੂ-ਨਾਟਕ ਜਾਂ ਇਕਾਂਗੀ ਕਹਿਣਾ ਵਧੇਰੇ ਵਾਜਬ ਹੋਵੇਗਾ। ਇਨ੍ਹਾਂ ਨਾਟਕਾਂ ਵਿਚ ਮੁੱਖ ਤੌਰ 'ਤੇ ਕੈਨੇਡਾ ਵਿਚ ਰਹਿੰਦੇ ਪਰਵਾਸੀਆਂ ਨੂੰ ਦਰਪੇਸ਼ ਸਮੱਸਿਆਵਾਂ ਨੂੰ ਆਧਾਰ ਬਣਾਇਆ ਗਿਆ ਹੈ।

ਸਮਾਗ਼ਮ ਦੇ ਦੂਸਰੇ ਬੁਲਾਰੇ ਡਾ. ਨਾਹਰ ਸਿੰਘ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਪੰਜਾਬੀ ਨਾਟਕ ਵਿਚ ਆਲੋਚਨਾ ਦੇ ਸਿਧਾਂਤ ਨਿਰਧਾਰਿਤ ਨਹੀਂ ਕੀਤੇ ਜਾ ਸਕੇ ਜਿਹਾ ਕਿ ਸਾਹਿਤ ਦੀਆਂ ਹੋਰ ਵਿਧਾਵਾਂ ਕਵਿਤਾ, ਕਹਾਣੀ, ਨਾਵਲ ਅਤੇ ਵਾਰਤਕ ਵਿਚ ਉਪਲੱਬਧ ਹਨ। ਇਸ ਲਈ ਨਾਟਕ ਬਾਰੇ ਚਰਚਾ ਵੀ ਬਹੁਤ ਘੱਟ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਨਾਟਕ ਵਿਚ ਵਾਰਤਾਲਾਪ ਇਸ ਦਾ ਮੁੱਖ ਅੰਗ ਹੁੰਦਾ ਹੈ ਅਤੇ ਇਸ ਦੇ ਦਿਲਚਸਪ ਡਾਇਲਾਗ ਦਰਸ਼ਕਾਂ ਨੂੰ ਬੰਨ੍ਹ ਕੇ ਬਿਠਾਈ ਰੱਖਦੇ ਹਨ, ਬੇਸ਼ਕ ਸੂਤਰਧਾਰ ਸੰਗੀਤ ਅਤੇ ਰੌਸ਼ਨੀ ਵੀ ਇਸ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਕਿਹਾ ਕਿ ਡਾ. ਬਲਵੰਤ ਗਾਰਗੀ ਅਨੁਸਾਰ ਨਾਟਕ ਦੋ ਤਰ੍ਹਾਂ ਦੇ ਹਨ, 'ਪੜੰਤਣ ਨਾਟਕ' ਤੇ 'ਖਿਡੰਤਣ ਨਾਟਕ'। ਸੰਤ ਸਿੰਘ ਸੇਖੋਂ ਦੇ ਨਾਟਕ ਪਹਿਲੀ ਕਿਸਮ ਦੇ ਹਨ, ਜਦਕਿ ਬਲਵੰਤ ਗਾਰਗੀ ਤੇ ਕਈ ਹੋਰ ਨਾਟਕਕਾਰਾਂ ਦੇ ਨਾਟਕ ਦੂਸਰੀ ਕਿਸਮ ਦੇ ਹਨ। ਡਾ. ਸੁਖਦੇਵ ਸਿੰਘ ਝੰਡ ਨੇ ਨਾਹਰ ਔਜਲਾ ਦੇ ਨਾਟਕਾਂ ਨੂੰ ਕੈਨੇਡਾ ਵਿਚਲੇ ਪਰਵਾਸੀ ਪਰਿਵਾਰਾਂ ਦੀਆਂ 'ਮੁਸ਼ਕਲਾਂ ਦਾ ਦਰਪਣ' ਕਰਾਰ ਦਿੰਦਿਆਂ ਕਿਹਾ ਕਿ ਨਾਟਕਾਂ ਵਿਚ ਇਨ੍ਹਾਂ ਨੂੰ ਬਾਖ਼ੂਬੀ ਦਰਸਾਇਆ ਗਿਆ ਹੈ। ਹੀਰਾ ਸਿੰਘ ਹੰਸਪਾਲ ਨੇ ਨਾਹਰ ਔਜਲਾ ਨੂੰ ਵਧੀਆ ਨਾਟਕਕਾਰ, ਸਫ਼ਲ ਨਿਰਦੇਸ਼ਕ ਅਤੇ ਬਿਹਤਰ ਕਲਾਕਾਰ ਦੱਸਿਆ। ਬਲਰਾਜ ਚੀਮਾ ਵੱਲੋਂ ਨਾਹਰ ਔਜਲਾ ਨੂੰ ਇਸ ਨਾਟ-ਪੁਸਤਕ ਦੀ ਵਧਾਈ ਦਿੰਦਿਆਂ ਉਸ ਦੇ ਨਾਟਕਾਂ ਦੀ ਖ਼ੂਬ ਸਰਾਹਨਾ ਕੀਤੀ ਗਈ ਅਤੇ ਅੱਗੋਂ ਹੋਰ ਅਜਿਹੇ ਨਾਟਕ ਲਿਖਣ ਤੇ ਖੇਡਣ ਦੀ ਪ੍ਰੇਰਨਾ ਕੀਤੀ ਗਈ। ਆਪਣੇ ਸੰਬੋਧਨ ਵਿਚ ਉਨ੍ਹਾ ਨੇ ਸ਼ੈਕਸਪੀਅਰ ਤੇ ਬਰਨਾਰਡ ਸ਼ਾਅ ਦੇ ਨਾਟਕਾਂ ਬਾਰੇ ਵੀ ਜ਼ਿਕਰ ਕੀਤਾ। ਨਾਹਰ ਸਿੰਘ ਔਜਲਾ ਨੇ ਕਿਹਾ ਕਿ ਇਸ ਪੁਸਤਕ ਵਿਚ ਉਨ੍ਹਾਂ ਦੇ ਪੂਰੇ ਨਾਟਕ ਪੰਜ ਹੀ ਹਨ ਅਤੇ ਇਨ੍ਹਾਂ ਦੇ ਨਾਲ ਤਿੰਨ ਹੋਰ ਨੁੱਕੜ ਨਾਟਕ ਹਨ। ਇਨ੍ਹਾਂ ਵਿੱਚੋਂ ਪਹਿਲਾ ਨਾਟਕ 'ਸੁਪਰ ਵੀਜ਼ਾ ਜਦੋਂ ਚੰਡੀਗੜ੍ਹ ਵਿਖੇ ਖੇਡਿਆ ਗਿਆ ਸੀ ਤਾਂ ਉੱਘੇ ਨਾਟਕਕਾਰ ਡਾ. ਆਤਮਜੀਤ ਸਿੰਘ ਵੱਲੋਂ ਇਸ ਦੀ ਭਰਪੂਰ ਪ੍ਰਸ਼ੰਸਾ ਕੀਤੀ ਗਈ ਸੀ। ਪੁਸਤਕ ਵਿਚ ਸ਼ਾਮਲ ਨਾਟਕ ਖੇਡਣ ਸਮੇਂ ਆਈਆਂ ਮੁਸ਼ਕਲਾਂ ਬਾਰੇ ਦੱਸਦਿਆਂ ਕਿਹਾ ਕਿ ਇੱਥੇ ਕੈਨੇਡਾ ਵਿਚ ਕੰਮਾਂ ਰੁਝੇਵਿਆਂ ਦੌਰਾਨ ਕਲਾਕਾਰਾਂ ਨੂੰ ਰੀਹਲਸਲਾਂ ਲਈ ਸਮਾਂ ਕੱਢਣ ਵਿਚ ਬੜੀ ਦਿੱਕਤ ਆਉਂਦੀ ਹੈ। ਉਨ੍ਹਾਂ ਲਈ ਬਹੁ-ਪਾਤਰੀ ਖੇਡਣੇ ਮੁਸ਼ਕਲ ਹੋ ਜਾਂਦੇ ਹਨ। ਇਸ ਲਈ ਉਹ ਥੋੜ੍ਹੇ ਪਾਤਰਾਂ ਵਾਲੇ ਨਾਟਕ ਲਿਖਦੇ ਅਤੇ ਖੇਡਦੇ ਹਨ। ਇਸ ਦੌਰਾਨ ਉਨ੍ਹਾਂ ਆਪਣੇ ਨਾਟਕਾਂ ਦੇ ਕਈ ਕਲਾਕਾਰਾਂ ਦੀ ਸਰੋਤਿਆਂ ਨਾਲ ਜਾਣ-ਪਛਾਣ ਵੀ ਕਰਵਾਈ।

ਸਮਾਗ਼ਮ ਦੇ ਦੂਰੇ ਭਾਗ ਵਿਚ ਕਵੀ ਦਰਬਾਰ ਦਾ ਆਯੋਜਨ ਕੀਤਾ ਗਿਆ ਜਿਸ ਦੇ ਸੰਚਾਲਕ ਪਰਮਜੀਤ ਢਿੱਲੋਂ ਵੱਲੋਂ ਕਵੀਆਂ ਤੇ ਗਾਇਕਾਂ ਨੂੰ ਤਰਤੀਬਵਾਰ ਬਾਖ਼ੂਬੀ ਪੇਸ਼ ਕੀਤਾ ਗਿਆ। ਇਨ੍ਹਾਂ ਵਿਚ ਸ਼ਾਮਲ ਬਲਤੇਜ, ਸੁਖਜੀਤ, ਪ੍ਰੋ. ਆਸ਼ਿਕ ਰਹੀਲ, ਮਕਸੂਦ ਚੌਧਰੀ, ਪੰਜਾਬ ਸਿੰਘ ਕਾਹਲੋਂ, ਹਰਜੀਤ ਬਾਜਵਾ, ਇਕਬਾਲ ਬਰਾੜ, ਸਵਰਨਜੀਤ, ਸੁਖਦੇਵ ਝੰਡ, ਤਲਵਿੰਦਰ ਮੰਡ, ਕਰਨ ਅਜਾਇਬ ਸਿੰਘ ਸੰਘਾ,ਹਰਜਿੰਦਰ ਸਿੰਘ ਭਸੀਨ, ਨਿਰਮਲ ਸਿੱਧੂ ਤੇ ਮਲੂਕ ਸਿੰਘ ਕਾਹਲੋਂ ਨੇ ਆਪਣੀਆਂ ਕਵਿਤਾਵਾਂ ਤੇ ਗੀਤਾਂ ਨਾਲ ਖ਼ੂਬ ਕਾਵਿਕ ਮਾਹੌਲ ਸਿਰਜਿਆ। ਬਰਲਿੰਗਟਨ ਤੋਂ ਆਏ ਡਾ. ਪਰਗਟ ਸਿੰਘ ਬੱਗਾ ਵੱਲੋਂ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੀ ਸਥਾਪਤੀ ਦੇ ਗਿਆਰਾਂ ਸਾਲ ਪੂਰੇ ਕਰਨ 'ਤੇ ਇਸ ਦੇ ਪ੍ਰਬੰਧਕਾਂ ਤੇ ਸੰਚਾਲਕਾਂ ਨੂੰ ਭਾਵਪੂਰਤ ਸ਼ਬਦਾਂ ਵਿਚ ਮੁਬਾਰਕਬਾਦ ਦਿੱਤੀ ਗਈ। ਉਨ੍ਹਾਂ ਕਿਹਾ ਕਿ ਇਸ ਸੀਮਤ ਸਮੇਂ ਵਿਚ ਇਸ ਸਭਾ ਨੇ ਪੂਰੇ ਜੀ.ਟੀ.ਏ. ਦੇ ਸਾਹਿਤਕ ਹਲਕਿਆਂ ਵਿਚ ਆਪਣਾ ਖ਼ੂਬਸੂਰਤ ਮੁਕਾਮ ਬਣਾ ਲਿਆ ਹੈ। ਆਉਂਦੇ ਸਮੇਂ ਵਿਚ ਇਸ ਦੀ ਹੋਰ ਤਰੱਕੀ ਦੀ ਕਾਮਨਾ ਕਰਦਿਆਂ ਹੋਇਆਂ ਉਨ੍ਹਾਂ ਵੱਲੋਂ ਸਭਾ ਨੂੰ ਹਾਰਦਿਕ ਆਸ਼ੀਰਵਾਦ ਵੀ ਦਿੱਤੀ ਗਈ। ਅਖ਼ੀਰ ਵਿਚ ਪ੍ਰਧਾਨਗੀ-ਮੰਡਲ ਵਿਚ ਸ਼ਾਮਲ ਮਲੂਕ ਸਿੰਘ ਕਾਹਲੋਂ ਵੱਲੋਂ ਸਮੂਹ ਬੁਲਾਰਿਆਂ ਦਾ ਧੰਨਵਾਦ ਕਰਦਿਆਂ ਹੋਇਆਂ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੀ ਸਫ਼ਲਤਾ ਪੂਰਵਕ ਕਾਰਗੁਜ਼ਾਰੀ ਦੇ ਗਿਆਰਾਂ ਸਾਲ ਪੂਰੇ ਹੋਣ 'ਤੇ ਸਾਰਿਆਂ ਨੂੰ ਵਧਾਈ ਦਿੱਤੀ ਗਈ। ਸਮਾਗ਼ਮ ਵਿਚ ਐਡਵੋਕੇਟ ਦਰਸ਼ਨ ਸਿੰਘ ਦਰਸ਼ਨ, ਡਾ. ਜਗਮੋਹਨ ਸਿੰਘ ਸੰਘਾ, ਪਾਕਿਸਤਾਨ ਤੋਂ ਆਈ ਸ਼ਾਇਰਾ ਤਾਹਿਰਾ ਸਰਾ ਤੇ ਕਈ ਹੋਰ ਹਾਜ਼ਰ ਸਨ।

# ਸਿੱਖ ਕੌਂਸਲ ਆਫ਼ ਸਕਾਟਲੈਂਡ ਵੱਲੋਂ ਸਿਕਲੀਗਰ ਵਣਜਾਰੇ ਸਿੱਖਾਂ ਦੇ ਬੱਚਿਆਂ ਦੀ ਸਿੱਖਿਆ ਲਈ ਇਕੱਤਰ ਕੀਤੀ ਦਾਨ ਰਾਸ਼ੀ





ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ): ਸਿੱਖ ਕੌਂਸਲ ਆਫ ਸਕਾਟਲੈਂਡ ਇੱਕ ਵੱਕਾਰੀ, ਸਮਾਜ ਸੇਵੀ ਸੰਸਥਾ ਵਜੋਂ ਜਾਣੀ ਜਾਂਦੀ ਹੈ। ਸਕਾਟਲੈਂਡ ਤੋਂ ਸੰਚਾਲਿਤ ਇਸ ਸੰਸਥਾ ਵੱਲੋਂ ਸਮੇਂ ਸਮੇਂ 'ਤੇ ਮੱਧ ਪ੍ਰਦੇਸ ਵਸਦੇ ਸਿਕਲੀਗਰ ਵਣਜਾਰੇ ਸਿੱਖਾਂ ਦੇ ਪਰਿਵਾਰਾਂ ਦਾ ਜੀਵਨ ਪੱਧਰ ਉੱਚਾ ਚੱਕਣ ਲਈ ਸਮਾਗਮ ਕੀਤੇ ਜਾਂਦੇ ਹਨ। ਗਲਾਸਗੋ ਦੇ ਗੁਰੂ ਗ੍ਰੰਥ ਸਾਹਿਬ ਗੁਰਦੁਆਰਾ ਵਿਖੇ ਬੱਚਿਆਂ ਦਾ ਫੰਡ ਰੇਜ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਵੱਡੀ ਗਿਣਤੀ 'ਚ ਬੱਚਿਆਂ ਅਤੇ ਉਹਨਾਂ ਦੇ ਮਾਪਿਆਂ ਨੇ ਸ਼ਿਰਕਤ ਕੀਤੀ। ਸਿੱਖ ਕੌਂਸਲ ਆਫ ਸਕਾਟਲੈਂਡ ਸੰਸਥਾ ਦਾ ਮੰਨਣਾ ਹੈ ਕਿ ਜੇਕਰ ਅਸੀਂ ਕਿਸੇ ਨੂੰ ਆਰਥਿਕ ਦਾਨ ਦਿੰਦੇ ਹਾਂ ਤਾਂ ਉਸ ਤੋਂ ਬਿਹਤਰ ਇਹ ਹੈ ਕਿ ਕਿਸੇ ਬੱਚੇ ਨੂੰ ਵਿੱਦਿਆ ਦਾ ਦਾਨ ਦਿੱਤਾ ਜਾਵੇ ਤਾਂ ਉਹ ਆਪਣੀਆਂ ਆਉਣ ਵਾਲੀਆਂ ਕੁਲਾਂ ਦਾ ਜੀਵਨ ਸੁਧਾਰ ਸਕਦਾ ਹੈ। ਸਿੱਖ ਕੌਂਸਲ ਆਫ ਸਕਾਟਲੈਂਡ ਵੱਲੋਂ ਕਰਵਾਏ ਇਸ ਸਮਾਗਮ ਦੌਰਾਨ ਬੱਚਿਆਂ ਨੇ ਵੱਖ ਵੱਖ ਖੇਡਾਂ ਵਿੱਚ ਹਿੱਸਾ ਲੈ ਕੇ ਨਾਲ ਹੀ ਸਿਕਲੀਗਰ ਵਣਜਾਰੇ ਸਿੱਖਾਂ ਦੇ ਬੱਚਿਆਂ ਲਈ ਫੰਡ ਵੀ ਇਕੱਤਰ ਕੀਤਾ। ਇਸ ਸਮੇਂ ਸ੍ਰ: ਸੁਲੱਖਣ ਸਿੰਘ, ਗੁਰਦੀਪ ਸਿੰਘ ਸਮਰਾ, ਡਾ: ਇੰਦਰਜੀਤ ਸਿੰਘ, ਸਰਦਾਰਾ ਸਿੰਘ ਜੰਡੂ, ਜਗਦੀਸ਼ ਸਿੰਘ ਵੱਲੋਂ ਜਿੱਥੇ ਵਲੰਟੀਅਰਾਂ ਦਾ ਧੰਨਵਾਦ ਕੀਤਾ ਗਿਆ ਉੱਥੇ ਇਸ ਸਮੇਂ ਪਹੁੰਚੇ ਮਾਪਿਆਂ ਅਤੇ ਬੱਚਿਆਂ ਦਾ ਵੀ ਬਹੁਤ ਧੰਨਵਾਦ ਕੀਤਾ ਗਿਆ, ਜਿਹਨਾਂ ਨੇ ਇਸ ਸਮਾਗਮ ਵਿੱਚ ਵਧ ਚੜ੍ਹ ਕੇ ਹਿੱਸਾ ਲਿਆ। ਜ਼ਿਕਰਯੋਗ ਹੈ ਕਿ ਸਿੱਖ ਕੌਂਸਿਲ ਆਫ਼ ਸਕਾਟਲੈਂਡ ਨੇ ਐਲਬਰਟ ਡਰਾਈਵ ਗੁਰਦੁਆਰਾ ਵਿਖੇ ਫੰਡ ਰੇਜ਼ਿੰਗ ਸਮਾਗਮ ਵਿੱਚ 4000 ਪੌਂਡ ਦੀ ਸਹਾਇਤਾ ਰਾਸ਼ੀ ਇਕੱਤਰ ਕੀਤੀ।

# ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੀ ਗਿਆਰਵੀਂ ਵਰ੍ਹੇ-ਗੰਢ 'ਤੇ ਮੁਬਾਰਕਬਾਦ



ਡਾ. ਪਰਗਟ ਸਿੰਘ ਬੱਗਾ
ਫ਼ੋਨ: 905-531-8901

'ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ', ਯਾਨੀ ਕਿ ਇਕ ਐਸਾ ਸਮਰੱਥ ਨਾਂ, ਜਿਸਨੇ ਅਜੋਕੇ ਸਮੇਂ ਦੀਆਂ ਸਾਹਿਤਕ ਅਤੇ ਸਮਾਜਿਕ ਲੋੜਾਂ ਦੇ ਅਨੁਕੂਲ ਆਪਣੀ ਕਾਰਜਸ਼ੀਲਤਾ ਦੀ ਪ੍ਰਕਿਰਿਆ ਨੂੰ ਬਾ-ਕਾਇਦਾ ਬਰਕਰਾਰ ਰੱਖਿਆ ਹੋਇਆ ਹੈ। ਖ਼ੁਸ਼ੀ ਦੀ ਹੀ ਨਹੀਂ, ਬਲਕਿ ਹੈਰਾਨੀ ਦੀ ਗੱਲ ਹੈ ਕਿ ਗੁਰੂ ਨਾਨਕ ਪਾਤਸ਼ਾਹ ਦੀਆਂ ਬਰਕਤਾਂ ਅਤੇ ਬਖ਼ਸ਼ਿਸ਼ਾਂ ਸਦਕਾ 'ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ' ਨੇ ਕੈਨੇਡਾ ਦੀ ਧਰਤੀ 'ਤੇ 20 ਨਵੰਬਰ, 2022 ਨੂੰ ਗਿਆਰਾਂ ਸਾਲਾਂ ਦਾ ਲੰਮਾਂ ਪੈਂਡਾ ਤੈਅ ਕਰ ਲਿਆ ਹੈ।

ਗਿਆਰਾਂ ਸਾਲਾਂ ਦਾ ਤੈਅ ਕੀਤਾ ਗਿਆ ਇਹ ਸਫ਼ਰ ਮਹਿਜ਼ ਇਕ ਲੰਮਾਂ ਪੈਂਡਾ ਹੀ ਨਹੀਂ ਹੈ, ਬਲਕਿ ਟੋਰਾਂਟੋ ਦੀ ਧਰਤੀ 'ਤੇ ਸਾਹਿਤਕ ਤੇ ਸਮਾਜਿਕ ਗਤੀਵਿਧੀਆਂ ਨੂੰ ਬਿਹਤਰੀਨ ਬਣਾਉਣ ਦੇ ਉੱਦਮ ਵਿਚ ਸਿਰਜਿਆ ਗਿਆ ਇਕ ਸੁਨਹਿਰੀ ਇਤਿਹਾਸ ਵੀ ਹੈ। 'ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ' ਵੱਲੋਂ ਅਤੀਤ ਵਿਚ ਮਿੱਥੇ ਗਏ ਟੀਚੇ ਅਤੇ ਉਨ੍ਹਾਂ ਨੂੰ ਬਾਖ਼ੂਬੀ ਨੇਪਰੇ ਚੜ੍ਹਾਉਣ ਵਿਚ ਮਿਲੀ, ਅਥਾਹ ਸਫ਼ਲਤਾ ਦਾ ਜਦੋਂ ਅਸੀਂ ਲੇਖਾ-ਜੋਖਾ ਕਰਦੇ ਹਾਂ ਤਾਂ ਸਾਡੇ ਦਿਲਾਂ ਅੰਦਰ, ਇਕ ਗਹਿਰੀ ਸੰਤੁਸ਼ਟੀ ਦਾ ਅਹਿਸਾਸ ਪੈਦਾ ਹੁੰਦਾ ਹੈ ਜੋ ਦਰਸਾਉਂਦਾ ਹੈ ਕਿ ਇਸ ਸੰਸਥਾ ਦੀ ਸਮੁੱਚੀ ਵਿਕਾਸ-ਯਾਤਰਾ ਵਿਚ ਮਹੱਤਵਪੂਰਨ ਵਾਧਾ ਹੋਇਆ ਹੈ!

'ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ' ਦੀ ਸਮੁੱਚੀ ਕਾਰਜਕਾਰਨੀ ਵਿਚ ਸਿੱਖਿਆ-ਸ਼ਾਸਤਰੀ, ਸਾਹਿਤਕਾਰ, ਵਿਦਵਾਨ, ਪ੍ਰੋਫ਼ੈਸਰ ਸਾਹਿਬਾਨ੍, ਮੀਡੀਆ-ਕਰਮੀ, ਤਜਾਰਤੀ ਸੱਜਣ, ਫ਼ਾਈਨੈਂਸ਼ੀਅਲ ਐਡਵਾਈਜ਼ਰ, ਡੀਫੈਂਸ ਅਤੇ ਭਾਰਤੀ ਬੈਂਕਾਂ ਤੋਂ ਸੇਵਾ-ਮੁਕਤ ਆਲ੍ਹਾ-ਦਰਜੇ ਦੇ ਅਧਿਕਾਰੀਆਂ ਤੋਂ ਇਲਾਵਾ ਕਈ ਕਾਨੂੰਨਦਾਨ ਵੀ ਸ਼ਾਮਲ ਹਨ. ਜੋ ਵੱਖ-ਵੱਖ ਖ਼ੇਤਰਾਂ ਵਿਚ ਆਪਣੀ ਜ਼ਿੰਦਗੀ ਦੇ ਅਹਿਮ-ਅਨੁਭਵਾਂ ਦੁਆਰਾ ਇਸ ਸੰਸਥਾ ਨੂੰ ਵਿਕਾਸ ਦੀਆਂ ਬੁਲੰਦੀਆਂ 'ਤੇ ਪਹੁੰਚਾਉਣ ਲਈ ਪ੍ਰੇਰਣਾ-ਸ੍ਰੋਤ ਹਨ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ 'ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ' ਦਾ ਹਰ ਸ਼ਖ਼ਸ ਜਨੂੰਨ-ਏ-ਖ਼ਿਦਮਤ ਨੂੰ ਆਪਣਾ "ਗੁਰੂ" ਮੰਨਦਾ ਹੈ ਅਤੇ ਇਸ ਸੰਸਥਾ ਦੇ ਮਿਹਨਤਕਸ਼ ਮੈਂਬਰਾਂ ਨੇ ਅੱਜ ਇਹ ਸਿੱਧ ਕਰ ਵਿਖਾਇਆ ਹੈ ਕਿ ਸਮੁੱਚੇ ਜੀਟੀਏ ਦੇ ਅੰਦਰ ਸਿਰਫ਼ ਤੇ ਸਿਰਫ਼ 'ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ' ਹੀ ਮਹਿਜ਼ ਇਕ ਐਸੀ ਸਮਰੱਥ ਸੰਸਥਾ ਹੈ ਜਿਸ ਦੇ ਕੋਲ ਮਾਂ-ਬੋਲੀ ਪੰਜਾਬੀ ਦੇ ਪ੍ਰਚਾਰ, ਪਸਾਰ ਤੇ ਵਿਸਥਾਰ ਲਈ ਸਾਰੇ ਦੇ ਸਾਰੇ ਗੁਣ ਮੌਜੂਦ ਹਨ।

ਸਭਾ ਵੱਲੋਂ ਹਰ ਮਹੀਨੇ ਦੇ ਤੀਸਰੇ ਐਤਵਾਰ ਬਾਅਦ ਦੁਪਹਿਰ ਦੋ ਵਜੇ ਤੋਂ ਪੰਜ ਵਜੇ ਤੱਕ ਸਮਾਗ਼ਮ ਕੀਤਾ ਜਾਂਦਾ ਹੈ ਜਿਸ ਵਿਚ ਆਉਣ ਲਈ ਸਮੂਹ ਸਾਹਿਤਕਾਰਾਂ ਤੇ ਸਾਹਿਤ-ਪ੍ਰੇਮੀਆਂ ਨੂੰ ਸੱਦਾ ਦਿੱਤਾ ਜਾਂਦਾ ਹੈ। ਇਨ੍ਹਾਂ ਸਮਾਗ਼ਮਾਂ ਵਿਚ ਉੱਘੇ ਸਾਹਿਤਕਾਰਾਂ ਨਾਲ ਰੂ-ਬ-ਰੂ ਕੀਤੇ ਜਾਂਦੇ ਹਨ, ਸਾਹਿਤ ਦੀਆਂ ਵੱਖ-ਵੱਖ ਵਿਧਾਆਂ 'ਤੇ ਚਰਚਾ ਕੀਤੀ ਜਾਂਦੀ ਹੈ, ਪੁਸਤਕਾਂ ਲੋਕ-ਅਰਪਿਤ ਕੀਤੀਆਂ ਜਾਂਦੀਆਂ ਹਨ ਤੇ ਉਨ੍ਹਾਂ ਉੱਪਰ ਚਰਚਾ ਕੀਤੀ ਜਾਂਦੀ ਹੈ, ਵੱਖ-ਵੱਖ ਵਿਸ਼ਿਆਂ 'ਤੇ ਸੈਮੀਨਾਰ ਕਰਵਾਏ ਜਾਂਦੇ ਹਨ ਅਤੇ ਕਵੀ-ਦਰਬਾਰ ਕੀਤੇ ਜਾਂਦੇ ਹਨ।

ਸਮਾਗ਼ਮਾਂ ਦਾ ਇਹ ਸਿਲਸਿਲਾ ਪਿਛਲੇ ਗਿਆਰਾਂ ਸਾਲ ਤੋਂ ਨਿਰੰਤਰ ਜਾਰੀ ਹੈ ਅਤੇ ਇਹ ਸਿਲਸਿਲਾ ਸਭਾ ਵੱਲੋਂ ਸੰਸਾਰ-ਭਰ ਵਿੱਚ ਫ਼ੈਲੀ ਕਰੋਨਾ ਮਹਾਂਮਾਰੀ ਦੇ ਦੋ ਸਾਲਾਂ ਤੋਂ ਵਧੀਕ ਸਮੇਂ ਦੌਰਾਨ ਵੀ ਜ਼ੂਮ-ਮਾਧਿਅਮ ਰਾਹੀਂ ਬਾਕਾਇਦਾ ਬਰਕਰਾਰ ਰੱਖਿਆ ਗਿਆ। ਦੇਸ਼-ਵਿਦੇਸ਼ ਤੋਂ ਸਾਹਿਤਕਾਰ ਅਤੇ ਸਾਹਿਤ-ਪ੍ਰੇਮੀ ਇਨ੍ਹਾਂ ਜ਼ੂਮ-ਮੀਟਿੰਗਾਂ ਵਿਚ ਸ਼ਾਮਲ ਹੁੰਦੇ ਰਹ ਅਤੇ ਸਭਾ ਦੇ ਮੈਂਬਰਾਂ ਦੀ ਹੌਸਲਾ-ਅਫ਼ਜ਼ਾਈ ਕਰਦੇ ਰਹੇ। ਸਭਾ ਲਈ ਇਹ ਬੇਹੱਦ ਤਸੱਲੀ ਵਾਲੀ ਗੱਲ ਹੈ ਕਿ ਉਸ ਨੂੰ ਸਾਹਿਤ-ਪ੍ਰੇਮੀਆਂ ਵੱਲੋਂ ਭਰਪੂਰ ਹੁੰਗਾਰਾ ਮਿਲ ਰਿਹਾ ਹੈ।

CANADIAN PUNJABI SAHIT SABHA TORONTO

ਇਹ ਜੱਗ ਤਾਂ ਰੇਲਾਂ ਦਾ ਜੰਕਸ਼ਨ ਹੈ, ਗੱਡੀ ਇੱਕ ਆਉਂਦੀ - ਇਕ ਜਾਂਦੀ ਹੈ। ਨਿਤਾ-ਪ੍ਰਤੀ ਦੇ ਜੀਵਨ ਵਿੱਚ ਅਸੀਂ ਵੇਖਦੇ ਹਾਂ ਕਿ ਇਸ ਦੁਨੀਆਂ 'ਤੇ ਮਨੁੱਖ ਆਉਂਦਾ ਹੈ ਅਤੇ ਆਪਣੇ ਜੀਵਨ ਦਾ ਸਫ਼ਰ ਮੁਕਾ ਕੇ ਇੱਥੋਂ ਚਲਾ ਜਾਂਦਾ ਹੈ। ਕੋਈ ਇਸ ਜੀਵਨ ਨੂੰ ਪਾਣੀ ਦਾ ਬੁਲਬਲਾ ਕਹਿੰਦਾ ਹੈ ਤੇ ਕੋਈ ਪਾਣੀ ਵਿੱਚ ਪਤਾਸਾ, ਕੋਈ ਤ੍ਰੇਲ ਦੀ ਬੂੰਦ ਆਖਦਾ ਹੈ ਤੇ ਕੋਈ ਰੇਤ ਦਾ ਮਕਾਨ। ਪਰ ਸਾਰੇ ਹੀ ਆਪੋ ਆਪਣੇ ਹਿਸਾਬ ਨਾਲ ਦਰੁੱਸਤ ਹਨ। ਮੇਰੀ ਜਾਚੇ ਇਹ ਧਰਤੀ ਮਿਲ ਬੈਠਣ ਖ਼ਾਤਰ ਘੱਟ ਅਤੇ ਵਿਛੜਨ ਖ਼ਾਤਰ ਜ਼ਿਆਦਾ ਹੈ। ਜਦਕਿ ਹਕੀਕਤ ਇਹ ਹੈ ਕਿ ਮਨੁੱਖ ਚਲੇ ਜਾਣ ਵਾਸਤੇ ਹੀ ਆਉਂਦਾ ਹੈ। ਚਾਹੀਦਾ ਤਾਂ ਇਹ ਹੈ ਕਿ ਮਨੁੱਖ ਨਿੱਜੀ ਸੁਆਰਥਾਂ ਤੋਂ ਉੱਪਰ ਉੱਠ ਕੇ ਦੂਸਰਿਆਂ ਦੇ ਕੰਮ ਆਏ ਅਤੇ ਸਮਾਜ ਕਲਿਆਣ ਦੇ ਕੰਮ ਕਰੇ।

ਮੇਰੇ ਹਮ-ਕਲਮ ਦੋਸਤੋ! ਆਓ, ਨਿੱਜ ਤੋਂ ਉੱਪਰ ਉੱਠ ਕੇ ਸਮਾਜ-ਕਲਿਆਣ ਲਈ, ਮਨੁੱਖਤਾ ਦੇ ਭਲੇ ਲਈ, ਇਸ ਦੇਸ਼ ਦੀ ਤਰੱਕੀ ਲਈ ਅਤੇ ਆਪਣੇ ਚਲੇ ਜਾਣ ਤੋਂ ਮਗਰੋਂ ਯਾਦ ਆਉਣ-ਯੋਗ ਕੁੱਝ ਐਸਾ ਯਾਦਗਾਰੀ ਲਿਖ ਜਾਈਏ ਜੋ ਇਸ ਦੁਨੀਆਂ ਨੂੰ ਸੁਨਹਿਰਾ ਅਤੇ ਖ਼ੂਬਸੂਰਤ ਬਣਾਉਣ ਹਿਤ ਆਪਣੇ ਸਾਰਿਆਂ ਵੱਲੋਂ ਸੁਗੰਧੀਆਂ ਭਰਿਆ ਯੋਗਦਾਨ ਬਣ ਜਾਵੇ।

# ਪ੍ਰਸਿੱਧ ਗਾਇਕ ਕੁਲਦੀਪ ਪੁਰੇਵਾਲ ਦਾ ਸਕਾਟਲੈਂਡ ਵਿਚ ਸਨਮਾਨ



ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ) 1990 ਦੇ ਦਹਾਕੇ ਦੇ ਨੇੜ ਤੇੜ ਕੁਲਦੀਪ ਪੁਰੇਵਾਲ ਨਾਮ ਦੀ ਬੁਲੰਦ ਆਵਾਜ਼ ਦਾ ਆਗਮਨ ਹੋਇਆ ਤਾਂ "ਹਾਏ ਰੱਬਾ ਸੋਹਣਿਆਂ ਨੂੰ ਕੀ ਮਿਲਦਾ, ਆਸ਼ਕਾਂ ਨੂੰ ਐਨਾ ਤੜਫਾ ਕੇ" ਗੀਤ ਗਲੀਆਂ ਮੁਹੱਲਿਆਂ 'ਚ ਗੂੰਜ ਉੱਠਿਆ। ਕੈਸੇਟਾਂ ਵਾਲੇ ਦੌਰ ਵਿੱਚ ਹਿੱਟ ਗੀਤਾਂ ਰਾਹੀਂ ਸਰਗਰਮ ਰਹੇ ਗਾਇਕ ਕੁਲਦੀਪ ਪੁਰੇਵਾਲ ਹੁਣ ਵੀ ਓਨੀ ਹੀ ਸਰਗਰਮੀ ਨਾਲ ਹੀ ਗਾਇਕੀ ਖੇਤਰ ਵਿੱਚ ਹਾਜ਼ਰ ਹਨ। ਆਪਣੇ ਨਵੇਂ ਗੀਤ ਦੀ ਵੀਡੀਓ ਦੇ ਫਿਲਮਾਂਕਣ ਲਈ ਸਕਾਟਲੈਂਡ ਪਹੁੰਚੇ ਕੁਲਦੀਪ ਪੁਰੇਵਾਲ ਦੀ ਆਮਦ 'ਤੇ ਉਹਨਾਂ ਦੇ ਮਿੱਤਰਾਂ ਵੱਲੋਂ ਬਹੁਤ ਹੀ ਪਿਆਰ ਸਹਿਤ ਜੀ ਆਇਆਂ ਨੂੰ ਕਿਹਾ ਗਿਆ। ਇਸ ਸਮੇਂ ਸਕਾਟਲੈਂਡ ਦੇ ਉੱਘੇ ਕਾਰੋਬਾਰੀ ਲਖਵੀਰ ਸਿੰਘ ਸਿੱਧੂ ਤੇ ਪਰਮਜੀਤ ਸਿੰਘ ਪੁਰੇਵਾਲ, ਸੋਢੀ ਬਾਗੜੀ ਦੀ ਅਗਵਾਈ ਵਿੱਚ ਸ਼ਾਲ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ। ਪੰਜ ਦਰਿਆ ਟੀਮ ਵੱਲੋਂ ਤਿਆਰ ਵਿਸ਼ੇਸ਼ ਪ੍ਰਸੰਸਾ ਪੱਤਰ ਲਖਵੀਰ ਸਿੰਘ ਸਿੱਧੂ ਵੱਲੋਂ ਭੇਂਟ ਕੀਤਾ ਗਿਆ। ਇਸ ਸਮੇਂ ਬੋਲਦਿਆਂ ਲਖਵੀਰ ਸਿੰਘ ਸਿੱਧੂ ਨੇ ਕਿਹਾ ਕੁਲਦੀਪ ਪੁਰੇਵਾਲ ਨੇ ਹਮੇਸ਼ਾ ਹੀ ਸਮੇਂ ਦੀ ਨਬਜ਼ ਟੋਂਹਦੇ ਗੀਤ ਗਾਏ ਹਨ, ਇਹੀ ਵਜ੍ਹਾ ਹੈ ਕਿ ਉਹ ਨਿਰੰਤਰ ਆਪਣੇ ਪ੍ਰਸੰਸਕਾਂ ਦੇ ਦਿਲਾਂ ਵਿੱਚ ਵਸੇ ਹੋਏ ਹਨ। ਉਹਨਾਂ ਕਿਹਾ ਕਿ ਸਕਾਟਲੈਂਡ ਵਸਦੇ ਉਹਨਾਂ ਦੇ ਸਮੂਹ ਮਿੱਤਰਾਂ ਨੂੰ ਕੁਲਦੀਪ ਪੁਰੇਵਾਲ ਦੀਆਂ ਪ੍ਰਾਪਤੀਆਂ 'ਤੇ ਅਕਹਿ ਤੇ ਅਥਾਹ ਮਾਣ ਹੈ। ਪਰਮਜੀਤ ਸਿੰਘ ਪੁਰੇਵਾਲ ਨੇ ਕਿਹਾ ਕਿ ਕੁਲਦੀਪ ਪੁਰੇਵਾਲ ਨੇ ਜਿੱਥੇ ਪੰਜਾਬ ਰਹਿੰਦਿਆਂ ਗਾਇਕੀ ਦਾ ਸੁਨਹਿਰੀ ਦੌਰ ਮਾਣਿਆ ਹੈ ਤੇ ਇੱਕ ਤੋਂ ਬਾਅਦ ਇੱਕ ਹਿੱਟ ਗੀਤ ਗਾਏ ਉੱਥੇ ਯੂਕੇ ਵਸਣ ਉਪਰੰਤ ਵੀ ਆਪਣੇ ਸੰਗੀਤਕ ਸਫ਼ਰ ਵਿੱਚ ਖੜੋਤ ਨਹੀਂ ਆਉਣ ਦਿੱਤੀ। ਸਨਮਾਨ ਉਪਰੰਤ ਗਾਇਕ ਕੁਲਦੀਪ ਪੁਰੇਵਾਲ ਨੇ ਕਿਹਾ ਕਿ ਸਕਾਟਲੈਂਡ ਜਿੱਥੇ ਕੁਦਰਤੀ ਨਜ਼ਾਰਿਆਂ ਕਰਕੇ ਖ਼ੂਬਸੂਰਤ ਹੈ ਉੱਥੇ ਮਾਣਮੱਤੇ ਯਾਰਾਂ ਕਰਕੇ ਹੋਰ ਵੀ ਵਧੇਰੇ ਖ਼ੂਬਸੂਰਤ ਹੈ। ਕਾਮਨਾ ਕਰਦਾ ਹਾਂ ਕਿ ਇਹਨਾਂ ਦੋਸਤਾਂ ਮਿੱਤਰਾਂ ਦੀਆਂ ਮਹਿਫਲਾਂ ਇਉਂ ਹੀ ਲਗਦੀਆਂ ਰਹਿਣ। ਇਸ ਸਮੇਂ ਲਖਵੀਰ ਸਿੰਘ ਸਿੱਧੂ, ਬੌਬੀ ਨਿੱਝਰ, ਜਸਪ੍ਰੀਤ ਖਹਿਰਾ, ਕੁਲਵੰਤ ਸਹੋਤਾ, ਸਰਬਜੀਤ ਪੱਡਾ, ਅਮਨ ਜੌਹਲ, ਦੀਪ ਗਿੱਲ, ਸੋਢੀ ਬਾਗੜੀ, ਪਰਮਜੀਤ ਪੁਰੇਵਾਲ, ਗੈਰੀ ਸਿੱਧੂ, ਮੰਗਲ ਸਿੰਘ ਕੂਨਰ, ਪ੍ਰਾਨ ਪੱਲੀ, ਸੁਖ ਸਿੰਧਰ, ਮੋਹਨ ਸਿੰਧਰ, ਅੰਮ੍ਰਿਤਪਾਲ ਸਿੰਧਰ, ਸ਼ੀਰਾ ਚਾਹਲ, ਤਾਜ਼ੀ ਪੱਡਾ, ਬੌਬੀ ਸਮਰਾ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਫਿਲਮੀ ਦੁਨੀਆ

# ਅਕਸ਼ੈ ਕਰਨਗੇ ਭਾਰਤੀ ਨਾਇਕ ਜਸਵੰਤ ਸਿੰਘ ਗਿੱਲ ਦੀ ਬਹਾਦਰੀ ਪੇਸ਼

ਪੂਜਾ ਐਂਟਰਟੇਨਮੈਂਟ ਤੇ ਅਕਸ਼ੈ ਕੁਮਾਰ ਜਲਦੀ ਹੀ ਇਕ ਭਾਰਤੀ ਹੀਰੋ ਦੀ ਬਹਾਦਰੀ ਨੂੰ ਦਰਸ਼ਕਾਂ ਸਾਹਮਣੇ ਪੇਸ਼ ਕਰਨਗੇ। ਕੇਂਦਰੀ ਕੋਲਾ ਤੇ ਖਾਣਾਂ ਬਾਰੇ ਮੰਤਰੀ ਭਾਰਤ ਸਰਕਾਰ ਪ੍ਰਹਿਲਾਦ ਜੋਸ਼ੀ ਨੇ ਇਸ ਦਿਨ ਟਵਿੱਟਰ ’ਤੇ ਮਰਹੂਮ ਗਿੱਲ ਨੂੰ ਯਾਦ ਕੀਤਾ। ਸਕਰੀਨ ’ਤੇ ਅਜਿਹੀ ਸਨਮਾਨਜਨਕ ਭੂਮਿਕਾ ਨਿਭਾਉਣ ਦੇ ਮੌਕੇ ਤੋਂ ਪ੍ਰਭਾਵਿਤ ਹੋ ਕੇ, ਅਕਸ਼ੈ ਕੁਮਾਰ ਨੇ ਆਪਣੀ ਖੁਸ਼ੀ ਜ਼ਾਹਰ ਕਰਦੇ ਹੋਏ ਲਿਖਿਆ, ਇਹ ਇਕ ਅਜਿਹੀ ਕਹਾਣੀ ਹੈ ਜਿਵੇਂ ਕੋਈ ਹੋਰ ਨਹੀਂ! ਆਪਣੇ ਸੋਸ਼ਲ ਮੀਡੀਆ ਹੈਂਡਲ ’ਤੇ ਘੋਸ਼ਣਾ ਬਾਰੇ ਸ਼ੇਅਰ ਕਰਦੇ ਹੋਏ, ਵਾਸ਼ੂ ਭਗਨਾਨੀ ਨੇ ਰੀਟਵੀਟ ਕੀਤਾ ਕਿ ਦਿਲਚਸਪ ਗੱਲ ਇਹ ਹੈ ਕਿ ਫਿਲਮ ਦਾ ਨਿਰਦੇਸ਼ਨ ਟੀਨੂੰ ਸੁਰੇਸ਼ ਦੇਸਾਈ ਕਰਨਗੇ, ਜੋ ਪਹਿਲਾਂ ਰਾਸ਼ਟਰੀ ਪੁਰਸਕਾਰ ਜੇਤੂ ਫਿਲਮ ‘ਰੁਸਤਮ’ ’ਚ ਅਕਸ਼ੈ ਕੁਮਾਰ ਨਾਲ ਕੰਮ ਕਰ ਚੁੱਕੇ ਹਨ। ਇਹ ਸੁਪਰਸਟਾਰ ਮਾਈਨਿੰਗ ਇੰਜੀਨੀਅਰ ਜਸਵੰਤ ਸਿੰਘ ਗਿੱਲ ਦੀ ਅਸਲ ਜ਼ਿੰਦਗੀ ਦੀ ਕਹਾਣੀ ਨੂੰ ਪਰਦੇ ਤੇ ਲਿਆਉਣ ਲਈ ਪੂਰੀ ਤਰ੍ਹਾਂ ਤਿਆਰ ਹੈ, ਜਿਸ ਨੇ 1989 ’ਚ ਇਕ ਕੋਲੇ ਦੀ ਖ਼ਾਨ ’ਚ ਫਸੇ ਮਾਈਨਰਾਂ ਨੂੰ ਮੁਸ਼ਕਿਲ ਹਲਾਤਾਂ ’ਚ ਬਚਾਇਆ ਸੀ। ਇਹ ਭਾਰਤ ਦਾ ਪਹਿਲਾ ਕੋਲ ਮਾਈਨ ਰੈਸਕਿਊ ਹੈ। ਅਕਸ਼ੈ ਕੁਮਾਰ ਇਸ ਤੋਂ ਪਹਿਲਾਂ ਕਈ ਫਲਾਪ ਫਿਲਮਾਂ ਦੇ ਚੁੱਕੇ ਹਨ। ਦੇਖਿਆ ਜਾਵੇਗਾ ਕਿ ਇਸ ਵਿਚ ਸਫਲਤਾ ਮਿਲੇਗੀ ਜਾਂ ਨਹੀਂ।






# ਰਾਜਕੁਮਾਰ ਰਾਓ ਦੀ ਆਉਣ ਵਾਲੀ ਫਿਲਮ ‘ਸ਼੍ਰੀ’ ਦਾ ਨਿਰਮਾਣ ਸ਼ੁਰੂ



ਫਿਲਮ ਅਦਾਕਾਰ ਰਾਜਕੁਮਾਰ ਰਾਓ ਦੀ ਆਉਣ ਵਾਲੀ ਫਿਲਮ ‘ਸ਼੍ਰੀ’ ਦਾ ਨਿਰਮਾਣ ਸ਼ੁਰੂ ਹੋ ਗਿਆ ਹੈ, ਇਹ ਫਿਲਮ ਨੇਤਰਹੀਣ ਉਦਯੋਗਪਤੀ ਸ਼੍ਰੀਕਾਂਤ ਬੋਲਾ ਦੇ ਜੀਵਨ ’ਤੇ ਆਧਾਰਿਤ ਹੈ। ਇਸ ਫਿਲਮ ਦਾ ਨਿਰਦੇਸ਼ਨ ਤੁਸ਼ਾਰ ਹੀਰਾਨੰਦਾਨੀ ਵੱਲੋਂ ਕੀਤਾ ਜਾਵੇਗਾ ਤੇ ਭੂਸ਼ਣ ਕੁਮਾਰ ਅਤੇ ਨਿਧੀ ਪਰਮਾਰ ਹੀਰਾਨੰਦਾਨੀ ਫਿਲਮ ਦੇ ਨਿਰਮਾਤਾ ਹਨ। ਇਸ ਫਿਲਮ ਵਿੱਚ ਅਲਾਇਆ ਐਫ, ਜਯੋਤਿਕਾ ਅਤੇ ਸ਼ਰਦ ਕੇਲਕਰ ਵੀ ਨਜ਼ਰ ਆਉਣਗੇ। ਕੁਮਾਰ ਦੇ ਪ੍ਰੋਡਕਸ਼ਨ ਬੈਨਰ ਟੀ-ਸੀਰੀਜ਼ ਨੇ ਇੰਸਟਾਗ੍ਰਾਮ ’ਤੇ ਇਸ ਫਿਲਮ ਦੇ ਮਹੂਰਤ ਸਮਾਰੋਹ ਦੀਆਂ ਤਸਵੀਰਾਂ ਸਾਂਝੀਆਂ ਕੀਤੀਆਂ। ਇਹ ਫਿਲਮ ਨੇਤਰਹੀਣ ਉਦਯੋਗਪਤੀ ਦੀ ਪ੍ਰੇਰਨਾਦਾਇਕ ਕਹਾਣੀ ਨੂੰ ਬਿਆਨ ਕਰੇਗੀ ਜਿਸ ਨੇ ਆਪਣੀ ਦ੍ਰਿਸ਼ਟੀ ਦੀ ਕਮਜ਼ੋਰੀ ਨੂੰ ਆਪਣੀ ਸਫਲਤਾ ਦੇ ਰਾਹ ਵਿੱਚ ਨਹੀਂ ਆਉਣ ਦਿੱਤਾ। ਇਸ ਤੋਂ ਪਹਿਲਾਂ ਰਾਓ ਦੀ ਹਾਲ ਹੀ ਵਿੱਚ ਨੈੱਟਫਲਿਕਸ ’ਤੇ ਫਿਲਮ ‘ਮੋਨਿਕਾ, ਓ ਮਾਈ ਡਾਰਲਿੰਗ’ ਰਿਲੀਜ਼ ਹੋਈ ਸੀ। ਉਹ ਜਾਹਨਵੀ ਕਪੂਰ ਨਾਲ ‘ਮਿਸਟਰ ਐਂਡ ਮਿਸਿਜ਼ ਮਾਹੀ’, ਅਨੁਭਵ ਸਿਨਹਾ ਦੀ ਫਿਲਮ ‘ਭੀੜ’ ਅਤੇ ਨੈੱਟਫਲਿਕਸ ਸੀਰੀਜ਼ ‘ਗੰਨਜ਼ ਐਂਡ ਗੁਲਾਬਜ਼’ ਵਿਚ ਕੰਮ ਕਰ ਰਿਹਾ ਹੈ।

# ਤੁਸ਼ਾਰ ਕਪੂਰ ਅਤੇ ਨਸੀਰੂਦੀਨ ਸ਼ਾਹ ਦੀ ਫ਼ਿਲਮ ‘ਮਰੀਚ’ ਦਾ ਆਇਆ ਟਰੇਲਰ



ਰਹੱਸਮਈ ਰੋਮਾਂਚਕ ਫ਼ਿਲਮ ‘ਮਰੀਚ’ ਦਾ ਅਧਿਕਾਰਤ ਟਰੇਲਰ ਅੱਜ ਫਿਲਮ ਨਿਰਮਾਤਾਵਾਂ ਵੱਲੋਂ ਰਿਲੀਜ਼ ਕੀਤਾ ਗਿਆ। ਤੁਸ਼ਾਰ ਐਂਟਰਟੇਨਮੈਂਟ ਹਾਊਸ ਨੇ ਇੰਸਟਾਗ੍ਰਾਮ ’ਤੇ ਟਰੇਲਰ ਸਾਂਝਾ ਕੀਤਾ ਜਿਸ ਦੀ ਕੈਪਸ਼ਨ ’ਚ ਲਿਖਿਆ ਹੈ, ‘ਦੋ ਕਤਲ, ਛੇ ਸ਼ੱਕੀ ਅਤੇ ਕਾਤਲਾਂ ਦੀ ਤਲਾਸ਼ ’ਚ ਇੱਕ ਨਿਡਰ ਸਿਪਾਹੀ। ਦੋਸ਼ੀਆਂ ਨੂੰ ਫੜਨ ਲਈ ਦੌੜ ਸ਼ੁਰੂ। ਹੁਣ ‘ਮਰੀਚ’ ਦਾ ਟਰੇਲਰ ਦੇਖੋ। ਮਰੀਚ 9 ਦਸੰਬਰ ਨੂੰ ਸਿਨੇਮਘਰਾਂ ’ਚ ਦਿਖੇਗੀ।’’ ਡਾਇਰੈਕਟਰ ਧਰੁਵ ਲਾਥੇਰ ਵੱਲੋਂ ਨਿਰਦੇਸ਼ਿਤ ਫ਼ਿਲਮ ‘ਮਰੀਚ’ 9 ਦਸੰਬਰ ਨੂੰ ਸਿਨੇਮਾਘਰਾਂ ’ਚ ਰਿਲੀਜ਼ ਹੋਣ ਲਈ ਤਿਆਰ ਹੈ। ਫ਼ਿਲਮ ਵਿੱਚ ਤੁਸ਼ਾਰ ਕਪੂਰ ਤੋਂ ਇਲਾਵਾ ਨਸੀਰੂਦੀਨ ਸ਼ਾਹ ਵੀ ਅਹਿਮ ਭੂਮਿਕਾ ’ਚ ਨਜ਼ਰ ਆਏਗਾ। ਫ਼ਿਲਮ ਬਾਰੇ ਗੱਲ ਕਰਦਿਆਂ ਪਹਿਲਾਂ ਤੁਸ਼ਾਰ ਕਪੂਰ ਨੇ ਕਿਹਾ ਸੀ, ‘‘ਇਹ ਫ਼ਿਲਮ ਬਹੁਤ ਸਾਰੇ ਕਾਰਨਾਂ ਕਰ ਕੇ ਮੇਰੇ ਦਿਲ ਦੇ ਨੇੜੇ ਹੈ।

ਪ੍ਰੋਡਿਊਸਰ ਵਜੋਂ ਲਕਸ਼ਮੀ ਤੋਂ ਬਾਅਦ ‘ਮਰੀਚ’ ਮੇਰੀ ਦੂਜੀ ਫ਼ਿਲਮ ਹੈ ਅਤੇ ਮੈਂ ਬਹੁਤ ਸਮੇਂ ਮਗਰੋਂ ਨਸੀਰੂਦੀਨ ਸ਼ਾਹ ਹੁਰਾਂ ਨਾਲ ਕੰਮ ਰਿਹਾ ਹਾਂ। ਇੱਕ ਅਦਾਕਾਰ ਵਜੋਂ ਕਈ ਪੱਧਰਾਂ ’ਤੇ ਇਹ ਫ਼ਿਲਮ ਮੇਰੇ ਲਈ ਇੱਕ ਚੁਣੌਤੀ ਸੀ ਕਿਉਂਕਿ ਇਹ ਮੇਰੇ ਪਹਿਲਾਂ ਕੀਤੇ ਕੰਮ ਨਾਲੋਂ ਬਹੁਤ ਵੱਖਰੀ ਹੈ। ਮੈਨੂੰ ਉਮੀਦ ਹੈ ਕਿ ਦਰਸ਼ਕਾਂ ਨੂੰ ਮੇਰਾ ਇਹ ਨਵਾਂ ਰੂਪ ਪਸੰਦ ਆਵੇਗਾ।’’ ਅਦਾਕਾਰ ਵਜੋਂ ਤੁਸ਼ਾਰ ਕਪੂਰ ‘ਮਰੀਚ’ ਰਾਹੀਂ ਚਾਰ ਸਾਲਾਂ ਮਗਰੋਂ ਵੱਡੇ ਪਰਦੇ ’ਤੇ ਵਾਪਸੀ ਕਰ ਰਿਹਾ ਹੈ। ਆਖਰੀ ਵਾਰ ਉਹ ਰੋਹਿਤ ਸ਼ੈੱਟੀ ਦੀ ਫ਼ਿਲਮ ‘ਸਿੰਬਾ’ ਦੇ ਗਾਣੇ ‘ਆਂਖ ਮਾਰੇ’ ਵਿੱਚ ਨਜ਼ਰ ਆਇਆ ਸੀ।



# ਆਥੀਆ-ਕੇ ਐੱਲ ਰਾਹੁਲ ਜਲਦੀ ਹੀ ਵਿਆਹ ਦੇ ਬੰਧਨ ਵਿੱਚ ਬੱਝਣਗੇ

ਅਦਾਕਾਰ ਸੁਨੀਲ ਸ਼ੈੱਟੀ ਨੇ ਹਾਲ ਹੀ ਵਿੱਚ ਪੁਸ਼ਟੀ ਕੀਤੀ ਹੈ ਕਿ ਆਥੀਆ ਅਤੇ ਕੇਐਲ ਰਾਹੁਲ ਜਲਦੀ ਹੀ ਵਿਆਹ ਦੇ ਬੰਧਨ ਵਿੱਚ ਬੱਝਣ ਜਾ ਰਹੇ ਹਨ। ਦਰਅਸਲ, ਸੁਨੀਲ ਦੀ ਕ੍ਰਾਈਮ ਥ੍ਰਿਲਰ ਸੀਰੀਜ਼ ‘ਧਾਰਵੀ ਬੈਂਕ’ ਦੇ ਲਾਂਚ ਈਵੈਂਟ ‘ਚ ਉਨ੍ਹਾਂ ਤੋਂ ਉਨ੍ਹਾਂ ਦੀ ਬੇਟੀ ਦੇ ਵਿਆਹ ਬਾਰੇ ਪੁੱਛਿਆ ਗਿਆ ਸੀ। ਤਾਂ ਇਸ ਦੇ ਜਵਾਬ ‘ਚ ਉਨ੍ਹਾਂ ਨੇ ਕੁਝ ਅਜਿਹਾ ਕਹਿ ਦਿੱਤਾ ਜਿਸ ਤੋਂ ਇਹ ਪੁਸ਼ਟੀ ਹੋ ਗਈ ਹੈ ਕਿ ਦੋਵੇਂ ਜਲਦ ਹੀ ਵਿਆਹ ਕਰਨ ਜਾ ਰਹੇ ਹਨ।

ਉਨ੍ਹਾਂ ਨੂੰ ਪੁੱਛਿਆ ਗਿਆ ਕਿ ਕੇਐੱਲ ਰਾਹੁਲ ਅਤੇ ਆਥੀਆ ਦਾ ਵਿਆਹ ਕਦੋਂ ਹੋਵੇਗਾ। ਉਨ੍ਹਾਂ ਨੇ ਜਵਾਬ ਵਿੱਚ ਕਿਹਾ ਕਿ ਇਹ ਜਲਦੀ ਹੀ ਹੋਵੇਗਾ। ਹੁਣ ਸੁਨੀਲ ਦੇ ਜਵਾਬ ਤੋਂ ਲੱਗਦਾ ਹੈ ਕਿ ਦੋਵੇਂ ਜਲਦ ਹੀ ਵਿਆਹ ਕਰਨ ਜਾ ਰਹੇ ਹਨ। ਇਹ ਪਹਿਲੀ ਵਾਰ ਨਹੀਂ ਹੈ ਜਦੋਂ ਸੁਨੀਲ ਨੇ ਆਥੀਆ ਅਤੇ ਕੇਐਲ ਰਾਹੁਲ ਦੇ ਰਿਸ਼ਤੇ ‘ਤੇ ਗੱਲ ਕੀਤੀ ਹੈ। ਇਸ ਤੋਂ ਪਹਿਲਾਂ ਵੀ ਉਨ੍ਹਾਂ ਨੇ ਇਕ ਇੰਟਰਵਿਊ ਦੌਰਾਨ ਗੱਲਬਾਤ ਦੌਰਾਨ ਕਿਹਾ ਸੀ, ‘ਆਥੀਆ ਮੇਰੀ ਬੇਟੀ ਹੈ ਅਤੇ ਉਹ ਇਕ ਦਿਨ ਜ਼ਰੂਰ ਵਿਆਹ ਕਰੇਗੀ। ਇਹ ਉਸਦੀ ਚੋਣ ਹੈ। ਜਿੱਥੋਂ ਤੱਕ ਕੇਐੱਲ ਰਾਹੁਲ ਦਾ ਸਵਾਲ ਹੈ, ਮੈਨੂੰ ਉਹ ਵਿਅਕਤੀ ਪਸੰਦ ਹੈ। ਇਹ ਉਨ੍ਹਾਂ ‘ਤੇ ਨਿਰਭਰ ਕਰਦਾ ਹੈ ਕਿ ਉਹ ਕੀ ਕਰਨਾ ਚਾਹੁੰਦੇ ਹਨ, ਕਿਉਂਕਿ ਸਮਾਂ ਬਦਲ ਗਿਆ ਹੈ। ਮੇਰੀ ਬੇਟੀ ਅਤੇ ਬੇਟਾ ਦੋਵੇਂ ਹੁਣ ਜ਼ੁੰਮੇਵਾਰ ਹੋ ਗਏ ਹਨ। ਮੈਂ ਚਾਹੁੰਦਾ ਹਾਂ ਕਿ ਉਹ ਕੋਈ ਵੀ ਫੈਸਲਾ ਲਵੇ, ਮੇਰਾ ਆਸ਼ੀਰਵਾਦ ਹਮੇਸ਼ਾ ਉਸ ਦੇ ਨਾਲ ਹੈ।

ਰਾਹੁਲ ਅਤੇ ਆਥੀਆ ਕਰੀਬ ਤਿੰਨ ਸਾਲਾਂ ਤੋਂ ਇੱਕ ਦੂਜੇ ਨੂੰ ਡੇਟ ਕਰ ਰਹੇ ਹਨ। ਦੋਵੇਂ ਅਕਸਰ ਇੱਕ ਦੂਜੇ ਨਾਲ ਛੁੱਟੀਆਂ ਮਨਾਉਣ ਜਾਂਦੇ ਹਨ। ਲੰਬੇ ਸਮੇਂ ਤੱਕ ਦੋਵਾਂ ਨੇ ਆਪਣੇ ਰਿਸ਼ਤੇ ਨੂੰ ਗੁਪਤ ਰੱਖਿਆ। ਆਥੀਆ ਨੂੰ ਅਕਸਰ ਅੰਤਰਰਾਸ਼ਟਰੀ ਕ੍ਰਿਕਟ ਮੈਚਾਂ ਵਿੱਚ ਕੇਐਲ ਰਾਹੁਲ ਦੇ ਨਾਲ ਦੇਖਿਆ ਜਾਂਦਾ ਹੈ। ਆਥੀਆ ਨੇ 2015 ‘ਚ ਸੂਰਜ ਪੰਚੋਲੀ ਨਾਲ ਫਿਲਮ ‘ਹੀਰੋ’ ਨਾਲ ਬਾਲੀਵੁੱਡ ‘ਚ ਡੈਬਿਊ ਕੀਤਾ ਸੀ। ਇਸ ਦੇ ਨਾਲ ਹੀ ਉਨ੍ਹਾਂ ਨੇ ਦੋ ਹੋਰ ਫਿਲਮਾਂ ‘ਚ ਵੀ ਕੰਮ ਕੀਤਾ ਹੈ।



# ਰਣਦੀਪ ਹੁੱਡਾ ਦੀ 'ਕੈਟ' ਵਿਚ ਪੰਜਾਬ ਨੂੰ ਦਿਖਾਇਆ ਨਸ਼ਿਆਂ ਦਾ ਗੜ੍ਹ

ਬਾਲੀਵੁੱਡ ਅਦਾਕਾਰ ਰਣਦੀਪ ਹੁੱਡਾ ਆਪਣੀ ਵੈੱਬ ਸੀਰੀਜ਼ '' ਵੱਡੇ ਪਰਦੇ 'ਤੇ ਵਾਪਸੀ ਕਰਨ ਜਾ ਰਹੇ ਹਨ। ਰਣਦੀਪ ਦੀ ਵੈੱਬ ਸੀਰੀਜ਼ 'ਕੈਟ' ਦਾ ਟਰੇਲਰ ਰਿਲੀਜ਼ ਹੋਇਆ ਹੈ, ਜਿਸ 'ਚ ਰਣਦੀਪ ਪੰਜਾਬ 'ਚ ਨਸ਼ਾ ਤਸਕਰੀ 'ਚ ਫਸੇ ਆਪਣੇ ਭਰਾ ਨੂੰ ਬਚਾਉਂਦਾ ਨਜ਼ਰ ਆ ਰਿਹਾ ਹੈ। ਦੱਸ ਦਈਏ ਕਿ 'ਕੈਟ' ਮਸ਼ਹੂਰ ਓ.ਟੀ.ਟੀ. ਨੈੱਟਫਲੈਕਸ ਪਲੇਟਫਾਰਮ 'ਤੇ ਰਿਲੀਜ਼ ਹੋਵੇਗੀ। ਇਸ ਵੈਬ ਸੀਰੀਜ਼ ਵਿਚ ਪੰਜਾਬ ਨੂੰ ਨਸ਼ਿਆਂ ਦੇ ਗੜ੍ਹ ਵਜੋਂ ਪੇਸ਼ ਕੀਤਾ ਗਿਆ ਹੈ।

ਰਣਦੀਪ ਹੁੱਡਾ ਨੇ ਕਾਫ਼ੀ ਸਮੇਂ ਤੋਂ ਫਿਲਮੀ ਦੁਨੀਆ ਤੋਂ ਦੂਰੀ ਬਣਾਈ ਹੋਈ ਸੀ। ਅਜਿਹੇ 'ਚ ਹੁਣ ਰਣਦੀਪ ਵੈੱਬ ਸੀਰੀਜ਼ 'ਕੈਟ' ਰਾਹੀਂ ਵਾਪਸੀ ਕਰਨ ਲਈ ਤਿਆਰ ਹਨ। ਓ.ਟੀ.ਟੀ. ਨੈੱਟਫਲੈਕਸ ਪਲੇਟਫਾਰਮ ਨੇ ਆਪਣੇ ਅਧਿਕਾਰਤ ਚੈਨਲ 'ਤੇ 'ਕੈਟ' ਦਾ ਨਵੀਨਤਮ ਟਰੇਲਰ ਰਿਲੀਜ਼ ਕੀਤਾ ਹੈ। 1 ਮਿੰਟ 40 ਸੈਕਿੰਡ ਦੇ 'ਕੈਟ' ਦੇ ਇਸ ਟਰੇਲਰ ਨੂੰ ਦੇਖਣ ਤੋਂ ਬਾਅਦ ਤੁਹਾਨੂੰ ਪਤਾ ਲੱਗੇਗਾ ਕਿ ਰਣਦੀਪ ਹੁੱਡਾ ਦੀ ਇਸ ਸੀਰੀਜ਼ 'ਚ ਪੰਜਾਬ ਦੀ ਡਰੱਗ ਤਸਕਰੀ ਦੀ ਕਹਾਣੀ ਦਿਖਾਈ ਗਈ ਹੈ। ਰਣਦੀਪ ਹੁੱਡਾ ਦਾ ਛੋਟਾ ਭਰਾ ਇਸ ਨਸ਼ਾ ਤਸਕਰੀ 'ਚ ਫਸ ਜਾਂਦਾ ਹੈ ਅਤੇ ਪੁਲਸ ਉਸ ਨੂੰ ਗ੍ਰਿਫ਼ਤਾਰ ਕਰ ਲੈਂਦੀ ਹੈ। ਅਜਿਹੇ 'ਚ ਰਣਦੀਪ ਹੁੱਡਾ ਪੁਲਸ ਦਾ ਅੰਡਰ ਸਪੈਸ਼ਲ ਕਾਪ 'ਕੈਟ' ਬਣ ਕੇ ਪੰਜਾਬ 'ਚ ਨਸ਼ਿਆਂ ਦੀ ਤਸਕਰੀ ਨੂੰ ਕਿਵੇਂ ਬੇਨਕਾਬ ਕਰਦਾ ਹੈ, ਇਹ ਦੇਖਣ ਵਾਲੀ ਗੱਲ ਹੈ। ਸਰਦਾਰ ਦੇ ਲੁੱਕ 'ਚ ਰਣਦੀਪ ਹੁੱਡਾ ਕਾਫ਼ੀ ਖ਼ੂਬਸੂਰਤ ਲੱਗ ਰਹੇ ਹਨ। ਰਣਦੀਪ ਹੁੱਡਾ ਸੀਰੀਜ਼ ਕੈਟ 'ਚ ਗੁਰਨਾਮ ਸਿੰਘ ਦਾ ਕਿਰਦਾਰ ਨਿਭਾਅ ਰਹੇ ਹਨ।

ਰਣਦੀਪ ਦੀ 'ਕੈਟ' ਅਗਲੇ ਮਹੀਨੇ 9 ਦਸੰਬਰ ਨੂੰ ਆਨਲਾਈਨ ਸਟ੍ਰੀਮਿੰਗ ਓ.ਟੀ.ਟੀ. ਨੈੱਟਫਲੈਕਸ ਪਲੇਟਫਾਰਮ 'ਤੇ ਕੀਤੀ ਜਾਵੇਗੀ। ਇਸ ਸੀਰੀਜ਼ 'ਚ ਰਣਦੀਪ ਹੁੱਡਾ ਤੋਂ ਇਲਾਵਾ ਕਾਵਿਆ ਥਾਪਰ, ਦਾਨਿਸ਼ ਸੂਦ, ਕੇਪੀ ਸਿੰਘ ਅਤੇ ਗੀਤਾ ਅਗਰਵਾਲ ਵਰਗੇ ਕਈ ਫ਼ਿਲਮੀ ਸਿਤਾਰੇ ਹਨ।


Urgently Need New Listings in Brampton/Caledon
visit: www.teamjagaujla.com
Call JAG AUJLA
MCNE, REAL ESTATE BROKER
DIR: 416-371-7777
j.aujla@rogers.com
www.jagaujla.com
Follow Us:
CALL JAG FOR A QUICK & FREE HOME EVALUATION
www BramptonTopRealtor.com
www BramptonTopAgent.com
URGENTLY NEED NEW LISTINGS IN THIS AREA
RECENTLY LISTED/SOLD IN YOUR NEIGHBOURHOOD BY JAG AUJLA
HOUSE FOR LEASE IN CALEDON
KENNEDY/ NEW HOUSE/ DOUGALL AVE.
2500-3000 sq feet ਦਾ Detached ਘਰ
$3,700/month (4 ਬੈੱਡਰੂਮ + 1 ਡੇਨ+ 4 ਵਾਸ਼ਰੂਮ)
ਮੇਨ ਫਲੋਰ ਤੇ 10 ਫੁੱਟ ਦੀ ਸੀਲੀਂਗ
2nd ਫਲੋਰ ਤੇ 9 ਫੁੱਟ ਦੀ ਸੀਲੀਂਗ
ਪੂਰਾ ਘਰ $4700/month with unfurnished ਬੇਸਮੇਂਟ
HWY 410, ਸਕੂਲ, ਬਸ ਸਟੋਪ ਅਤੇ ਪਲਾਜੇ ਦੇ ਨੇੜੇ
1ਸਾਲ ਦੀ Lease, Credit Report, Full Rental App.
First & Last month + Key Deposit
LISTED IN BRAMPTON
MAYFIELD / MCLAUGHLIN
Detached ਘਰ ਬਹੁਤ ਹੀ ਸੁੰਦਰ ਏਰੀਏ ਵਿੱਚ
3+1 ਬੈੱਡਰੂਮ + 4 ਵਾਸ਼ਰੂਮ
1 ਬੈੱਡਰੂਮ Legal Finished Basement with Seperate Entrance
9 ਫੁੱਟ ਦੀ ਸੀਲੀਂਗ
ਸਟੈਂਡਰਡ ਓਕ ਸਟੈਅਰ ਕੇਸ
ਮੇਨ ਕਮਰੇ ਵਿਚ ਸਟੇਨਡ ਹਾਰਡਵੁੱਡ
ਗ੍ਰੇਨਾਈਟ ਕਾਊਂਟਰਟੌਪਸ ਨਾਲ ਅਪਗ੍ਰੇਡ ਕੀਤੀ ਕਿਚਨ
ਮਾਸਟਰ ਬੈੱਡਰੂਮ ਵਿਚ 4 ਪੀਸੀ ਐਨਸੂਏਟ ਅਤੇ ਵਾਕ ਇਨ ਅਲਮਾਰੀ
HWY 410, ਸਕੂਲ, ਬਸ ਸਟੋਪ ਅਤੇ ਪਲਾਜੇ ਦੇ ਨੇੜੇ
LISTED IN BRAMPTON
CASTLEMORE/ HUMBERWEST/AIRPORT
1500-2000 sq feet ਦਾ ਘਰ
3+1 ਬੈੱਡਰੂਮ + 4 ਵਾਸ਼ਰੂਮ + 2 ਕਿਚਨ with Legal Finished ਬੇਸਮੈਂਟ ਅਪਾਰਟਮੈਂਟ with Seperate Entrance
ਬੇਸਮੈਂਟ $1300 ਦੇ ਕਰਿਾਏ' ਤੇ ਦਿਤੀ ਹੈ
Extended ਡਰਾਈਵਵੇਅ
ਮਾਸਟਰ ਬੈੱਡਰੂਮ ਵਿਚ 4 ਪੀਸੀ ਐਨਸੁਏਟ ਅਤੇ ਵਾਕ ਇਨ ਅਲਮਾਰੀ
FREE
Full MLS Services
Consistently Marketing Your Property Until SOLD
Staging Consultation
Billboard, Flyer, Newspaper
Online Promotion
Professional Pictures and Virtual Tour
Social media & Radio Advertisement
Open House Until Sold
Competitive Rates, Exceptional Service & Award Winning Results
RE/MAX Realty Specialists Inc. Brokerage
Off: 905-456-3232
Call JAG AUJLA DIR:416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
SEPTEMBER 2022


Tri-City Professional Realty Inc., Brokerage.
The Future of Real Estate
www.TriCityPro.com
Number 1. Tri-City agent in Canada on basis of sales volume 2021
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 36 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ
NEED MORE LISTINGS
Free Evaluation of your Property
Special Packages for First Time Buyer
Arrangement of Low Mortgage rate Lawyer
Arrangement of Home Inspection
Tel: 905.793.5777
Avtar Singh Tiwana
Sales Representative
416.802.5866
31 Melanie Dr. Unit #4 Brampton, ON L6T 5H8
SOLD
$1,399,999
CASTLEMORE/GOREWAY
SOLD
$1,749,900
8337 ਗਲਫ ਲਾਈਨ
416-802-5866
SOLD
$1,950,000
26 Yellow RomeRd


ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com


ORDER ONLINE TODAY !!!
WWW.ASIANFOODCENTRE.COM
FREE PICK UP!!!
HOME DELIVERY ALSO AVAILABLE !!!
ASIAN FOOD CENTRE
VEGETARIAN FOOD
HEALTHY EATING
FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas
SERVING FROM ALL LOCATIONS IN GTA AREA:
10 Westmore Drive
Etobicoke ON M9V-3Z7
416-740-3262
21 Lacoste Blvd,
Brampton, ON L6P 2K2
905 794-8109
621 Wanless drive, # 122
Brampton ON L7A 0A9
905-495-3336
1075 Ceremonial Drive
Mississauga ON L5R 2Z4
905-502-1600
80 Pertosa Drive
Brampton ON L5X-5E9
905-460-0009
10510 Torbram Road,
Brampton
905-790-0030
2120 North park Drive
Brampton ON L6S 0C9
905-793-1338
10 Pannahill Dr,
Brampton
905 913-8017